# ਵਰਿਆਮ

ਮਾਰਚ ੧੯੮੫




ਨਾਮ ਸਿੰਘ ਬਾਲਕ ਪੈ ਪਾਲਕ ਪੈਗੰਬਰੋਂ ਕੇ
ਅੰਬਰੋਂ ਕੇ ਮਾਲਕ ਅੰਡਬਰੋਂ ਕੇ ਤਿਆਗੀ ਹੈਂ
—ਗਿ: ਗਿਆਨ ਸਿੰਘ

ਵਿਸ਼ੇਸ਼ ਹੋਲਾ ਅੰਕ

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com



ਸਤਿਗੁਰੂ ਜਗਜੀਤ ਸਿੰਘ ਜੀ
ਜਿਨ੍ਹਾਂ ਦੀ ਛਤਰ-ਛਾਇਆ ਹੇਠ ਦਿਲੀ ਵਿਚ ਦੂਜੀ ਵਾਰ ਨਾਮਧਾਰੀ ਹੋਲਾ ਮਹਲਾ ਹੋ ਰਿਹਾ ਹੈ।



Sri Satguru Jagjit Singh Ji eLibrary NamdhariElibrary@gmail.com

| | |
|---|---|
| ਸੰਪਾਦਕੀ/ਨਾਮਧਾਰੀ ਹੋਲਾ ਮਹੱਲਾ ਦਿੱਲੀ ... | ੩ |
| ਗੁਰੂ ਬਾਲਕ ਸਿੰਘ ਜੀ/ਮਾ: ਨਿਹਾਲ ਸਿੰਘ ... | ੬ |
| ਗੁਰਮੁਖਾਂ ਦਾ ਮੇਲਾ/ਜਗਦੀਸ਼ ਸਿੰਘ ... | ੧੩ |
| ਅਨੰਦਪੁਰ ਦਾ ਹੋਲਾ ਮਹੱਲਾ ੧੯੮੭/ ਸ: ਨਾਹਰ ਸਿੰਘ ... | ੧੭ |
| ਕੂਕਿਆਂ ਦੇ ਮਹਾਰਾਜਾ ਦਲੀਪ ਸਿੰਘ ਨਾਲ ਸਬੰਧ/ ਡਾ: ਫੌਜਾ ਸਿੰਘ ... | ੨੧ |
| ਇੰਦਰਾ ਗਾਂਧੀ ਕਦੋਂ ਮਰੀ ਹੁੰਦੀ/ ਜਗਜੀਤ ਸਿੰਘ ਅਨੰਦ | ੨੫ |
| ਗਜ਼ਲ/ਫੈਜ਼ ਅਹਿਮਦ ਫੈਜ਼ ... | ੨੭ |
| ਸੰਗੀਤਕ ਵਾਰਤਾਲਾਪ/ਜਗਦੀਸ਼ ਸਿੰਘ ... | ੨੯ |
| ਦੋ ਜੁਆਰਤੀ ਭਾਸ਼ਣ/ਸ: ਹਰਭਜਨ ਸਿੰਘ ... | ੩੩ |
| ਸਾਖੀ ਭਾਈ ਰਾਮ ਸਹਾਇ ਜੀ/ਚਕ੍ਰਵਰਤੀ ... | ੩੪ |
| ਨਾਮਧਾਰੀ ਅੰਦੋਲਨ/ਜੁਗਿੰਦਰ ਪਾਲ ਸੇਵਕ ... | ੩੫ |
| ਸਤਿਗੁਰ ਕੀ ਐਸੀ ਵਡਿਆਈ/ਜਗਦੀਸ਼ ਸਿੰਘ | ੪੪ |
| ਬੀਤੇ ਦੀਆਂ ਪੈੜਾਂ/ਪ੍ਰੀਤਮ ਸਿੰਘ ਕਵੀ | (੪੬੭) |


## ਮੁਖ ਪੰਨੇ ਦਾ ਚਿੱਤਰ

ਸਤਿਗੁਰੂ ਬਾਲਕ ਸਿੰਘ ਜੀ ਜਿਨ੍ਹਾਂ ਦਾ ਪ੍ਰਕਾਸ਼ ਦਿਵਸ ਨਾਮਧਾਰੀ ਹੋਲਾ ਸਮਾਗਮ ਨੂੰ ਹੋਰ ਵੀ ਮਹਾਨਤਾ ਬਖਸ਼ਦਾ ਹੈ।


| ਦਫਤਰ ਦਾ ਪਤਾ : | Office Address |
|---|---|
| ਮਾਸਕ ਵਰਿਆਮ | Monthly WARIAM |
| ਲਾਡੋਵਾਲੀ ਰੋਡ | (Punjabi) |
| ਜਲੰਧਰ-੧੪੪੦੦੧ | Ladowali Road |
| ਫੋਨ : ੭੨੫੦੪ ਪੀ. ਪੀ. | Jalandhar-144001 |
| | Phone : 72504 PP |


## ਵਰਿਆਮ ਦੇ ਨਵੇਂ ਦਰ

| | | |
|---|---|---|
| ਇਕ ਪ੍ਰਤੀ | | ੨-੫੦ ਰੁਪਏ |
| ਸਾਲਾਨਾ ਚੰਦਾ | | ੨੫-੦੦ ਰੁਪਏ |
| ਤਿੰਨ ਸਾਲ ਵਾਸਤੇ | | ੬੫-੦੦ ,, |
| ਪੰਜ ਸਾਲ ਵਾਸਤੇ | | ੧੦੦-੦੦ ,, |
| ਲਾਈਫ ਮੈਂਬਰ | | ੩੦੦-੦੦ ,, |
| ਬਾਹਰਲੇ ਦੇਸ਼ : | ਹਵਾਈ ਡਾਕ | ੨੦੦-੦੦ ,, |
| | ਸਮੁੰਦਰੀ | ੬੦-੦੦ ,, |
| ਅਰਬ-ਅਫਰੀਕਾ ਤੇ ਯੂਰਪ | ਹਵਾਈ ਡਾਕ | ੨੫੦-੦੦ ,, |
| | ਸਮੁੰਦਰੀ | ੭੫-੦੦ ,, |
| ਅਮਰੀਕਾ : ਕੈਨੇਡਾ : | ਹਵਾਈ ਡਾਕ | ੩੦੦-੦੦ ,, |
| | ਸਮੁੰਦਰੀ ਡਾਕ | ੭੫-੦੦ ,, |



ਨਾਮਧਾਰੀ ਹੋਲਾ ਮਹਲਾ ਕਮੇਟੀ ਦੇ ਪ੍ਰਧਾਨ ਸ: ਹਰਵਿੰਦਰ ਸਿੰਘ ਹੰਸਪਾਲ ਐਮ. ਪੀ. ਇਹ ਸਮਾਗਮ ਰਾਜਾ ਗਾਰਡਨ ਚੌਕ ਦਿਲੀ ਵਿਖੇ ੮ ਤੋਂ ੧੧ ਮਾਰਚ ਨੂੰ ਹੋ ਰਿਹਾ ਹੈ।

## 'ਵਰਿਆਮ ਦੀ ਮਲਕੀਅਤ ਤੇ ਹੋਰ ਵੇਰਵੇ ਸਬੰਧੀ ਬਿਆਨ

| | | |
|---|---|---|
| ੧. | ਪ੍ਰਕਾਸ਼ਨ ਸਥਾਨ | ਜਲੰਧਰ |
| ੨. | ਪ੍ਰਕਾਸ਼ਨ-ਕਾਲ | ਮਾਸਕ |
| ੩. | ਛਾਪਕ ਦਾ ਨਾਮ | ਜਗਦੀਸ਼ ਸਿੰਘ |
| | ਨਾਗਰਿਕਤਾ | ਭਾਰਤੀ |
| ੪. | ਪ੍ਰਕਾਸ਼ਕ ਦਾ ਨਾਮ | ਜਗਦੀਸ਼ ਸਿੰਘ |
| | ਨਾਗਰਿਕਤਾ | ਭਾਰਤੀ |
| ੫. | ਸੰਪਾਦਕ ਦਾ ਨਾਮ | ਜਗਦੀਸ਼ ਸਿੰਘ |
| | ਨਾਗਰਿਕਤਾ | ਭਾਰਤੀ |
| ੫. | ਉਹਨਾਂ ਵਿਅਕਤੀਆਂ ਦੇ ਨਾਮ ਤੇ ਪਤੇ ਜੋ ਸਮਾਚਾਰ ਪਤਰ ਦੇ ਮਾਲਕ ਹੋਣ ਅਤੇ ਸਾਰੀ ਪੂੰਜੀ ਦੇ ਇਕ ਪ੍ਰਤੀਸ਼ਤ ਤੋਂ ਵਧ ਦੇ ਭਾਈਵਾਲ ਜਾਂ ਹਿਸੇਦਾਰ ਹੋਣ | ਜਗਦੀਸ਼ ਸਿੰਘ |

ਮੈਂ ਜਗਦੀਸ਼ ਸਿੰਘ ਐਲਾਨ ਕਰਦਾ ਹਾਂ ਕਿ ਮੇਰੀ ਵਧ ਤੋਂ ਵਧ ਜਾਣਕਾਰੀ ਅਤੇ ਵਿਸ਼ਵਾਸ ਦੇ ਅਨੁਸਾਰ ਉਪਰ ਦਿਤੇ ਗਏ ਵੇਰਵੇ ਸੱਚ ਹਨ।

(ਸਹੀ) ਜਗਦੀਸ਼ ਸਿੰਘ

ਮਿਤੀ ੨੯-੨-੯੫


Sri Satguru Jagjit Singh Ji eLibrary NamdhariElibrary@gmail.com

https://archive.org/details/namdhari

ਵਰਿਆਮ | ਜਿਲਦ ਨੰ: ੧੦ | ਮਾਰਚ ੧੯੮੫ | ਅੰਕ ਨੰ: ੫

# ਨਾਮਧਾਰੀ ਹੋਲਾ ਮਹਲਾ ਦਿੱਲੀ

ਦਿੱਲੀ ਵਿਚ ਨਾਮਧਾਰੀ ਸੰਗਤਾਂ ਹੋਲੇ ਮਹਲੇ ਦਾ ਸਮਾਗਮ ਤੀਸਰੀ ਵਾਰ ਕਰ ਰਹੀਆਂ ਹਨ। ਦਿੱਲੀ ਭਾਰਤ ਦੇ ਸਭ ਤੋਂ ਪ੍ਰਾਚੀਨ ਅਤੇ ਇਤਿਹਾਸਕ ਸ਼ਹਿਰਾਂ ਵਿਚੋਂ ਹੈ। ਇਹ ਕਈ ਵਾਰ ਢਹਿਣ ਵਾਲਾ ਅਤੇ ਅਨੇਕਾਂ ਵਾਰ ਮੁੜ ਉਸਰਨ ਵਾਲਾ ਸ਼ਹਿਰ ਆਪਣੇ ਵਿਚ ਕਈਆਂ ਸਭਿਤਾਵਾਂ ਦਾ ਸੁਮੇਲ ਸਮੋਈ ਬੈਠਾ ਹੈ। ਭਾਵੇਂ ਦਿੱਲੀ ਆਪਣੇ ਪੂਰੇ ਸ਼ਾਹੀ ਜਾਹੋ ਜਲਾਲ ਵਿਚ ਮੁਗਲ ਸਮਰਾਟ ਸ਼ਾਹਜਹਾਨ ਦੇ ਸਮੇਂ ਵਿਚ ਸਥਾਪਤ ਹੋਈ ਪਰ ਇਸ ਦੀ ਪ੍ਰਾਚੀਨਤਾ ਦੇ ਇਤਿਹਾਸ ਦੀਆਂ ਪੈੜਾਂ ਮਹਾਂਭਾਰਤ ਦੇ ਕਾਲ ਤਕ ਚਲੀਆਂ ਜਾਂਦੀਆਂ ਹਨ। ਖੋਜੀਆਂ ਦਾ ਵਿਚਾਰ ਹੈ ਕਿ ਪਾਂਡਵਾਂ ਦਾ ਬਹੁ-ਚਰਚਿਤ ਸ਼ਹਿਰ ਇੰਦਰ ਪ੍ਰਸਥ ਦਰਿਆ ਜਮਨਾ ਦੇ ਕਿਨਾਰੇ ਅਜ ਕਲ ਦੇ ਕੋਟਲਾ ਫੀਰੋਜ਼ਸ਼ਾਹ ਅਤੇ ਹਮਾਯੂੰ ਦੇ ਮਕਬਰੇ ਦੇ ਦਰਮਿਆਨ ਸੀ। ਕਿਹਾ ਜਾਂਦਾ ਹੈ ਕਿ ਅਜ ਕਲ ਦੇ ਨਿਗਮਬੋਧ ਘਾਟ ਤੇ ਹੀ ਪਾਂਡਵਾਂ ਨੇ ਅਸੁਮੇਧ ਜਗ ਕੀਤਾ ਸੀ। ਯੁਧਿਸ਼ਟਰ ਨੇ ਲੰਮਾ ਰਾਜ ਕੀਤਾ ਤੇ ਮਹਾਂਬਲੀ ਅਰਜਨ ਦੀਆਂ ਤੀਹ ਪੀੜ੍ਹੀਆਂ ਰਾਜ ਕਰਦੀਆਂ ਰਹੀਆਂ। ਪੰਦਰਾਂ ਪੀੜ੍ਹੀਆਂ ਗੌਤਮਾਂ ਦਾ ਰਾਜ ਰਿਹਾ। ਦਿੱਲੀ ਨੂੰ ਇਹਦਾ ਨਾਮ ਦੇਣ ਵਾਲਾ ਰਾਜਾ ਦਿਲੂ ਉਹਨੂੰ ਗੱਦੀਓਂ ਲਾਹੁਣ ਵਾਲਾ ਸਾਕਾ ਛਿੜੀਆ ਅਤੇ ਉਸ ਤੋਂ ਰਾਜ ਖੋਹਣ ਵਾਲਾ ਸ਼ਾਕਾ ਸੰਮਤ ਦਾ ਆਰੰਭਕ ਸਲੀਵਾਹਨ ਵੀ ਅਪਣੇ ਅਪਣੇ ਸਮੇਂ ਇਥੇ ਹੀ ਡੰਕੇ ਵਜਾ ਗਏ। ਭਾਵੇਂ ਖਾਨਦਾਨ ਮੌਰੀਆ ਮਹਾਨ ਅਸ਼ੋਕ ਅਤੇ ਬਾਅਦ ਦੇ ਹਿੰਦੂ ਰਾਜਿਆਂ ਨੇ ਦਿੱਲੀ ਨੂੰ ਰਾਜਧਾਨੀ ਨਾ ਬਣਾਇਆ ਅਤੇ ਪਾਟਲੀਪੁਤਰ ਪਟਨਾ ਦੀ ਅਹਿਮੀਅਤ ਬਣੀ ਰਹੀ ਅਤੇ ਤੋਮਰ ਰਾਜਿਆਂ ਤੇ ਪ੍ਰਿਥਵੀ ਰਾਜ ਚੋਹਾਨ ਵੇਲੇ ਲਾਹੌਰ ਰਾਜਸੀ ਸੱਤਾ ਦਾ ਗੜ੍ਹ ਰਿਹਾ ਪਰ ਦਿੱਲੀ ਉਤਰੀ ਭਾਰਤ ਦੇ ਲੋਕਾਂ ਦੀ ਖਿੱਚ ਦਾ ਸਦਾ ਹੀ ਕੇਂਦਰ ਰਿਹਾ।

ਪਠਾਨ ਅਤੇ ਮੁਗਲ ਹਮਲਾਵਰਾਂ ਵਾਸਤੇ ਦਿੱਲੀ ਏਡੀ ਕਸ਼ਿਸ਼ ਭਰਪੂਰ ਸੀ ਕਿ ਬਹੁਤੇ ਇਥੋਂ ਦੇ ਹੀ ਹੋ ਕੇ ਰਹਿ ਗਏ। ਮੁਸਲਮਾਨਾਂ ਦੇ ਰਾਜ ਕਾਲ ਵਿਚ ਅਨੇਕਾਂ ਖਾਨਦਾਨਾਂ ਦੇ ਤਹਿਤ ਵਿਚ ਦਿੱਲੀ ਰਹੀ। ਖਾਨਦਾਨ ਗੁਲਾਮਾਂ ਤੋਂ ਲੈ ਕੇ, ਖਿਲਜੀ, ਤੁਗਲਕ, ਸਈਯਦ, ਲੋਧੀ ਅਤੇ ਸੂਰ ਜਿਹੇ ਪਠਾਨ ਵੰਸ਼ਾਂ ਬਾਅਦ ਵਾਰੀ ਮੁਗਲਾਂ ਦੀ ਆਈ। ਮੁਗਲ ਕਾਲ ਤੋਂ ਦਿੱਲੀ ਦਾ ਨਾਤਾ ਸਿੱਖ ਇਤਿਹਾਸ ਨਾਲ ਵੀ ਜੁੜ ਗਿਆ। ਬਾਬਰ, ਹਮਾਯੂੰ, ਮਹਾਨ ਅਕਬਰ ਅਤੇ ਜਹਾਂਗੀਰ ਜਿਹੇ ਮਸ਼ਹੂਰ ਬਾਦਸ਼ਾਹਾਂ ਵੇਲੇ ਚਾਹੇ ਆਗਰੇ ਜਾਂ ਫਤਿਹਪੁਰ ਸੀਕਰੀ ਨੂੰ ਰਾਜਧਾਨੀ ਵਜੋਂ ਵਰਤਿਆ ਜਾਂਦਾ ਰਿਹਾ ਪਰ ਮੁੜ ਮੁੜ ਦਿੱਲੀ ਅਪਣੀ ਸਿਰਮੌਰਤਾ ਜਤਾਉਂਦੀ ਰਹੀ। ਸ਼ਾਹਜਹਾਨ ਨੇ ਇਥੇ ਸ਼ਾਹਜਹਾਨਾਬਾਦ ਵਸਾਇਆ, ਸ਼ਾਹੀ ਮਸਜਦ ਅਤੇ ਲਾਲ ਕਿਲਾ ਬਣਾਇਆ ਅਤੇ ਮੋਰ ਦੀ ਸ਼ਕਲ ਵਾਲੇ 'ਤਖਤੇ-ਏ-ਤਾਊਸ' ਤੇ ਬੈਠਾ। ਇਥੇ ਗੁਰੂ ਤੇਗ ਬਹਾਦਰ ਜੀ ਨੇ ਮੁਗਲ ਸਮਰਾਟ ਔਰੰਗਜ਼ੇਬ ਦੇ ਰਾਜ ਵਿਚ ਤਿਲਕ ਜੰਞੂ ਦੀ ਰਾਖੀ ਵਾਸਤੇ ਸੀਸ ਦੇ ਕੇ ਕਲਿਜੁਗ ਦਾ ਵੱਡਾ ਸਾਕਾ ਕੀਤਾ ਅਤੇ ਮੁਗਲਾਂ ਦਾ ਜਵਾਲ ਸ਼ੁਰੂ ਹੋਇਆ। ਇਥੇ ਹੀ ਬੰਦਾ ਬਹਾਦਰ ਨੇ ਅਪਣੇ ਸੂਰਬੀਰ ਜੋਧਿਆਂ ਨਾਲ ਅਪਣੀ ਬਹਾਦਰੀ ਨਾਲ ਧਰਤੀ ਲਾਲ ਕੀਤੀ। ਕਈ ਵਾਰ ਟੁੱਟੀ ਫੁੱਟੀ ਸੜੀ ਬਲੀ ਦਿੱਲੀ ਮੁੜ ਮੁੜ ਉਭਰਦੀ ਰਹੀ ਅਤੇ ਉਸਰਦੀ ਰਹੀ। ਤੈਮੂਰ, ਨਾਦਰ, ਅਬਦਾਲੀ ਨੇ



Sri Satguru Jagjit Singh Ji eLibrary NamdhariElibrary@gmail.com

ਇਥੇ ਖੂਨ ਦੀਆਂ ਨਦੀਆਂ ਵਹਾਈਆਂ। ਚੋਰ ਬਾਅਦ ਅੰਗਰੇਜ਼ਾਂ ਨੇ ੧੮੫੭ ਦੇ ਗਦਰੀਆਂ ਨੂੰ ਸਬਕ ਸਿਖਾਉਣ ਵਾਸਤੇ ਜਬਰ ਢਾਹੇ। ਰੁਹੇਲੇ ਤੇ ਮਰਹਟੇ ਵੀ ਦਿੱਲੀ ਦੇ ਤਖਤ ਤਕ ਪਹੁੰਚਦੇ ਰਹੇ ਅਤੇ ਸਿੱਖ ਵੀ ਦਿੱਲੀ ਤਖ਼ਤ ਦੇ ਆਲੇ ਦੁਆਲੇ ਗੇੜੇ ਕਟਦੇ ਰਹੇ। ਅੰਗਰੇਜ਼ਾਂ ਨੇ ਰਾਜਧਾਨੀ ਤਾਂ ਭਾਵੇਂ ਦਿੱਲੀ ਨੂੰ ਸੰਨ ੧੯੧੧ ਵਿਚ ਬਣਾਇਆ ਪਰ ਤਿੰਨ ਬਹੁਤ ਵੱਡੇ ਦਰਬਾਰ ਦਿੱਲੀ ਵਿਚ ਹੀ ਸਜਾਏ। ੧੫ ਅਗਸਤ ਤੋਂ ਦਿੱਲੀ ਇਕ ਸ਼ਕਤੀਸ਼ਾਲੀ ਆਜ਼ਾਦ ਭਾਰਤ ਦੀ ਰਾਜਧਾਨੀ ਅਤੇ ਸਾਰੀ ਦੁਨੀਆ ਵਿਚ ਆਜ਼ਾਦੀ ਦੀਆਂ ਲਹਿਰਾਂ ਵਾਸਤੇ ਪ੍ਰੇਰਨਾ ਸਰੋਤ ਬਣੀ। ਇਥੇ ਸੰਸਾਰ ਦੀਆਂ ਚੋਟੀਆਂ ਦੀਆਂ ਕਾਨਫਰੰਸਾਂ ਹੋਈਆਂ ਸੰਸਾਰ ਅਮਨ ਦੀ ਅਗਵਾਈ ਅਤੇ ਅਮਨ ਸ਼ਾਂਤੀ ਦਾ ਚਾਨਣ ਇਥੋਂ ਪ੍ਰਗਟਿਆ। ਗਾਂਧੀ ਨਹਿਰੂ ਅਤੇ ਇੰਦਰਾ ਜਿਹੇ ਮਹਾਨ ਨੀਤੀਵੇਤਾਵਾਂ ਦੀ ਕਰਮ ਭੂਮੀ ਦਿੱਲੀ ਵਿਚ ਨਾਮਧਾਰੀ ਅਪਣਾ ਕੋਈ ਆਯੋਜਨ ਕਰਨ ਤਾਂ ਇਸ ਦੀ ਅਹਿਮੀਅਤ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ।

ਦਿਲੀ ਪਿਛਲੇ ਦਿਨੀਂ ਮੁੜ ਇਕ ਵਾਰੀ ਅਤਿ ਦੇ ਦੁਖਦਾਈ ਅਤੇ ਭਿਆਨਕ ਦੌਰ ਵਿਚੋਂ ਲੰਘੀ ਹੈ। ਹਿੰਸਾ ਅਤੇ ਮੌਤ ਦੇ ਵਿਕਰਾਲ ਰੂਪ ਦੀ ਦਹਿਸ਼ਤ ਅਜੇ ਵੀ ਲੋਕਾਂ ਦੇ ਮਨਾਂ ਵਿਚ ਹੈ। ਅਜੇ ਦਿਲੀ ਮੁੜ ਆਪਣੇ ਪੈਰਾਂ ਤੇ ਖੜਨ ਦੇ ਜਤਨ ਵਿਚ ਹੀ ਹੈ। ਅਜਿਹੇ ਨਾਜ਼ਕ ਸਮੇਂ ਵਿਚ ਨਾਮਧਾਰੀ ਹੋਲਾ ਮਹੱਲਾ ਇਕ ਆਸ਼ਾ ਦੀ ਕਿਰਨ, ਇਕ ਅਮਨ ਸ਼ਾਂਤੀ ਦੇ ਸੁਖ ਸੁਨੇਹੇ ਵਾਂਗ ਲਗਦਾ ਹੈ।

ਗੁਰੂ ਅਮਰਦਾਸ ਜੀ ਦੀ ਬਾਣੀ ਰਾਹੀਂ ਸਵਾਲ ਜਵਾਬ ਹੋਇਆ ਹੈ।

ਨਾਨਕ ਸੋਹਾਗਣਿ ਕਾ ਕਿਆ ਚਿਹਨੁ ਹੈ
ਅੰਦਰਿ ਸਚੁ, ਮੁਖੁ ਉਜਲਾ ਖਸਮੈ ਮਾਹਿ ਸਮਾਹਿ

ਦਿਲੀ ਦੀ ਨਾਮਧਾਰੀ ਸੰਗਤ ਮੁਖ ਉਜਲੇ ਵਾਲੀ ਸੁਹਾਗਣ ਸਾਬਤ ਹੋ ਰਹੀ ਹੈ ਜਿਸ ਨੇ ਥੋਹੜੇ ਸਮੇਂ ਵਿਚ ਇਸ ਵਿਸ਼ਾਲ ਸ਼ਾਂਤੀ ਯਗ ਦਾ ਆਯੋਜਨ ਕੀਤਾ ਹੈ। ਨਾਮਧਾਰੀ ਪੰਥ ਦਾ ਦਿਲੀ ਵਿਚ ਪਹਿਲਾ ਵਿਰਾਟ ਹੋਲਾ ਮਹੱਲਾ ਸਮਾਗਮ ੧੯੫੬ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਮਹਾਨ ਛਤਰ ਛਾਇਆ ਹੇਠ ਹੋਇਆ। ਦੂਸਰੀ ਵਾਰ ੧੯੬੬ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦੀ ਛਤਰ ਛਾਇਆ ਥਲੇ ਇਤਿਹਾਸਕ ਪੈਂਠ ਵਾਲਾ ਹੋਲਾ ਹੋਇਆ ਸੀ ਜਿਸ ਦੀ ਯਾਦ ਨੇ ਦਿਲੀ ਅਤੇ ਦੇਸ਼ ਦੇ ਅਧਿਆਤਮਕ ਤੇ ਸਭਿਆਚਾਰਕ ਜੀਵਨ ਤੇ ਗੂੜਾ ਅਸਰ ਪਾਇਆ ਸੀ। ਵਖ ਵਖ ਸੰਮੇਲਨਾਂ ਜਿਵੇਂ ਸਰਵ ਧਰਮ ਸੰਮੇਲਨ, ਅਮਨ ਸਮਾਗਮ, ਸੰਗੀਤ ਸਭਾ ਕਵੀ ਦਰਬਾਰ ਅਖੰਡ ਕੀਰਤਨ, ਨਾਮ ਸਿਮਰਨ ਅਤੇ ਸਮੂਹਕ ਅਨੰਦ ਕਾਰਜਾਂ ਦੇ ਪ੍ਰਯੋਜਨਾਂ ਨੇ ਦਿਲੀ ਨਿਵਾਸੀਆਂ ਨੂੰ ਪ੍ਰੇਮ ਅਤੇ ਸਦਭਾਵਨਾ ਦੇ ਰੰਗ ਵਿਚ ਰੰਗ ਦਿਤਾ ਸੀ।

ਹੋਲਾ ਕਮੇਟੀ ਦੇ ਪ੍ਰਧਾਨ ਸ: ਹਰਵਿੰਦਰ ਸਿੰਘ ਹੰਸਪਾਲ ਐਮ. ਪੀ. ਅਤੇ ਸਮੂਚੀ ਨਾਮਧਾਰੀ ਸੰਗਤ ਸੰਨ ੧੯੮੫ ਦੇ ਹੋਲੇ ਨੂੰ ਯਾਦਗਾਰੀ ਅਤੇ ਫਲਦਾਇਕ ਸਮਾਗਮ ਬਣਾਉਣ ਲਈ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਦੀ ਰਜ਼ਾ, ਹੁਕਮ ਅਤੇ ਕਿਰਪਾ ਦੀ ਯਾਚਨਾ ਸਹਿਤ ਦਿਨ ਰਾਤ ਇਕ ਕਰ ਚੁਕੀ ਹੈ। ਅਸੀਂ ਇਸ ਹੋਲੇ ਦੀ ਕਾਮਯਾਬੀ ਵਾਸਤੇ ਅਰਦਾਸ ਕਰਦੇ ਹਾਂ।

ਸਹੀ ਕਾਗਜ਼ ਦੀ ਨਾਯਾਬੀ, ਤਸਵੀਰਾਂ ਦੀ ਅਣਹੋਂਦ, ਸਮੇਂ ਦੀ ਘਾਟ ਅਤੇ ਪੰਜਾਬ ਵਿਚ ਬਿਜਲੀ ਦੀ ਸਦਾ ਲਈ ਛੁਟੀ ਜਿਹੇ ਅਨੇਕਾਂ ਕਾਰਨਾਂ ਦੇ ਰੂਬਰੂ 'ਵਰਿਆਮ' ਜੋ ਵੀ ਨਿਮਾਣਾ ਜਿਹਾ ਯੋਗਦਾਨ ਇਸ ਕਾਰਜ ਵਿਚ ਪਾ ਸਕਿਆ ਹੈ ਉਸ ਨੂੰ ਹੀ ਕਬੂਲ ਕੀਤਾ ਜਾਵੇ ਇਹ ਹੀ ਯਾਚਨਾ ਹੈ।

—ਜਗਦੀਸ਼ ਸਿੰਘ



Sri Satguru Jagjit Singh Ji eLibrary NamdhariElibrary@gmail.com



ਸਤਿਗੁਰੂ ਪ੍ਰਤਾਪ ਸਿੰਘ ਜੀ
ਜਿਨ੍ਹਾਂ ਦਾ ਪ੍ਰਕਾਸ਼ ਦਿਵਸ ਨਾਮਧਾਰੀ ਹੋਲਾ ਮਹਲਾ
ਸਮਾਗਮ ਵਿਚ ਸ਼ਾਮਲ ਹੈ ।



ਇਕ ਯਾਦਗਾਰੀ ਤਸਵੀਰ : ਸੰਨ ੧੯੫੯ ਨੂੰ ਸਤਿਗੁਰੂ ਪ੍ਰਤਾਪ ਸਿੰਘ ਦੇ ਜੀਵਨ ਕਾਲ ਦਾ ਅੰਤਿਮ ਹੋਲਾ ਸ੍ਰੀ ਜੀਵਨ ਨਗਰ ਹੋਇਆ । ਇਸ ਸਮੇਂ ਦੀ ਇਕ ਤਸਵੀਰ ਵਿਚ ਆਪ ਪ੍ਰਸਿਧ ਅਕਾਲੀ ਨੇਤਾ ਮਾਸਟਰ ਤਾਰਾ ਸਿੰਘ ਜੀ ਨਾਲ ਵਿਚਾਰ ਵਟਾਂਦਰਾ ਕਰ ਰਹੇ ਹਨ । ਸਤਿਗੁਰ (ਮੌਜੂਦਾ) ਜਗਜੀਤ ਸਿੰਘ ਜੀ ਵੀ ਨਾਲ ਬੈਠੇ ਦਿਖਾਈ ਦੇ ਰਹੇ ਹਨ ।



Sri Satguru Jagjit Singh Ji eLibrary NamdhariElibrary@gmail.com



ਹੋਲਾ ਮਹਲਾ ਦਿਲੀ ੧੯੬੬ ਦੀ ਇਕ ਯਾਦ। ਧਰਮ ਸੰਮੇਲਨ ਵਿਚ ਸਵ: ਕਾਕਾ ਕਾਲੇਲਕਰ ਭਾਸ਼ਨ ਦੇ ਰਹੇ ਹਨ। ਸਤਿਗੁਰੂ ਜਗਜੀਤ ਸਿੰਘ ਜੀ ਨਾਲ ਮੰਚ ਤੇ ਮਹਾਰਾਜ ਕਿਰਪਾਲ ਸਿੰਘ ਜੀ ਰਾਧਾ ਸੁਆਮੀ ਅਤੇ ਹੋਰ ਮੁਖੀ ਬੈਠੇ ਹਨ। ਖੱਬੇ ਮਹਾਰਾਜ ਬੀਰ ਸਿੰਘ ਜੀ ਅਤੇ ਸ੍ਰੀ ਪ੍ਰੀਤਮ ਸਿੰਘ ਕਵੀ ਖੜ੍ਹੇ ਦਿਸ ਰਹੇ ਹਨ।



ਸਾਮੂਹਕ ਅਨੰਦ ਕਾਰਜ ਨਾਮਧਾਰੀ ਹੋਲਿਆਂ ਦਾ ਅਨਿਖੜਵਾਂ ਅੰਗ ਹਨ। ਰਾਣੀਆ ਹੋਲਾ (ਸੰਨ ੧੯੮੦ ਸਮੇਂ ਅਨੰਦ ਕਾਰਜ ਵਾਸਤੇ ਬੈਠੇ ਜੋੜੇ



Sri Satguru Jagjit Singh Ji eLibrary NamdhariElibrary@gmail.com



ਸੰਨ ੧੯੮੨ ਨੂੰ ਗੋਲਾ ਗੋਕਰਨ ਨਾਥ (ਯੂ. ਪੀ.) ਵਿਖੇ ਨਾਮਧਾਰੀ ਹੋਲੇ ਮਹਲੇ ਦੇ ਸਮਾਗਮ ਸਮੇਂ
ਖੱਬਿਓਂ : ਅਜ ਦੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ, ਸ੍ਰੀ ਮਹਾਰਾਜ ਬੀਰ ਸਿੰਘ ਜੀ ਅਤੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ
(ਉਦੋਂ ਗ੍ਰਹਿ ਮੰਤਰੀ) ਜੀ। ਇਕ ਹੱਥ 'ਵਰਿਆਮ' ਦੂਜੇ ਹੱਥ 'ਸਤਿਜੁਗ'।



ਪਿੰਡ ੧੭ ਓ (ਗੰਗਾ ਨਗਰ) ਵਿਚ ਕੀਤੇ ਜਪ ਪ੍ਰਯੋਗ ਸਮਾਗਮ ਸਮੇਂ ਤਕਰੀਰ ਕਰ ਰਹੇ ਸ: ਬੂਟਾ ਸਿੰਘ ਕੇਂਦਰੀ ਮੰਤਰੀ।

Sri Satguru Jagjit Singh Ji elibrary NamdhariElibrary@gmail.com



ਸ੍ਰੀ ਭੈਣੀ ਸਾਹਿਬ ਵਿਖੇ ਸੰਨ ੧੯੭੮ ਦੇ ਹੋਲੇ ਮਹੱਲੇ ਸਮੇਂ ਸੰਗੀਤ ਪ੍ਰੋਗਰਾਮ ਸਮੇਂ ਪ੍ਰਵਚਨ ਕਰਦੇ ਹੋਏ ਸਤਿਗੁਰੂ ਜਗਜੀਤ ਸਿੰਘ ਜੀ ਉਹਨਾਂ ਨਾਲ ਮੰਚ ਤੇ ਬੈਠੇ ਹਨ ਮਸ਼ਹੂਰ ਸਿਤਾਰ ਵਾਦਕ ਉਸਤਾਦ ਵਲੈਤ ਹੁਸੈਨ ਖਾਂ।



ਮੇਲੇ ਤੋਂ ਵਦਾਇਗੀ ਸੰਤ ਭਗਵਾਨ ਸਿੰਘ ਦਾ ਜੱਥਾ।

Sri Satguru Jagjit Singh Ji eLibrary NamdhariElibrary@gmail.com

# ਗੁਰੂ ਬਾਲਕ ਸਿੰਘ ਜੀ ਮਹਾਰਾਜ

—ਮਾਸਟਰ ਨਿਹਾਲ ਸਿੰਘ—

"ਗੁਰੂ ਬਾਲਕ ਸਿੰਘ ਜੀ ਸਿਮਰੀਐ, ਜਿਸ ਮਾਰਗ ਦੀਆ ਬਤਾਏ, ਇਹ ਸ਼ਬਦ ਹਰ ਨਾਮਧਾਰੀਆਂ ਦਿਨ ਵਿਚ ਕਈ ਵੇਰ ਦੁਹਰਾਂਦਾ ਹੈ, ਅਤੇ ਉਸਦਾ ਦੁਹਰਾਉਣਾ ਬਿਲਕੁਲ ਦਰੁਸਤ ਹੈ, ਕਿਉਂਕਿ ਜਦ ਸਤਿਗੁਰੂ ਜੀ ਦਾ ਅਵਤਾਰ ਹੋਇਆ ਤਾਂ ਉਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਘਟ ਦੇ ਚਾਕਰਾਂ, ਜਿਥੇ ਉਨ੍ਹਾਂ ਦਾ ਬੋਲਬਾਲਾ ਸੀ, ਉਥੇ ਦੇ ਆਕਾਸ਼ ਤੇ ਅਗਿਆਨ ਤੇ ਲੂਟ ਖਸੁਟ ਦੇ ਕਾਲੇ ਬਦਲ ਛਾ ਰਹੇ ਸਨ। ਉਹ ਕਲਗੀਆਂ ਵਾਲੇ ਦੇ ਸੂਰਮੇ ਉਸ ਦੀ ਲਾਸਾਨੀ ਮਹਰਾਜਾ ਤੇ ਰਤਨਾਂ ਨਾਲੋਂ ਮਹਿੰਗੇ ਅਸੂਲਾਂ ਨੂੰ ਦਰਿਆ ਸਤਲੁਜ ਵਿਚ ਰੋੜ੍ਹ ਰਹੇ ਸਨ ਤੇ ਉਸ ਤੋਂ ਉਪਰੰਤ ਖੂਨ ਡੋਲ ਕੇ ਪ੍ਰਾਪਤ ਕੀਤੀ ਬਾਦਸ਼ਾਹੀ ਨੂੰ ਵੀ ਉਸੇ ਦਰਿਆ ਵਿਚ ਰੋੜ੍ਹਨ ਦੀਆਂ ਤਦਬੀਰਾਂ ਸੋਚ ਰਹੇ ਸਨ। ਇਨ੍ਹਾਂ ਗਲੀਆਂ ਦਾ ਕੂੜਾ ਹੂੰਝਣ ਵਾਲੇ ਲੰਮੇ ਲੰਮੇ ਤਹਿਮਤ ਬੰਨ੍ਹ ਲਏ, ਧਰਮਸ਼ਾਲੀਂ ਜਾਣਾ ਛਡ ਦਿਤਾ, ਵੈਸ਼ਾਂ ਦੀ ਗਲੀ ਇਨ੍ਹਾਂ ਦੀ ਤੀਰਥ ਯਾਤਰਾ ਸੀ। ਖ਼ਾਲਸਈ ਰਵਾਇਤਾਂ ਅਨੁਸਾਰ ਕਮਜ਼ੋਰਾਂ ਦੀ ਸਹਾਇਤਾ ਕਰਨੀ ਤਾਂ ਦਰਕਨਾਰ, ਉਨ੍ਹਾਂ ਨੂੰ ਦਬਾਉਣਾ ਤੇ ਲੁਟਣਾ ਸ਼ੁਰੂ ਕਰ ਦਿਤਾ। ਗਿਆਨੀ ਗਿਆਨ ਸਿੰਘ ਨੇ ਇਸ ਅਵਸਥਾ ਨੂੰ "ਸਿਖੀ ਗਊ ਕੰਬੰ" ਕਹਿ ਹਾਲ ਪਾਹਰਿਆ ਕੀਤੀ ਹੈ।

ਪਰ ਗੁਰੂ ਸਦਾ ਨਿਰਮਲ ਗੰਗਾ ਹੈ ਜਿਸ ਵਿਚ ਚਰਨ ਤੇਰੇ ਚੁਭ ਤਾਰੀਆਂ ਲਾਂਦੇ ਹਨ ਤੇ ਅਨੰਦ ਮਾਣਦੇ ਹਨ। ਗੁਰੂ ਉਹ ਮਲਾਗਰ ਹੈ ਜਿਹੜੀ ਨਿੰਮ ਨੂੰ ਵੀ ਖੁਸ਼ਬੋਈ ਖੁਸ਼ਬੋਈ ਕਰ ਦੇਂਦਾ ਹੈ: ਗੁਰੂ ਉਹ ਲਾਲ ਹੈ ਜਿਹੜਾ ਬਿਨਾ ਵਿਤਕਰਾ ਪ੍ਰਕਾਸ਼ ਵੰਡਦਾ ਹੈ। ਉਸ ਸਮੇਂ ਸਤਿਗੁਰੂ ਬਾਲਕ ਸਿੰਘ, ਸਪੁਤਰ ਬਾਬਾ ਦਿਆਲ ਅਤੇ ਮਾਤਾ ਭਾਗਭਰੀ ਗਜ਼ਵਾਲੇ ਪਿੰਡ ਨੂੰ ਬਲਖ ਬੁਖਾਰੇ ਤੋਂ ਲੰਦਨ ਤਕ ਰੌਸ਼ਨਾਈ ਕਰਨ ਵਾਲਾ ਸੀ। ਇਹ ਸੀ ਸਾਦਗੀ ਦਾ ਮੁਜੱਸਮਾਂ, ਸਚਾਈ ਦਾ ਸ਼ੋਮਾਂ, ਨਿਮ੍ਰਤਾ ਦਾ ਸਾਗਰ, ਜਿਸ ਨੇ ਸ਼ਹਿਦ ਨਾਲੋਂ ਮਿਠੇ ਪ੍ਰਵਚਨਾਂ ਨਾਲ ਵਡੇ ਵਡੇ ਹੈਂਕੜਬਾਜ਼ਾਂ ਤੇ ਪੱਥਰ ਦਿਲਾਂ ਨੂੰ ਮੋਮ ਬਣਾ ਦਿਤਾ। ਕੇਵਲ ਮੋਮ ਹੀ ਨਹੀਂ ਬਣਾਇਆ, ਸਗੋਂ ਉਹ ਚਮਕ ਬਖਸ਼ੀ ਕਿ ਹੋਰ ਹਜ਼ਾਰਾਂ ਭੁਲੇ ਭਟਕਿਆਂ ਨੂੰ ਸੱਚੇ ਮਾਰਗ ਤੇ ਪਾਇਆ, ਜਿਨ੍ਹਾਂ "ਨਾਮ" ਜਿਹੜਾ ਸਾਰਿਆਂ ਸੁਖਾਂ ਦੀ ਖਾਨ ਹੈ, ਜਿਹੜਾ ਸਰਬ ਰੋਗਾਂ ਦੀ ਔਸ਼ਧੀ ਹੈ, ਦਾ ਭੰਡਾਰਾ ਝੋਲੀਆਂ ਭਰ ਭਰ ਵਰਤਾਇਆ। ਉਸ ਨਾਮ ਦੀ ਮਹਿਮਾ ਬਾਣੀ ਵਿਚ ਇਉਂ ਗਾਈ ਗਈ ਹੈ:



ਇਸ ਲੇਖ ਦੇ ਲੇਖਕ ਮਾਸਟਰ ਨਿਹਾਲ ਸਿੰਘ ਜੀ
ਪ੍ਰਧਾਨ ਨਾਮਧਾਰੀ ਦਰਬਾਰ

ਜਿਸ ਨਾਮੁ ਰਿਦੈ ਸੋਈ ਵਡ ਰਾਜਾ
ਜਿਸ ਨਾਮੁ ਰਿਦੈ ਤਿਸ ਸਦਾ ਕਾਜਾ
ਜਿਸ ਨਾਮੁ ਰਿਦੈ ਤਿਸ ਕੋਟ ਧਨ ਪਾਏ
ਨਾਮ ਬਿਨਾ ਜਨਮ ਬਿਰਥਾ ਜਾਏ।

ਤੇ ਇਸੇ ਗੱਲ ਨੂੰ ਭਾਈ ਗੁਰਦਾਸ ਜੀ ਨੇ ਹੋਰ ਰੰਗ ਚਾੜ੍ਹਿਆ ਹੈ:

ਜੈਸੇ ਕੋਟ ਭਾਰ ਕਰ ਕਾਸਟ ਇਕਤ੍ਰਤਾ ਕੈ
ਚੰਚਕ ਹੀ ਆਗ ਦੇਤ ਭਸਮਉਦਾਸ ਹੈ
ਤੈਸੇ ਗੁਰ ਮੰਤ੍ਰ ਉਰ ਅੰਤ੍ਰ ਪ੍ਰਵੇਸ ਭਏ,
ਜਨਮ ਮਰਣ ਦੁਖ ਦੋਖਨ ਬਿਨਾਸ ਹੈ।



Sri Satguru Jagjit Singh Ji eLibrary NamdhariElibrary@gmail.com

ਗੁਰੂ ਬਾਲਕ ਸਿੰਘ ਜੀ ਬਚਪਨ ਤੋਂ ਹੀ ਇਸ ਨਾਮ ਦੇ ਰਸੀਏ ਸਨ। ੧੨ ਸਾਲ ਦੀ ਉਮਰ ਤੋਂ ਘਰੋਂ ਨਿਕਲ ਜਾਣਾ ਤੇ ਹਰੋ ਨਦੀ ਦੇ ਕਨਾਰੇ ਇਕਾਂਤ ਵਿਚ ਭਜਨ ਕਰਨਾ, ਬੰਦਗੀ ਵਿਚ ਲੀਨ ਰਹਿਣਾ ਜਿਸਦਾ ਫਲ ਇਹ ਮਿਲਿਆ ਕਿ ਕਲਗੀਆਂ ਵਾਲੇ ਪਿਤਾ ੧੮੬੯ ਬਿ: ਆ ਦਰਸ਼ਨ ਦਿਤੇ ਤੇ ਗੁਰੂ ਨਾਨਕ ਦੇਵ ਜੀ ਦੇ ਗਦੀ ਤਾਜ ਨੂੰ ਇਸ ਸਾਦਗੀ ਦੇ ਪੁਤਲੇ ਦੇ ਸਿਰ ਤੇ ਰਖ ਦਿਤਾ। ਤਦੋਂ ਤਾਂ ਇਹਨਾਂ ਦਾ ਹੋਰ ਚਲੂਣਾ ਹੀ ਨਿਖਰਿਆ। ਤਲਵਾਰ ਤੀਰ ਦੇ ਧਨੀ ਖੁਸ਼ੀਆਂ ਬਖਸ਼ ਅਲੋਪ ਹੋ ਗਏ। ਸਰਵਾਲਿਓਂ ਗੁਰੂ ਜੀ ਹਜ਼ਰੋਂ ਆ ਡੇਰਾ ਲਾਇਆ। ਸਰਾਫ਼ੀ ਦੀ ਦੁਕਾਨ ਖੋਲ੍ਹ ਲਈ ਪਰ ਵਟੂਤਾ ਕਿਹਾ? ਬਾਬੇ ਦੀ ਹਟੀ ਦਾ ਸੀ ਕਿ ਉਸਦਾ ਕੋਈ ਗਾਹਕ ਨਾ ਮੁੜ ਜਾਵੇ। ਉਹਨਾਂ ਦੀ ਸਰਾਫ਼ੀ ਦੁਕਾਨ ਤੇ ਸਦਾ ਮੇਲਾ। ਗਾਹਕ ਉਹ ਜਿਹੜੇ ਪੱਲਿਓਂ ਖਾਲੀ। ਪਰ ਵਾਹ ਗੁਰੂਆ ਤੇਰੀ ਸ਼ਾਨ! ਖਾਲੀ ਨਹੀਂ ਕੋਈ ਮੁੜਨ ਦਿਤਾ, ਜੋ ਆਇਆ ਰਾਸੀ ਗਇਆ। ਦੋਵੇਂ ਦੁਕਾਨਾਂ ਚਲਣ।

ਅੰਮ੍ਰਿਤ ਵੇਲੇ ਇਸ਼ਨਾਨ ਪਾਠ ਕਰ ਨਾਮ ਸਿਮਰਨ। ਮੁੜ ਧਰਮਸਾਲ ਵਿਚ ਅੰਮ੍ਰਿਤ ਉਪਦੇਸ਼। ਪਿਛਲੇ ਪਹਿਰ ਬਗੀਚੀ ਵਿਚ ਰਸਾ। ਸੰਗਤਾਂ ਲਹਰੀਆਂ ਜੁੜਨ। ਹੰਸਲੇ ਉਡਾਰੀਆਂ ਮਾਰ ਆਣ ਮਾਨਸਰੋਵਰ ਤੇ। ਉਹ ਆਲੇ ਦੁਆਲੇ ਤਾਰੀਆਂ ਲਾਉਣ, ਕਲੋਲਾਂ ਕਰਨ। ਪਰ ਭੋਜਨ ਸਦਾ ਘਰ ਦਾ। ਕਿਥੋਂ ਤਕ ਓਥੋਂ ਦਾ ਕੜਾਹ ਪ੍ਰਸ਼ਾਦ ਵੀ ਨਹੀਂ ਲੈਣਾ। ਘਰ ਆਏ ਅਤਿਥੀ ਨੂੰ ਪਹਿਲਾਂ ਆਦਰ ਸਤਿਕਾਰ, ਮੁੜ ਪ੍ਰਸ਼ਾਦ। ਕੇਵਲ "ਸ਼ਬਦ ਜਿਤੀ ਸਭ ਮੰਡਲੀ" ਪ੍ਰਸ਼ਾਦ ਪਾਕੇ ਸਤਿਸੰਗੀਆਂ ਸਮੇਤ ਬਾਹਰ ਜਾਕੇ ਇਕੱਲੇ ਇਕੱਲੇ ਹੋ ਭਜਨ ਬਾਣੀ ਵਿਚ ਜੁੜ ਜਾਣਾ। ਲੰਮੀ ਰਾਤ ਗਇਆਂ ਪਾਠ ਸੁਣਨਾ। ਰਾਤ ਦਾ ਆਰਾਮ ਕਰ ਮੁੜ ਰੋਜ਼ ਦਾ ਪ੍ਰੋਗਰਾਮ।

ਉਪਰ ਵਰਨਣ ਕੀਤੇ ਪ੍ਰਸੰਗ ਨੂੰ ਕਵੀ ਸੇਵਾ ਰਾਮ ਨੇ ਇਉਂ ਬਿਆਨਿਆ ਹੈ :—

ਉਠ ਧਰਮਸਾਲੋਂ ਗ੍ਰੰਥ ਪੜ੍ਹਕੇ ਤੇ
ਘਰ ਆਂਵਦੇ ਨੇ ਭੋਜਨ ਪਾਵਣੇ ਨੂੰ।
ਵੀਹ ਤੀਹ ਜਗਿਆਸੀ ਤਾਂ ਨਾਲ ਰਹਿੰਦੇ
ਰਾਹ ਰਾਹੇ ਜੈਕਾਰੇ ਬੁਲਾਵਣੇ ਨੂੰ।
ਲੋਕੀ ਦੇਖਕੇ ਤੇ ਮਥਾ ਟੇਕਦੇ ਨੇ
ਨਹੀਂ ਵਾਰ ਮਿਲਦੀ ਚਰਨ ਪਾਵਣੇ ਨੂੰ
ਸੇਵਾ ਰਾਮ ਜਗਿਆਸੀ ਬੇਅੰਤ ਉਸਦੇ,
ਨਹੀਂ ਰਾਹ ਮਿਲਦਾ ਲੰਘ ਜਾਵਣੇ ਨੂੰ

ਆਮ ਪ੍ਰਚੱਲਤ ਹੈ ਕਿ ਗੁਰੂ ਜੀ ਗੁਪਤ ਰਹੇ। ਪਰ ਗੁਰੂ ਕੀ ਤੇ ਗੁਪਤ ਕੀ ? ਗੁਰੂ ਜੀ ਦੀਆਂ ਰਿਸ਼ਮਾਂ ਅਜੇਹੀਆਂ ਖਿਲਰੀਆਂ ਕਿ ਜਿਨ੍ਹਾਂ ਤੇ ਰੁਣ ਪਏ ਸੁਤਿਆਂ ਪਇਆਂ ਨੂੰ ਜਾ ਜਗਾਇਆ ਤੇ ਪ੍ਰੇਰਨਾ ਦਿਤੀ। ਆਲਾ ਦੁਆਲਾ ਜਗ ਮਗ ਕਰ ਦਿਤਾ। ਜੈਦੇ ਦਾ ਧੰਨੀ ਰਾਮ, ਓੜਾਂ ਦਾ ਰਾਮ ਸਹਾਏ, ਮਲਤਾਨੋਂ ਸਾਈਂ ਦਿਤਾ ਨੂੰ ਇਹ ਚਸਕ ਲਾਈ ਕਿ ਉਹ ਦਰਿਆ ਚੀਰ ਚੀਰ ਚਰਨਾਂ ਵਿਚ ਪੁਜੇ, ਨਾਮ ਦੀ ਦਾਤ ਪ੍ਰਾਪਤ ਕੀਤੀ ਕਿ ਘਰ ਬਾਹਰੋਂ ਹੁੰਦੇ ਸਾਈਂ ਦੇ ਪਿਆਰੇ ਬਣ ਗਏ, ਪੂਰਨ ਜੋਗੀ ਹੋ ਨਿਬੜੇ। ਜਿਨ੍ਹਾਂ ਦਾ ਸੰਪਰਕ ਗੁਰੂ ਜੀ ਨਾਲ ਹੋਇਆ ਉਹ ਬਾਰ੍ਹਾਂ ਵੰਨੀ ਦਾ ਸੋਨਾ ਬਣ ਚਮਕਿਆ।

ਪਰ ਵਾਹ ਕੁਦਰਤ ਤੇਰੇ ਰੰਗ। ਦੀਵੇ ਥਲੇ ਸਦਾ ਹਨੇਰਾ ਹਜ਼ਰੋ ਵਿਚ ਕੁਝ ਅਜੇਹੇ ਸਜਣ ਸਨ। ਸਦਾ ਸਦ ਇੱਟ ਖੜਕਾ ਲਗਾਈ ਰਖਦੇ ਪਰ ਗੁਰੂ ਜੀ ਦੇ ਨਾਮ-ਸਾਗਰ ਅਗੇ ਦਮ ਨ ਮਾਰ ਸਕੇ। ਪੱਥਰ ਪੂਜ, ਪੱਥਰ ਦਿਲ ਗੁਮਾਨੀ ਫੂੰ ਫੂੰ ਕਰਦਾ ਬੁੜੀਆ ਹੈਕੜਬਾਜ਼ ਗੰਡੂ ਆਦਿ ਗੁਰੂ ਜੀ ਦੇ ਧੀਰਜ ਅਤੇ ਠਰੰਮੇ ਨੇ ਗੋਲੇ ਘਤਾ ਦਿਤੇ। ਇਨ੍ਹਾਂ ਦੇ ਅਡੰਬਰ ਬਲ ਸਾਹਮਣੇ ਆਪਣੇ ਆਪ ਨੂੰ ਗੁਰੂ ਸਦਵਾਣ ਵਾਲੇ ਹੁਕਮ ਸਿੰਘ ਸੋਢੀ, ਚਰਨ ਧੁਆਕੇ ਪਲਾਣ ਵਾਲੇ ਬਾਬਾ ਭੰਜ ਸਿੰਘ ਬੇਦੀ ਤੇ ਘਰ ਬਾਹਰ ਦੇ ਤਿਆਗੀ ਸਨਿਆਸੀ ਆਦਿ ਇਨ੍ਹਾਂ ਦੇ ਬਲ ਅਗੇ ਨਿਰੁਤਰ ਹੋ ਗਏ। ਇਨ੍ਹਾਂ ਦੇ ਵਿਦਿਆ ਦਾ ਘੜਾ ਚਕਨਾ ਚੂਰ ਹੋ ਗਿਆ। ਇਹ ਵੀ ਸ਼ਰਧਾਲੂ ਬਣ ਗਏ।

ਗੁਰੂ ਜੀ ਦੇ ਬਚਨਾਂ ਤੇ ਫੁੱਲ ਚਾੜ੍ਹਨ ਲਈ ਸੰਗਤਾਂ ਤਿਆਰ ਰਹਿੰਦੀਆਂ ਜਿਸਨੂੰ ਇਸ਼ਾਰਾ ਹੁੰਦਾ ਉਹ ਧੰਨ ਭਾਗ ਜਾਣਦਾ। ਗੁਰੂ ਜੀ ਭਾਈ ਸੰਗਤੇ ਨੂੰ ਖੂਹ ਗੇੜਨ ਵਾਸਤੇ ਕਿਹਾ ਸਿੱਖ ਧੰਨ ਭਾਗ ਜਾਣ ਖੂਹ ਗੇੜਨ ਲਗ ਪਿਆ ਗੁਰੂ ਜੀ ਪੰਜ ਇਸ਼ਨਾਨਾ ਕਰ ਘਰ ਚਲੇ ਆਏ, ਪਰ ਭਾਈ ਸੰਗਤਾ ਜੀ ਮਸਤੀ ਵਿਚ ਖੂਹ ਗੇੜਦੇ ਗਏ। ਕਈ ਘੰਟਿਆਂ ਪਿਛੋਂ ਗੁਰੂ ਜੀ ਘਰ ਜਾਕੇ ਪਿਛੋਂ ਖਿਆਲ ਆਇਆ ਕਿ ਸੰਗਤਾ ਨਹੀਂ ਆਇਆ। ਗੁਰੂ ਜੀ ਸਿੱਖ ਨੂੰ ਭੇਜ ਦੀਵਾਨੇ ਸਿੰਘ ਤੋਂ ਖੂਹ ਛੁਡਾ ਕੇ ਬੁਲਾਇਆ।

ਕੁਝ ਸਮੇਂ ਉਪ੍ਰੰਤ ਮਹਾਰਾਜ ਨੌਨਿਹਾਲ ਸਿੰਘ ਪਲਟਣ ਪਸ਼ੌਰ ਜਾਂਦੀ ਹਜ਼ਰੋ ਲਾਗੇ ਪੜਾ ਕੀਤਾ। ਗੁਰੂ ਜੀ ਪ੍ਰਸਿਧੀ, ਸੁਣ ਗੁਰੂ ਰਾਮ ਸਿੰਘ ਜੀ ਕੋਈ ੨੫-੨੬ ਜਵਾਨਾਂ ਸਹਿਤ ਆ ਦਰਸ਼ਨ ਕੀਤੇ। ਜਾਣੀ ਜਾਣ ਸਤਿਗੁਰੂ ਜੀ (ਗੁਰੂ) ਰਾਮ ਸਿੰਘ ਨੂੰ ਵੇਖ ਬੜੇ ਪ੍ਰਸੰਨ ਹੋਏ ਕਿ ਅਮਾਨਤ ਦਾ ਮਾਲਿਕ ਆ



Sri Satguru Jagjit Singh Ji eLibrary NamdhariElibrary@gmail.com

ਕਿਆ । ਜਦ (ਗੁਰੂ) ਰਾਮ ਸਿੰਘ ਜੀ ਮਥਾ ਟੇਕਿਆ ਤਾਂ ਗੁਰੂ ਬਾਲਕ ਸਿੰਘ ਜੀ ਗਦਗਦ ਹੋ ਉਠੇ ਤੇ ਮੁਖਾਰਬਿੰਦ ਤੋਂ ਉਚਾਰਿਆ :

"ਆਓ ਠਾਕੁਰ ਜੀ ਮਹਾਰਾਜਾ ! ਅਸੀਂ ਬੜੀ ਦੇਰ ਤੋਂ ਆਪ ਨੂੰ ਉਡੀਕ ਰਹੇ ਹਾਂ । ਆਪ ਨੇ ਬੜੀ ਕਿਰਪਾਲਤਾ ਕੀਤੀ ਹੈ ਜੋ ਦਰਸ਼ਨ ਦੇਕੇ ਨਿਹਾਲ ਕੀਤਾ ਹੈ, ਅਸੀਂ ਤਾਂ ਤੁਹਾਡੀ ਇਮਾਨਤ ਦੇ ਰਾਖੇ ਸਾਂ ਇਹ ਗੱਫੇ ਤੁਸੀਂ ਹੀ ਵਰਤਾਣੇ ਹਨ; ਜੇ ਤੁਸੀਂ ਪੱਥਰ ਵਿਚ ਇਸ ਨਾਮ ਦਾ ਬੀਜ ਬੀਜੋਗੇ ਤਾਂ ਓਥੇ ਹੀ ਜਮੇਗਾ...।"

ਇਹ ਕਹਿੰਦਿਆਂ ਗੁਰੂ ਜੀ ਨੇ ਕੰਨ ਵਿਚ ਭਜਨ ਦੀ ਦਾਤ ਬਖਸ਼ ਦਿਤੀ । ਬਸ ਨਦਰੀਂ ਨਦਰ ਨਿਹਾਲ । ਗਿਆਨੀ ਗਿਆਨ ਸਿੰਘ ਜੀ ਇਸ ਮਨੋਹਰ ਦਰਸ਼ਨ ਨੂੰ ਆਪ ਆਪਣੇ ਗ੍ਰੰਥ "ਗੁਰੂ ਪੰਥ ਪ੍ਰਕਾਸ਼" ਵਿਚ ਇਉਂ ਉਲੀਕਿਆ ਹੈ :

ਬਾਲਕ ਮ੍ਰਿਗੇਸ਼ ਕਾ ਵਿਸ਼ੇਸ਼ ਜਸ ਸੁਨ
ਸੁਓ ਕੰਵਲ ਬਤਕ ਸੁਤਸਮ ਹੁਲਸਾਇਕੈ ।
ਪੂਰਾ ਪੁੰਨ ਜਾਗਯੋ, ਰੰਗਨ ਮੈਂ ਪ੍ਰਬ ਰਾਂਗਯੋ,
ਬਡਭਾਗੀ ਪ੍ਰੇਮ ਜਾਗਯੋ ਗਹੇ ਪਗ ਜਾਇਕੈ
ਪੇਖ ਅਧਿਕਾਰੀ ਜੀਵ, ਅੰਸ ਅਵਿਤਾਰ,
ਤਬ ਬਾਲਕ ਮ੍ਰਿਗਾਰੀ, ਦੀਓ ਨਾਮ ਮੁਦ ਪਾਇਕੈ
ਜਾਤ ਚਾਰ ਵੰਦਨ ਕੋ, ਭ੍ਰਮ ਭੇਦ ਛੇਦਨ ਕੋ
ਦਾਇ ਨਿਰਵੇਦਨ ਕੋ, ਦੁਖ ਦੋਖ ਘਸਿਕੈ ।
ਦੀਨਿ ਮੰਤ੍ਰ-ਰਾਜ, ਸ੍ਰੀ ਵਾਹਿਗੁਰੂ ਕਾਰ ਸਾਜ,
ਜਾਹ ਸਮ ਔਰ ਨਾ ਦਰਾਜ ਕਲ ਦਾਇਕੈ ।

ਇਸ ਮਿਲਣੀ ਉਪ੍ਰੰਤ ਗੁਰੂ ਜੀ ਦੇਸ਼ ਵਿਚ ਵਾਪਸ ਆ ਗਏ ਤੇ ਸਰਕਾਰੀ ਸੇਵਾ ਤੋਂ ਵਿਹਲੇ ਹੋ, ਓਹੋ ਨਾਮ ਜਪਦੇ ਤੇ ਨਾਲ ਦੇ ਦੂਜਿਆਂ ਨੂੰ ਵੀ ਪ੍ਰੇਰਤ ਕਰਦੇ ।

ਹੁਣ ਗੁਰੂ ਬਾਲਕ ਸਿੰਘ ਜੀ ਨਾਮ ਬਾਣੀ ਦੇ ਪ੍ਰਵਾਹ ਹਿਤ ਤੇ ਸਤਿਧਰਮ ਦੇ ਉਪਦੇਸ਼ ਖਾਤਰ ਸਾਈਂ ਸਾਹਿਬ ਜਵਾਹਰ ਮਲ ਰਾਵਲਪਿੰਡੀ ਨੂੰ ਮੰਜੀ ਸੌਂਪ ਦਿਤੀ । ਇਸੇ ਤਰ੍ਹਾਂ ਜੇਹਲੇ ਦੇ ਧਨੀ ਰਾਮ ਤੇ ਚਾਧਰੇਰ ਦੇ ਸਾਈਂ ਸੰਗਤੇ ਜੀ ਨੂੰ ਮੰਜੀ ਬਖਸ਼ ਦਿਤੀ ਤਾਕਿ ਸ੍ਰੀ ਗੁਰੂ ਨਾਨਕ ਜੀ ਦੀ ਫੁਲਵਾੜੀ ਵਧੇ ਫੁਲੇ ਤੇ ਵਿਸ਼ਵ ਸੁਗੰਧਿਤ ਹੋਵੇ ।

×


ੴ ਫੋਨ : 2737

## ਖੁਸ਼ਖਬਰੀ

ਕਾਰਾਂ, ਟਰੈਕਟਰਾਂ ਤੇ ਟਰੱਕਾਂ ਦੇ ਇੰਜਣਾਂ ਦੀ ਵਧੀਆ ਬਲਾਕ ਬੋਰਿੰਗ, ਕਰੈਂਕ ਗ੍ਰਾਂਈਡਿੰਗ ਤੇ ਹੈਡ ਸੀਟ ਫਿਟਿੰਗ ਦਾ ਕੰਮ ਤਸੱਲੀ ਬਖਸ਼ ਹੁੰਦਾ ਹੈ ।

ਇਸ ਤੋਂ ਇਲਾਵਾ ਬੁਲਡੋਜ਼ਰਾਂ, ਕੋਲਡ ਸਟੋਰਾਂ ਦੇ ਕੰਪਰੇਸਰਾਂ, ਜੈਨਰੇਟਰਾਂ ਅਤੇ ਵਡੇ ਵਡੇ ਹਰ ਪ੍ਰਕਾਰ ਦੇ ਇੰਜਨਾਂ ਦਾ ਕੰਮ ਬਿਲਕੁਲ ਠੀਕ ਠੀਕ ਤੇ ਵਧੀਆ ਕੀਤਾ ਜਾਂਦਾ ਹੈ ।


ਬੋਰਿੰਗ ਮਸ਼ੀਨ

★ ਬੋਰਿੰਗ, ਗ੍ਰਾਂਈਡਿੰਗ ਆਦਿ ਦਾ ਕੰਮ ਵਿਦੇਸ਼ਾਂ ਤੋਂ ਮੰਗਵਾਈਆਂ ਸਪੈਸ਼ਲ ਮਸ਼ੀਨਾਂ ਉਤੇ ਕੀਤਾ ਜਾਂਦਾ ਹੈ ।

★ [illegible] ਟਰੱਕ ਲੈ ਕੇ ਆਓ ਅਤੇ ਕੇਵਲ ਚਾਰ ਦਿਨਾਂ ਵਿਚ ਓਵਰਹਾਲ ਕਰਾ ਕੇ ਵਾਪਸ ਲੈ ਜਾਓ ।

★ ਕੁਸ਼ਲ ਮਕੈਨਿਕ ਅਤੇ ਹੋਰ ਪਰਬੰਧ ਮੁਕੰਮਲ ਹੈ ।

★ ਸਾਡੇ ਪਾਸ ਆਪਣਾ ਜੈਨਰੇਟਰ ਸੈੱਟ ਵੀ ਹੈ । ਇਸ ਨਾਲ ਬਿਜਲੀ ਬੰਦ ਹੋਣ ਤੇ ਵੀ ਕੰਮ ਚਲਦਾ ਰਹਿੰਦਾ ਹੈ ਤੇ ਕੋਈ ਢਿਲ ਨਹੀਂ ਆਉਂਦੀ ।

ਨੈਸ਼ਨਲ ਆਟੋ ਇੰਜੀਨੀਅਰਿੰਗ ਵਰਕਸ
ਪ੍ਰੋ: ਲਛਮਣ ਸਿੰਘ ਨਾਮਧਾਰੀ
10, ਇੰਡਸਟ੍ਰੀਅਲ ਏਰੀਆ, ਫਗਵਾੜਾ ।





Sri Satguru Jagjit Singh Ji eLibrary NamdhariElibrary@gmail.com

WITH

BEST

COMPLIMENTS

FROM

ਵਧੀਆ, ਸਵਾਦਿਸ਼ਟ ਪੌਸ਼ਟਿਕ ਬਿਸਕੁਟ ਬਨਾਉਣ ਵਾਲੇ

ਅੰਬਰ ਫੂਡਜ਼

ਹੈਦਰਾਬਾਦ

# AMBER FOODS

**Amber pet HYDERABAD**

**(A.P.)**



Sri Satguru Jagjit Singh Ji eLibrary NamdhariElibrary@gmail.com

ਹੋਲਾ ਮਹੱਲਾ

# ਗੁਰਮੁਖਾਂ ਦਾ ਮੇਲਾ

—ਜਗਦੀਸ਼ ਸਿੰਘ

ਮਨਮੁਖਿ ਮਰੀਐ ਗੁਰਮੁਖਿ ਤਰੀਐ
ਨਾਨਕ ਨਦਰੀ ਨਦਰਿ ਕਰੇ
—ਗੁਰੂ ਨਾਨਕ

...ਅਤ ਮਨੁੱਖਾਂ ਦਾ ਮੇਲਾ ਜਿਥੇ ਹੋਵੇ ਤਾਂ ਗੁਰਮੁਖਾਂ ਦਾ ਮੇਲਾ ਹੋਵੇ । ਮਨਮੁਖਾਂ ਦੀ ਸੰਗਤ ਤੋਂ ਰਖ ਲਈਂ...

ਸਤਿਗੁਰੂ ਰਾਮ ਸਿੰਘ ਜੀ ਨੇ ਉਪ੍ਰੋਕਤ ਵਾਕ ਨੂੰ ਅਰਦਾਸ ਵਿਚ ਹਰ ਸਮੇਂ ਦ੍ਰਿੜਾਉਣ ਲਈ ਸਿੱਖਾਂ ਨੂੰ ਹੁਕਮ ਕੀਤਾ ਹੈ ਅਤੇ ਹਰ ਨਾਮਧਾਰੀ ਦੀ ਅਰਦਾਸ ਦਾ ਇਹ ਅੰਗ ਹੈ ਕਿ 'ਗੁਰਮੁਖਾਂ ਦਾ ਮੇਲਾ ਹੋਵੇ' ।

ਜਦੋਂ ਅਸੀਂ ਗੁਰਬਾਣੀ ਨੂੰ ਵਾਚਦੇ ਹਾਂ ਤਾਂ ਪਤਾ ਲਗਦਾ ਹੈ ਕਿ ਗੁਰੂ ਜੀ ਨੇ ਬਾਣੀ ਵਿਚ ਵੀ ਮਨੁੱਖਾਂ ਦਾ ਵਰਗੀਕਰਨ ਕਿਸੇ ਮਜ਼ਹਬ ਜਾਤ ਜਾਂ ਸ਼੍ਰੇਣੀ ਦੇ ਆਧਾਰ ਤੇ ਨਹੀਂ ਕੀਤਾ ਸਗੋਂ ਕਰਮਾਂ ਅਤੇ ਗੁਣ ਔਗਣਾਂ ਦੇ ਆਧਾਰ ਤੇ ਕੀਤਾ ਹੈ । ਕਿਸੇ ਵਿਅਕਤੀ ਨੂੰ ਉਸਦੇ ਹਿੰਦੂ, ਮੁਸਲਮਾਨ, ਪੰਡਿਤ, ਜੋਗੀ ਜਾਂ ਸਨਿਆਸੀ ਆਦਿਕ ਹੋਣ ਕਰਕੇ ਸਲਾਹਿਆ ਜਾਂ ਨਿੰਦਿਆ ਨਹੀਂ ਗਿਆ । ਜਿਹੜੇ ਲੋਕ ਕਿਸੇ ਵੀ ਭੇਖ ਜਾਂ ਮਜ਼ਹਬ ਦੇ ਹੋਣ ਪਰ ਉਹ ਕਰਮਾਂ ਕਰਕੇ 'ਗੁਰਮੁਖ', 'ਭਗਤ', 'ਸਚਿਆਰ', 'ਹੰਸ', 'ਸੰਜੋਗੀ' ਅਤੇ 'ਗੁਣਵੰਤ' ਹੋਣ ਉਹਨਾਂ ਨੂੰ ਪਰਵਾਨਗੀ ਦਿਤੀ ਗਈ ਹੈ ਅਤੇ ਉਹਨਾਂ ਦੀ ਸਿਫਤ ਕੀਤੀ ਗਈ ਹੈ ਅਤੇ ਜਿਹੜੇ ਲੋਕ 'ਮਨਮੁਖਿ' 'ਸਾਕਤ', 'ਕੂੜਿਆਰ', 'ਬਗਲੇ' ਵਿਜੋਗੀ ਅਤੇ ਅਉਗਣਵੰਤ ਹੋਣ ਉਹਨਾਂ ਦੀ ਨਖੇਧੀ ਕੀਤੀ ਗਈ ਹੈ । ਰਿਸ਼ਤੇਦਾਰੀ ਜਾਂ ਬਰਾਦਰੀ ਦੇ ਆਧਾਰ ਤੇ ਸਾਂਝ ਨਹੀਂ ਵਧਾਈ ਸਗੋਂ ਸਚੇ ਗੁਣਾਂ ਦੇ ਆਧਾਰ ਤੇ ਸਾਂਝ ਪਾਉਣ ਦਾ ਆਦੇਸ਼ ਹੈ । ਗੁਰੂ ਨਾਨਕ ਦੇਵ ਜੀ ਦਾ ਤਾਂ ਕਥਨ ਹੈ ਹੀ ਕਿ

"ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ
ਜੇ ਗੁਣ ਹੋਵਨਿ ਸਾਜਨਾ ਮਿਲਿ ਸਾਝ ਕਰੀਜੈ
ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ"
(ਸੂਹੀ ਛੰਤ)

ਪਰ ਇਸ ਦੇ ਉਲਟ ਰਿਸ਼ਤੇਦਾਰੀਆਂ ਦੇ ਸਬੰਧਾਂ ਬਾਰੇ ਲਿਖਿਆ ਹੈ :

"ਜਾਰਉ ਐਸੀ ਪ੍ਰੀਤਿ ਕੁਟੰਬ ਸਨਬੰਧੀ
ਮਾਇਆ ਮੋਹਿ ਪਸਾਰੀ"

ਪੌਰਾਣਿਕ ਕਾਲ ਦੀ ਜਿਸ ਅਹਿਮ ਘਟਨਾ ਤੋਂ ਹੋਲੀ-ਹੋਲਾ-ਮਹੱਲਾ ਮੇਲਿਆਂ ਦਾ ਆਰੰਭ ਹੋਇਆ ਉਹ ਭਗਤ ਸ਼੍ਰੋਮਣੀ ਗੁਰਮੁਖ ਪ੍ਰਹਿਲਾਦ ਬਾਲਕ ਦਾ ਅਪਣੇ ਹੀ ਪਿਤਾ ਮਨਮੁਖ, ਸਾਕਤ ਤੇ ਕੂੜਿਆਰੇ ਹਰਨਾਕਸ਼ ਨਾਲ ਟੱਕਰ ਸੀ । ਹੋਰਨਾਂ ਤਸੀਹਿਆਂ ਬਾਅਦ ਭਗਤ ਨੂੰ ਰਾਮ ਦੇ ਰਾਹ ਤੋਂ ਸਦਾ ਲਈ ਲਾਂਭੇ ਕਰਨ ਵਾਸਤੇ ਭੂਆ ਹੋਲਿਕਾ ਨੇ ਜਤਨ ਕੀਤਾ । ਬਾਲ ਪ੍ਰਹਿਲਾਦ ਨੂੰ ਸਾੜਨ ਵਾਸਤੇ ਇਕ ਵਰਦਾਨੀ ਚਾਦਰ ਓੜ ਕੇ ਉਹ ਬੈਠੀ ਅਤੇ ਗੋਦ ਵਿਚ ਭਤੀਜੇ ਪ੍ਰਹਿਲਾਦ ਨੂੰ ਲਿਆ । ਅੱਗ ਦੀਆਂ ਲਪਟਾਂ ਵਿਚ ਉਹ ਖੁਦ ਭਸਮ ਹੋ ਗਈ ਅਤੇ ਪ੍ਰਹਿਲਾਦ ਬਚ ਗਿਆ । ਲੋਹੇ ਦੇ ਤਪਦੇ ਥੰਮ ਨੂੰ ਜੱਫੀਆਂ ਪੁਆਉਣ ਤੇ ਵੀ ਬਾਲ ਭਗਤ ਦਾ ਵਾਲ ਵਿੰਗਾ ਵੀ ਨਾ ਹੋਇਆ ਤਾਂ ਪਿਤਾ ਅਪਣੇ ਪੁਤਰ ਨੂੰ ਖਤਮ ਕਰਨ ਵਾਸਤੇ ਤਲਵਾਰ ਲੈ ਕੇ ਖੜਾ ਹੋ ਗਿਆ, ਪਰ ਗੁਰਮੁਖ ਭਗਤ ਨੇ ਮੌਤ ਤੋਂ ਵੀ ਬੇਖੌਫ ਹੋ ਕੇ ਐਲਾਨ ਕੀਤਾ :

"ਇਕ ਰਾਮ ਨ ਛਡਉ ਗੁਰਹਿ ਗਾਰਿ
ਮੋਕਉ ਘਾਲਿ ਜਾਰਿ ਭਾਵੈ ਮਾਰਿ ਡਾਰਿ"
(ਬਸੰਤ ਕਬੀਰ)

ਉਸ ਵੇਲੇ ਸੰਮੁਖ ਹਰਨਾਕਸ਼ ਨੂੰ ਪਛਾੜਨ ਵਾਸਤੇ ਅਤੇ ਆਦਿ ਜੁਗਾਦਿ ਸੰਤਾਂ ਦੀ ਰਖਿਆ ਦੀ ਗਾਰੰਟੀ ਦੇਣ ਵਾਸਤੇ ਹਰਿ ਆਪ :

"ਥੰਮ ਪਾੜਿ ਪਰਗਟਿਆ ਨਰ ਸਿੰਘ ਰੂਪ
ਅਨੂਪ ਅਨਾਦਿ"

ਹੋਲਿਕਾ ਸੜਨ, ਹਰਨਾਖਸ਼ ਮਰਨ ਅਤੇ ਪ੍ਰਹਿਲਾਦ ਦੀ ਜਿੱਤ ਦੀ ਖਬਰ ਗੁਰਮੁਖਾਂ ਵਾਸਤੇ ਜੈ ਜੈਕਾਰ ਦਾ ਅਵਸਰ ਹੋਈ ਅਤੇ ਹੋਲੀ ਦਾ ਤਿਉਹਾਰ ਸਦਾ ਵਾਸਤੇ ਭਾਰਤ ਵਾਸੀਆਂ ਦੇ ਹਿਰਦਿਆਂ ਨੂੰ ਖਿੜਾਉਣ ਵਾਸਤੇ ਸਥਾਪਤ ਹੋ ਗਿਆ ।



Sri Satguru Jagjit Singh Ji eLibrary NamdhariElibrary@gmail.com



ਹੋਲਾ ਮਹਲਾ ਦੇ ਸੰਸਥਾਪਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਇਹ ਕਥਾ ਸਾਰੀ ਦੁਨੀਆਂ ਦੇ ਗੁਰਮੁਖ ਵਰਗ ਵਾਸਤੇ ਪ੍ਰੇਰਨਾ ਸਰੋਤ ਬਣੀ ਹੋਈ ਹੈ। ਆਸਾ ਦੀ ਵਾਰ ਦੇ ਰੋਜ਼ਾਨਾ ਕੀਰਤਨ ਵਿਚ ਗੁਰੂ ਰਾਮਦਾਸ ਜੀ ਦਾ ਅੰਤਿਮ ਛੱਕਾ ਰੋਜ਼ ਸਿੱਖਾਂ ਨੂੰ ਇਹ ਗੱਲ ਦ੍ਰਿੜ ਕਰਵਾਉਂਦਾ ਹੈ ਕਿ ਭਗਵਾਨ ਜੁਗਾਂ ਜੁਗਾਂ ਤੋਂ ਭਗਤਾਂ ਦੀ ਪੈਜ ਰਖਦਾ ਆਇਆ ਹੈ। ਉਸ ਨੇ ਹਰਨਾਖਸ਼ ਦੁਸ਼ਟ ਨੂੰ ਮਾਰ ਕੇ ਪ੍ਰਹਿਲਾਦ ਦੀ ਰਖਿਆ ਕੀਤੀ। ਹੰਕਾਰੇ ਹੋਏ ਨਿੰਦਕਾਂ ਨੂੰ ਪਿਠ ਦੇ ਕੇ ਪਿਆਰੇ ਭਗਤ ਨਾਮਦੇਵ ਨੂੰ ਗਲੇ ਨਾਲ ਲਾਇਆ ਐਸਾ ਹਰਿ ਸੇਵਨ ਨਾਲ ਉਹ ਅੰਤ ਨੂੰ ਛੜਾ ਲੈਂਦਾ ਹੈ।

ਗੁਰਮੁਖਾਂ ਦੀ ਬੇਮੁਖਾਂ ਉਤੇ ਜਿੱਤ ਦੇ ਨਾਲ ਨਾਲ ਬਸੰਤ ਰੁੱਤ ਦੇ ਸੁਹੱਪਣ, ਧਰਤੀ ਦੇ ਨਿਖਾਰ, ਬਨਸਪਤੀ ਤੇ ਖਿੜਦੇ ਰੰਗ ਬਰੰਗੇ ਫੁੱਲਾਂ ਦੇ ਹੁਸਨ ਅਤੇ ਸੁਗੰਧੀ ਨੇ ਮਨਾਂ ਵਿਚ ਖੇੜਾ ਲੈ ਆਂਦਾ। ਇਸ ਸੰਜੋਗੀ ਵਾਤਾਵਰਨ ਵਿਚ ਉਨ੍ਹਾਂ ਪ੍ਰਭੂ ਦੇ ਗੀਤ ਗਾਉਣੇ ਅਤੇ ਨਚਣਾ ਸ਼ੁਰੂ ਕੀਤਾ। ਇਸ ਦੇ ਨਾਲ ਹੀ ਲਾਲ ਗੁਲਾਲ ਦੇ ਰੰਗਾਂ ਨਾਲ ਇਕ ਦੂਜੇ ਨੂੰ ਸੁਗੰਧਤ ਅਤੇ ਰੰਗੀਲਾ ਬਣਾ ਦਿਤਾ। ਹਰ ਪ੍ਰਕਾਰ ਦੀ ਦਵੈਤ ਈਰਖਾ ਭੁਲਾ ਕੇ ਬਸ ਰਾਮੇ ਹੀ ਰਾਮ ਹੋ ਕੇ ਉਹ ਹਰਿ ਰੰਗ ਵਿਚ ਹੀ ਰੰਗੇ ਗਏ। ਇਵੇਂ ਹੋਲੀ ਰੰਗਾਂ ਦਾ ਤਿਉਹਾਰ ਖੁਸ਼ੀਆਂ ਦਾ ਤਿਉਹਾਰ ਬਣ ਗਿਆ।

ਆਮ ਲੋਕਾਂ ਵਿਚ ਭਾਵੇਂ ਹੋਲੀ ਦੀ ਮੂਲ ਭਾਵਨਾ ਤੇ ਉਲਟ ਰੰਗਾਂ ਦੀ ਖੇਡ ਤਮਾਸ਼ਬੀਨੀ ਵਲ ਵੀ ਚਲੀ ਗਈ ਹੈ ਪਰ ਗੁਰਮੁਖ ਸਮੂਹਾਂ ਨੇ "ਇਕੁ ਰਾਮੁ ਨ ਛੋਡਉ ਗੁਰਹਿ ਗਾਰਿ" ਨੂੰ ਯਾਦ ਕੀਤੀ ਰਖਿਆ। ਜਿਵੇਂ ਇਕ ਕੁਸ਼ਲ ਗਾਇਕ ਆਪਣੀ ਸਥਾਈ ਨੂੰ ਮੁੜ ਮੁੜ ਦੁਹਰਾਉਂਦਾ ਹੈ। ਕਈ ਅੰਤਰੇ ਅਤੇ ਤਾਨਾਂ ਮਾਰ ਕੇ ਆ ਧਾ ਸਥਾਈ ਦੇ ਜ਼ੋਰ ਤੇ ਕਰਦਾ ਹੈ ਇਵੇਂ ਹੀ ਜੁਗਾਂ ਜੁਗਾਂਤਰਾਂ ਤੋਂ "ਹਰਨਾਖਸ਼ ਦੁਸ਼ਟ ਹਰਿ ਮਾਰਿਆ ਪ੍ਰਹਲਾਦ ਤਰਾਇਆ" ਵਾਲੀ ਸਾਖੀ ਦੁਹਰਾਈ ਜਾਂਦੀ ਰਹੀ ਹੈ। ਭਾਵੇਂ ਪਾਤਰਾਂ ਦੇ ਨਾਮ ਸਮਾਂ ਸਥਾਨ ਅਤੇ ਪ੍ਰਸਥਿਤੀਆਂ ਲਗਾਤਾਰ ਬਦਲਦੀਆਂ ਰਹੀਆਂ ਹਨ ਪਰ ਹਰ ਵਾਰ ਇਕ ਨਵਾਂ ਹਰਨਾਖਸ਼ ਮਾਰਨ ਦੀਆਂ ਕੋਸ਼ਿਸ਼ਾਂ ਹੋਈਆਂ ਹਨ। ਇਸੇ ਵਾਸਤੇ ਹੀ ਭਗਤ ਕਬੀਰ ਜੀ ਨੇ ਕਿਹਾ ਹੈ:

'ਪ੍ਰਹਿਲਾਦ ਉਧਾਰ ਅਨਿਕ ਬਾਰ'

ਅਪਣੇ ਸਮੇਂ ਦੇ ਸਤਿਗੁਰੂ ਭਗਵਾਨ ਕ੍ਰਿਸ਼ਨ ਨੇ ਦੁਸ਼ਟਾਂ ਨੂੰ ਮਾਰਿਆ ਅਤੇ ਸੰਤਾਂ ਨੂੰ ਉਭਾਰਿਆ ਅਤੇ ਫੇਰ ਹੋਲੀ ਦੇ ਦਿਨਾਂ ਵਿਚ ਨਰ ਨਾਰੀਆਂ ਨਾਲ ਹੋਲੀ ਖੇਡੀ ਗੀਤ ਗਾਏ ਅਤੇ ਧਮਾਰ ਵਰਗੇ ਤਾਲਾਂ ਦੇ ਨਾਚ ਕੀਤੇ। ਉਹਨਾਂ ਦੇ ਇਸ ਹੋਲੀ ਸਮਾਗਮ ਦਾ ਦ੍ਰਿਸ਼ ਇਕ ਹੋਰ ਦੁਸ਼ਟ ਦਮਨ ਸਤਿਗੁਰੂ ਜਿਸ ਨੇ ਆਪਣੇ ਸੰਸਾਰ ਆਗਮਨ ਦਾ ਪ੍ਰਯੋਜਨ ਵੀ ਧਰਮ ਚਲਾਉਣਾ, ਸੰਤਾਂ ਨੂੰ ਉਭਾਰਨਾ ਅਤੇ ਸਭ ਦੁਸ਼ਟਾਂ ਨੂੰ ਜੜੋਂ ਪੁਟਣਾ ਦਸਿਆ ਹੈ, ਭਾਵ ਗੁਰੂ ਗੋਬਿੰਦ ਸਿੰਘ ਜੀ ਨੇ ਅਪਣੀ ਕਲਮ ਅਤੇ ਕਲਪਨਾ ਨਾਲ ਇਵੇਂ ਵਰਨਣ ਕੀਤਾ ਹੈ:

ਮਾਘ ਬਤੀਤਿ ਭਏ ਰੁਤ ਫਾਗੁਨ<br>
ਆਇ ਗਈ ਸਭ ਖੇਲਤ ਹੋਰੀ<br>
ਗਾਵਤ ਗੀਤ ਬਜਾਵਤ ਤਾਲ<br>
ਕਹੈ ਮੁਖ ਤੇ ਭਰੂਆ ਮਿਲ ਜੋਰੀ<br>
ਡਾਰਤ ਹੈ ਅਲਿਤਾ ਬਨਿਤਾ<br>
ਛਟਿਕਾ ਸੰਗ ਮਾਰਤ ਬੈਸਨ ਥੋਰੀ<br>
ਖੇਲਤ ਸਾਮ ਧਮਾਰ ਅਨੂਪ<br>
ਮਹਾ ਮਿਲਿ ਸੁੰਦਰ ਸਾਂਵਲ ਗੋਰੀ (ਸ੍ਰੀ ਦਸਮ ਗ੍ਰੰਥ)

(ਸੰਜੋਗ ਦੀ ਗੱਲ ਹੈ ਕਿ ਇਹਨਾ ਰੁਤਾਂ ਨੂੰ ਰਾਗ ਤਾਲ ਦੀ ਬੰਦਿਸ਼ ਵਿਚ ਵੀ ਸਮੇਂ ਦੇ ਸਤਿਗੁਰੂ, ਸਤਿਗੁਰੂ ਜਗਜੀਤ



Sri Satguru Jagjit Singh Ji eLibrary NamdhariElibrary@gmail.com

ਸਿੰਘ ਨੇ ਬੰਨ੍ਹਿਆ ਹੈ ।)

ਗੁਰੂ ਅਰਜਨ ਦੇਵ ਜੀ ਨੇ ਮਿੱਤਾਂ ਦੀ ਸੇਵਾ ਨੂੰ ਹੀ ਹੋਲੀ ਮਨਾਉਣਾ ਕਿਹਾ ਹੈ ।

ਗੁਰੂ ਗੋਬਿੰਦ ਸਿੰਘ ਜੀ ਨੇ ਜਿਥੇ ਵਕਤ ਦੇ ਹਰਨਾਖਸ਼ਾਂ ਨੂੰ ਮਾਰਨ ਵਾਸਤੇ ਜੰਗ ਜੁਧ ਕੀਤੇ ਇਸੇ ਹੀ ਭਾਵ ਨਾਲ ਹੋਲੀ ਤੋਂ ਹੋਲਾ ਕਰਕੇ ਅਤੇ ਮਹਲਾ ਕਢ ਕੇ ਅਨੰਦਪੁਰ ਵਿਚ ਜੰਗੀ ਕਰਤਬਾਂ ਦੀ ਲੀਹ ਤੋਰੀ, ਜਿਥੇ ਉਹਨਾਂ ਨੇ ਹੋਲੀ-ਹੋਲੇ ਦੇ ਦਿਨਾਂ ਵਿਚ ਮ੍ਰਿਦੰਗਾਂ ਰਬਾਬਾਂ ਅਤੇ ਹੋਰ ਸਾਜ਼ਾਂ ਦੁਆਰਾ ਰਾਗ ਦਰਬਾਰ ਅਤੇ ਗੁਰਬਾਣੀ ਕੀਰਤਨ ਦੀਆਂ ਛਹਿਬਰਾਂ ਲਾਈਆਂ ਓਥੇ ਇਸ ਤਿਉਹਾਰ ਉਤੇ ਕੇਸਰ ਕਸਤੂਰੀ ਅਤੇ ਗੁਲਾਬ ਛਿੜਕ ਕੇ ਸੰਗਤਾਂ ਨਾਲ ਧੁਮੀਆਂ ਮਚਾਈਆਂ ਕੀਤੀਆਂ । ਭਾਈ ਨੰਦ ਲਾਲ ਦੀ ਇਕ ਗ਼ਜ਼ਲ (ਗੁਲੇ ਹੋਲੀ ਬ ਬੋ ਦਹਰ ਕੂ ਕਰਦ) ਵਿਚ ਹੋਲੀ ਖੇਲਣ ਦਾ ਸੁੰਦਰ ਜ਼ਿਕਰ ਹੈ ।

"ਸਤਿਗੁਰੂ ਜੀ ਨੇ ਆਪਣੇ ਹੱਥਾਂ ਨਾਲ ਗੁਲਾਲ ਉਡਾ ਕੇ ਧਰਤੀ ਤੇ ਆਕਾਸ਼ ਨੂੰ ਵੀ ਰੰਗ ਦਿਤਾ । ਉਹਨਾਂ ਦੀ ਕਿਰਪਾ ਨਾਲ ਦੋਵੇਂ ਲੋਕ ਰੰਗੇ ਗਏ ਹਨ । ਜਦੋਂ ਉਸ ਦਸਮੇਸ਼ ਪਿਆਰੇ ਨੇ ਰੰਗਿਆ ਹੋਇਆ ਚੋਲਾ ਪਾਇਆ ਤਾਂ ਜਿਸ ਨੇ ਉਹਨਾਂ ਦਾ ਦਰਸ਼ਨ ਕੀਤਾ ਸਾਰੀ ਉਮਰ ਦੀਆਂ ਆਸਾਂ ਪੂਰਨ ਕਰ ਲਈਆਂ...।"

ਦੂਗ ਬਦਲ ਜਾਏਂ, ਢੰਗ ਤਰੀਕੇ ਬਦਲ ਜਾਏ ।

ਸਤਿਗੁਰ ਰਾਮ ਸਿੰਘ ਜੀ ਮਹਾਰਾਜ ਨੇ ਹਰਨਾਕਸ਼ ਦੇ ਨਵੇਂ ਸਰੂਪ ਅੰਗਰੇਜ਼ੀ ਸਰਕਾਰ ਦੇ ਨਾਲ ਵੀ ਟੱਕਰ ਲਈ ਅਤੇ ਵਕਤ ਦੀ ਪੁਜਾਰੀ ਸ਼੍ਰੇਣੀ ਦੀ ਵੀ ਮੁਖਾਲਫ਼ਤ ਸਹੇੜੀ । ਆਪ ਜੀ ਨੇ ਤਾਂ ਨਾਮ ਦਾ ਛੱਟਾ ਹੀ ਖਲੇਰ ਦਿਤਾ ਅਤੇ ਦੇਸਾਂ ਦਿਸਾਂਤਰਾਂ ਵਿਚ ਧੁਮ ਮਚ ਗਈ । ਚੀਨੀ ਵਾਲੇ ਪਾਤਸ਼ਾਹ ਨੇ ਜਿਥੇ ਕਰੜੀ ਰਹਿਤ ਮਰਿਆਦਾ ਅਤੇ ਸੁਖ ਸੰਜਮ ਦਾ ਪਰਚਾਰ ਕੀਤਾ ਉਥੇ ਹੋਲੇ ਮਹੱਲੇ ਦੇ ਸਾਲਾਨਾ ਦੇ ਸਮਾਗਮ ਵੀ ਕੀਤੇ । ਦੋ ਹੋਲੇ ਸੰਨ ੧੮੬੭ ਅਤੇ ੧੮੭੧ ਸ੍ਰੀ ਅਨੰਦਪੁਰ ਸਾਹਿਬ ਜਾ ਕੇ ਕੀਤੇ । ਭਜਨ ਬਾਣੀ ਤਥਾ ਕੀਰਤਨ ਤੋਂ ਇਲਾਵਾ ਆਪ ਜੀ ਨੇ ਰੰਗਾਂ ਨਾਲ ਵੀ ਹੋਲਾ ਖੇਲਿਆ । ਸੰਤ ਧਿਆਨ ਸਿੰਘ ਅਨੁਸਾਰ :

"ਉੱਜਲ ਪੁਸ਼ਾਕੇ ਛੈਲ ਬਾਂਕੇ ਪਹਿਰ ਆਵੈ,
ਛਿੜਕਾਵੇਂ ਰੰਗ ਲਾਲ ਤਾਕੇ ਲਾਲ ਮਨ ਭਾਇ ਹੈ




ਤੇਸਾ ਧਾਰੀ ਖੇਲੇ ਹੋਲਾ, ਵਕਤ ਅਮੋਲਾ ਤੂਲ,
ਧਿਆਨ ਸਿੰਘ ਗੋਲਾ ਤਾਕੋ ਸਦਾ ਜੱਸ ਗਾਇ ਹੈ"

... ... ...

ਇਸ ਸਮੇਂ ਢੋਲਕ ਛੈਣਿਆਂ ਤੇ ਮਸਤਾਨੇ ਨਚਦੇ ਫਿਰਦੇ ਸਨ, ਸਭ ਪਾਸੇ ਲਾਲੋਂ ਲਾਲ ਹੋਇਆ ਪਿਆ ਸੀ । ਹੋਰ ਕੋਈ ਗੱਲ ਨਹੀਂ ਸੀ ਸਿਵਾਏ ਸਤਿਗੁਰੂ ਦੇ । ਸਤਿਜੁਗ ਦਾ ਦੌਰ ਵਰਤ ਰਿਹਾ ਸੀ । ਨਾਮ ਸਿਮਰਨ ਸ਼ਬਦ ਕੀਰਤਨ ਅਤੇ ਸਤਿਗੁਰੂ ਦੇ ਦਰਸ਼ਨਾਂ ਦੇ ਜੰਗਮ ਤੀਰਥ ਦੀ ਤਾਰੀਆਂ ਸੰਗਤਾਂ ਲਾ ਰਹੀਆਂ ਸਨ ।

ਸਤਿਗੁਰੂ ਜਗਜੀਤ ਸਿੰਘ ਜੀ ਬਾਰੇ ਡਾਕਟਰ ਭਗਵਾਨ ਦਾਸ ਵਰਮਾ ਮਹਾਰਾਸ਼ਟਰ ਦੇ ਪ੍ਰਸਿਧ ਵਿਦਵਾਨ ਨੇ ਕਿਹਾ ਹੈ ਕਿ "ਆਪ ਗੁਰੂ ਨਾਨਕ ਦੀ ਮਾਨਵਤਾ, ਗੁਰੂ ਗੋਬਿੰਦ ਸਿੰਘ ਦੀ ਵੀਰਤਾ ਅਤੇ ਗੁਰੂ ਰਾਮ ਸਿੰਘ ਜੀ ਦੀ ਦੇਸ਼ ਭਗਤੀ ਦਾ ਵਿਲੱਖਣ ਮਿਸ਼ਰਨ ਹਨ । ਉਹਨਾਂ ਵਿਚ ਚਿੰਤਨ ਅਤੇ ਕਰਮ ਇਕ ਸਾਥ ਹਨ" । ਸਤਿਗੁਰੂ ਜਗਜੀਤ



Sri Satguru Jagjit Singh Ji eLibrary NamdhariElibrary@gmail.com



ਇਕੋ ਰਿਸ਼ਤਾ ਗੁਰੂ ਤੇ ਸਿਖ ਦਾ। ੧੭ ਓ (ਗੰਗਾ ਨਗਰ) ਦੇ ਜੱਪ ਪ੍ਰਯੋਗ ਦੀ ਸਮਾਪਤੀ ਤੇ ਧਨਵਾਦ, ਖਿਮਾ ਯਾਚਨਾ ਅਤੇ ਅਗਲੇ ਮੇਲੇ ਬੇਨਤੀ ਕਰਦੇ ਹੋਏ ਸੰਤ ਮਹਿੰਦਰ ਸਿੰਘ ਅਤੇ ਹੋਰ ਸੰਗਤ।

ਸਿੰਘ ਜੀ ਨੇ ਜਿਥੇ ਸਮਾਜ ਨੂੰ ਬਹੁਤ ਪੱਖਾਂ ਤੋਂ ਨਵੀਂ ਦਿਸ਼ਾ ਦਿਤੀ ਹੈ ਉਥੇ ਉਹਨਾਂ ਹਲੇ ਮਹੌਲ ਦੇ ਯੋਗ ਵਿਚ "ਅੰਬਰਾਂ ਦੇ ਮਾਲਕ ਅਡੰਬਰਾਂ ਦੇ ਤਿਆਗੀ; ਵਿਕਾਰਾਂ ਨੂੰ ਗਾਲਣ ਵਾਲੇ ਗੁਰਮੁਖੀ ਚਾਲ ਨੂੰ ਕਾਇਮ ਕਰਨ ਵਾਲੇ ਸਤਿਗੁਰੂ ਬਾਲਕ ਸਿੰਘ ਜੀ ਅਤੇ ਕਲਜੁਗ ਵਿਚ ਸੁਚ ਸੋਧ ਅਤੇ ਨਾਮ ਬਾਨੀ ਦਾ ਪਰਵਾਹ ਹੀ ਚਲਾਉਣ ਵਾਲੇ ਨਾਮਧਾਰੀ ਪੰਥ ਦੇ ਉਸਰੀਏ ਮਹਾਂ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਦੇ ਅਵਤਾਰ ਪੁਰਬਾਂ ਨੂੰ ਸ਼ਾਮਲ ਕਰਕੇ ਇਕ ਮਹਾਨ ਦੈਵੀ ਪ੍ਰਯੋਜਨ ਦੇ ਰੂਪ ਵਿਚ ਇਸ ਮੇਲੇ ਦਾ ਪਸਾਰ ਕਰ ਦਿਤਾ ਹੈ। ਅਤੇ ਬਹੁਤ ਸਹੀ ਰੂਪ ਵਿਚ ਰਾਮ ਨਾਮ, ਦੀ ਪ੍ਰਮੁਖਤਾ ਅਤੇ ਸਤਿਗੁਰੂ ਪ੍ਰਰਪ ਦੀ ਮਹਾਨਤਾ ਨੂੰ ਸਥਾਪਤ ਕੀਤਾ ਹੈ। ਗੁਰੂ ਰੂਪੀ ਮਹਾਨ ਤੀਰਥ ਨੂੰ ਪਰਸਨ ਦਾ ਮੌਕਾ ਇਸ ਸੜਦੀ ਬਲਦੀ ਪਥ ਗ੍ਰਿਹਸਤੀ ਦੁਨੀਆਂ ਨੂੰ ਪ੍ਰਦਾਨ ਕੀਤਾ ਹੈ। ਆਪ ਨੇ ਇਕ ਅਤੀ ਉਤਮ ਸੰਗਤ ਨੂੰ ਮਾਨਣ ਦਾ ਅਵਸਰ ਮਿਲਿਆ ਹੋਇਆ। ਗੁਰਮੁਖਾਂ ਦੀ ਸੰਗਤ, ਗੁਰਮੁਖਾਂ ਦਾ ਮੇਲਾ ਜਿਹੜਾ ਕੁਲਾਂ ਤਾਰਦਾ ਹੈ।

ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਸਤਿ ਸੰਗਤ ਮਾਨ ਸਰੋਵਰ ਹੈ ਅਤੇ ਮਾੜੀ ਸੰਗਤ ਕਲਰੋਂ ਹੋਏ ਪਾਣੀ ਦੀ ਛੱਪੜੀ ਹੈ। ਉਹ ਆਖਦੇ ਹਨ ਕਿ ਤੁਸੀਂ ਸੰਤ ਸਭਾ ਦੀ ਜੈਕਾਰ ਕਰੋ ਅਤੇ ਗੁਰਮੁਖਾਂ ਵਾਲੇ ਕਰਮ ਕਰੋ। ਜਦੋਂ ਗੁਰੂ ਰੂਪੀ ਤੀਰਥ ਦਰਿਆ ਵਿਚ ਇਸ਼ਨਾਨ ਕਰੋਗੇ ਤਾਂ ਨਿਰਮਲ ਹੋ ਜਾਓਗੇ:

"ਸੰਤ ਸਭਾ ਜੈਕਾਰੁ ਕਰਿ ਗੁਰਮੁਖਿ ਕਰਮ ਕਮਾਉ
ਨਿਰਮਲ ਨ੍ਹਾਵਣੁ ਨਾਨਕਾ ਗੁਰੁ ਤੀਰਥੁ ਦਰੀਆਉ

ਭਾਰਤ ਦੀ ਰਾਜਧਾਨੀ ਦਿੱਲੀ ਵਿਚ ਚਾਰ ਦਿਵਸੀ ਸੰਤ ਸਭਾ ਲਗ ਰਹੀ ਹੈ। ਗੁਰੂ ਤੀਰਥ ਪਰਸਨ ਦਾ ਪੁੰਨ ਪ੍ਰਾਪਤ ਕਰਨ ਦਾ ਮੌਕਾ ਮਿਲ ਰਿਹਾ ਹੈ। ਭਗਵਾਨ ਦਾ ਨਾਮ ਸਿਮਰਨ ਅਤੇ ਗੁਰੂ ਦਰਸ਼ਨਾਂ ਦਾ ਸੁਭਾਗ ਪ੍ਰਾਪਤ ਹੋ ਰਿਹਾ ਹੈ।

ਗੁਰਮੁਖਾਂ ਦਾ ਮੇਲਾ ਹੋ ਰਿਹਾ ਹੈ। ਆਓ ਅਰਦਾਸ ਕਰੀਏ ਕਿ ਜਿਥੇ ਮਨੁੱਖਾਂ ਦਾ ਮੇਲਾ ਹੋਵੇ ਤਾਂ ਗੁਰਮੁਖਾਂ ਦਾ ਮੇਲਾ ਹੋਵੇ। ਗੁਣਵੰਤ, ਗੁਰਮੁਖ, ਭਗਤ, ਸਚਿਆਰ, ਹੰਸ ਇਹਨਾਂ ਦੇ ਗੁਣਾਂ ਦਾ ਕੁਲ ਧਰਤੀ ਤੇ ਵਿਕਾਸ ਹੋਵੇ।

×



Sri Satguru Jagjit Singh Ji eLibrary NamdhariElibrary@gmail.com

ਸਤਿਗੁਰੂ ਰਾਮ ਸਿੰਘ ਜੀ ਦੇ ਹੋਲਿਆਂ 'ਚੋਂ

# ਅਨੰਦਪੁਰ ਦਾ ਹੋਲਾ ਮਹੱਲਾ

ਮਾਰਚ ੧੮੬੭

—ਸ: ਨਾਹਰ ਸਿੰਘ

ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਜੀ ਦੇ ਸੰਨ ੧੮੭੨ ਵਿਚ ਪ੍ਰਦੇਸ ਜਾਣ ਤੋਂ ਪਹਿਲਾਂ ਛੇ ਹੋਲਿਆਂ ਦਾ ਇਤਿਹਾਸ ਵਿਚ ਮਹੱਤਵ ਪੂਰਨ ਜ਼ਿਕਰ ਹੈ। ਸੰਨ ੧੮੬੬ ਵਿਚ ਖੋਟੇ ਪਿੰਡ (ਫਿਰੋਜ਼ਪੁਰ), ੧੮੬੭ ਵਿਚ ਸ੍ਰੀ ਅਨੰਦਪੁਰ ਸਾਹਿਬ, ੧੮੬੮ ਵਿਚ ਸ੍ਰੀ ਭੈਣੀ ਸਾਹਿਬ, ੧੮੬੯ ਵਿਚ ਮਾਲਾਂ ਵਾਲੇ (ਸਿਆਲਕੋਟ), ੧੮੭੦ ਵਿਚ ਸ੍ਰੀ ਭੈਣੀ ਸਾਹਿਬ ਅਤੇ ੧੮੭੧ ਵਿਚ ਮੁੜ ਸ੍ਰੀ ਅਨੰਦਪੁਰ ਜਿਥੇ ਆਪ ਨੇ ਭਵਿਖ ਬਚਨ ਕੀਤਾ ਸੀ :

ਬੋਲੇ ਪ੍ਰਭੂ ਸੁਨਹੋ ਮਮ ਭ੍ਰਾਤ
ਭਾਣੇ ਕੀ ਕਿਛ ਅਚਰਜ ਬਾਤ
... ਪਰਾਲਬਧ ਜੋ ਦੇਖੋਂ ਹੋਲਾ
ਜਾਇ ਬਦੇਸ ਕਿਛ ਦਿਨ ਚੋਲਾ
ਫਿਰ ਮਹਲਾ ਹੋਲਾ ਖੇਲੋਂ
ਨਦੀਆਂ ਵਾਹ ਸੰਜੋਗੀ ਮੇਲੋ।

—(ਭਾਈ ਧਿਆਨ ਸਿੰਘ)

ਸੰਨ ੧੮੬੭ ਵਿਚ ਅਨੰਦਪੁਰ ਸਾਹਿਬ ਦੇ ਪਹਿਲੇ ਹੋਲੇ ਮਹੱਲੇ ਦੀ ਇਤਿਹਾਸ ਵਿਚ ਵਿਸ਼ੇਸ਼ ਅਹਿਮੀਅਤ ਹੈ। ਅੰਗਰੇਜ਼ ਹਕੂਮਤ ਇਸ ਸਮੇਂ ਨਾਮਧਾਰੀਆਂ ਤੇ ਕੜੀ ਨਿਗਰਾਨੀ ਰਖ ਰਹੀ ਸੀ। ਇਸ ਸੰਘਰਸ਼ ਪੂਰਨ ਸਮੇਂ ਹੋਏ ਹੋਲੇ ਦਾ ਵਰਣਨ ਇਸ ਲੇਖ ਵਿਚ ਸ: ਨਾਹਰ ਸਿੰਘ ਜੀ ਨੇ ਕੀਤਾ ਹੈ।

—ਸੰਪਾਦਕ

ਪੰਜਾਬ ਦੇ ਲਾਟ ਸਾਹਿਬ ਨੇ ਸੰਨ ੧੮੬੬ ਦੇ ਅਖੀਰਲੇ ਦਿਨਾਂ ਵਿਚ ਗੁਰੂ ਰਾਮ ਸਿੰਘ ਜੀ ਦੇ ਭੈਣੀ ਤੋਂ ਬਾਹਰ ਜਾਣ ਉਤੇ ਲੱਗੀਆਂ ਪਾਬੰਦੀਆਂ ਨੂੰ ਕੁਝ ਢਿੱਲਿਆਂ ਕਰਕੇ ਇਸ ਨਵੀਂ ਲਹਿਰ ਦਾ ਅੰਦਾਜ਼ਾ ਲਾਉਣਾ ਚਾਹਿਆ। ਆਪ ਜੀ ਨੂੰ ਡਿਪਟੀ ਕਮਿਸ਼ਨਰ ਰਾਹੀਂ ਇਹ ਗੱਲ ਪਹੁੰਚਾਈ ਗਈ, ਕਿ ਆਪ ਨੂੰ ਸਿਰਫ ਗੁਰਦਵਾਰਿਆਂ ਦੀ ਯਾਤਰਾ ਲਈ ਇਜਾਜ਼ਤ ਦਿਤੀ ਜਾ ਸਕਦੀ ਹੈ। ਆਪ ਜੀ ਨੇ ਜਨਵਰੀ ੧੮੬੭ ਮਾਘੀ ਦੇ ਮੇਲੇ ਤੇ ਮੁਕਤਸਰ ਜਾਣ ਦੀ ਇਜਾਜ਼ਤ ਮੰਗੀ ਜੋ ਨਾ ਦਿਤੀ ਗਈ। ਇਸ ਤੇ ਕੇਂਦਰ ਭੈਣੀ ਸਾਹਿਬ ਵਿਖੇ ਹੋਲੇ ਦਾ ਮੇਲਾ ਬਗੈਰ ਇਜਾਜ਼ਤ ਲਾਉਣ ਦਾ ਫੈਸਲਾ ਕੀਤਾ ਗਿਆ।

ਭੈਣੀ ਵਿਖੇ ਮੇਲਾ ਲਾਉਣ ਲਈ ਪ੍ਰਕ੍ਰ ਦੇਵਣ ਸੰਬੰਧੀ ਜ਼ਿਲਾ ਲੁਧਿਆਣਾ ਦੇ ਸੁਪਰੰਟੈਂਡੈਂਟ ਪੁਲੀਸ ਦੀ ਰਾਇ ਸੀ, ਕਿ ਮੇਲਾ ਲੱਗਣ ਦਿਤਾ ਜਾਵੇ। ਅਤੇ ਇਸ ਵਿਚ ਕੋਈ ਦਖਲ ਨ ਦਿਤਾ ਜਾਵੇ। ਇੰਸਪੈਕਟਰ ਜਨਰਲ ਪੁਲੀਸ ਪੰਜਾਬ ਦੀ ਰਾਏ ਸੀ, ਕਿ ਭੈਣੀ ਵਿਖੇ ਮੇਲਾ ਲਾਉਣ ਦੀ ਖੁਲ ਇਸ ਸ਼ਰਤ ਤੇ ਦਿਤੀ ਜਾਵੇ, ਕਿ ਮੇਲੇ ਉਤੇ ਬੰਦਿਆਂ ਦਾ ਬਹੁਤਾ ਇਕੱਠ ਨ ਹੋਵੇ। ਜਦ ਆਪ ਜੀ ਨੂੰ ਇਹ ਸ਼ਰਤ ਦੱਸੀ ਗਈ, ਤਦ ਆਪ ਜੀ ਨੇ ਸ਼ਰਤਾਂ ਮੰਨਕੇ ਮੇਲਾ ਲਾਵਣ ਤੋਂ ਨਾਂਹ ਕਰ ਦਿਤੀ ਅਤੇ ਅੰਗਰੇਜ਼ ਅਫਸਰ ਨੂੰ ਸਾਫ਼ ਸਾਫ਼ ਕਹਿ ਦਿਤਾ, ਕਿ ਉਹ ਮੇਲਾ ਜ਼ਰੂਰ ਕਰਨਗੇ। ਇਸ ਤੇ ਆਪ ਜੀ ਨੂੰ ਹੋਲੇ ਮਹੱਲੇ ਦੇ ਮੇਲੇ ਸਮੇਂ ਗੁਰਦੁਆਰਾ ਅਨੰਦਪੁਰ ਸਾਹਿਬ ਜਾਵਣ ਦੀ ਮਨਜ਼ੂਰੀ ਲਾਟ ਸਾਹਿਬ ਨੇ ਦੇ ਦਿਤੀ। ਨਾਲ ਹੀ ਸਰਕਾਰ ਵਲੋਂ ਡਿਪਟੀ ਇਨਸਪੈਕਟਰ ਜਨਰਲ ਦੀ ਡਿਊਟੀ ਲਾ ਦਿਤੀ ਗਈ, ਕਿ ਉਹ ਅਨੰਦਪੁਰ ਖੁਦ ਪਹੁੰਚ ਕੇ ਸਾਰੇ ਪ੍ਰਬੰਧ ਦੀ ਨਿਗਰਾਨੀ ਕਰੇ।

ਨਾਮਧਾਰੀ ਸਿੰਘਾਂ ਨੂੰ ਜਗ੍ਹਾ ਜਗ੍ਹਾ ਖ਼ਬਰਾਂ ਪਹੁੰਚਾ ਦਿਤੀਆਂ ਗਈਆਂ, ਕਿ ਹੋਲੇ ਮਹੱਲੇ ਦੇ ਮੌਕੇ ਤੇ ਗੁਰੂ ਰਾਮ ਸਿੰਘ ਜੀ ਅਨੰਦਪੁਰ ਸਾਹਿਬ ਜਾਵਣਗੇ ਅਤੇ ਨਾਮਧਾਰੀਆਂ ਦਾ ਮੇਲਾ ਜਾਂ ਦੀਵਾਨ ਵੀ ਸਜੇਗਾ। ਮਾਹੀ ਦੀ ਸੱਦ ਵਾਲੀ ਖ਼ਬਰ ਸੁਣਦਿਆਂ ਸਾਰ ਨਾਮਧਾਰੀ ਸਿੰਘ ਭੈਣੀ ਵਲ ਨੂੰ ਆਵਣ ਲੱਗੇ। ਹਜ਼ਾਰਾਂ ਦੀ ਗਿਣਤੀ ਵਿਚ ਇਕੱਠ ਹੋਇਆ। ਸਾਰੇ ਸੂਬੇ, ਨਾਇਬ ਸੂਬੇ, ਜਥੇਦਾਰ, ਧਰਮਸਾਲੀਏ ਅਤੇ ਨਾਮੀ ਨਾਮਧਾਰੀਏ ਆ ਜੁੜੇ। ਭੈਣੀ ਤੋਂ ਸੰਗ ਦੀ ਸ਼ਕਲ ਵਿਚ ਵਹੀਰ ਤੁਰਿਆ। ਗੁਰੂ ਰਾਮ ਸਿੰਘ ਜੀ ਚੀਨੀ ਘੋੜੀ ਤੇ ਸਵਾਰ ਸਨ। ਸੂਬੇ ਅਤੇ ਨਾਮੀ ਨਾਮਧਾਰੀ ਘੋੜਿਆਂ ਤੇ ਸਨ।



Sri Satguru Jagjit Singh Ji eLibrary NamdhariElibrary@gmail.com

ਅਗੇ ਅਗੇ ਨਗਾਰਚੀ ਨਗਾਰਿਆਂ ਦੇ ਦੋਹਰੀਆਂ ਚੋਹਰੀਆਂ ਚੋਟਾਂ ਲਾਂਦੇ ਜਾ ਰਹੇ ਸਨ। ਉਨ੍ਹਾਂ ਦੇ ਪਿਛੇ ਪੈਦਲ ਨਸ਼ਾਨਚੀ ਕੌਮੀ ਝੰਡੇ ਝੁਲਾਂਦੇ ਤੁਰੇ ਜਾਂਦੇ ਸਨ। ਸੰਗਤਾਂ ਢੋਲਕਾਂ ਛੈਣਿਆਂ ਦੀ ਗੁੰਜਾਰ ਪਾਂਦੀਆਂ ਸ਼ਬਦ ਪੜ੍ਹਦੀਆਂ ਚਲੀਆਂ ਜਾ ਰਹੀਆਂ ਸਨ।

ਸਤਿਗੁਰੂ ਬਿਲਾਸ ਵਿਚ ਇਸ ਯਾਤਰਾ ਦਾ ਹਾਲ ਇਸ ਪ੍ਰਕਾਰ ਦਿਤਾ ਹੈ। (ਪੰਨਾ ੧੭੩)

"ਪਹਿਲੇ ਦਿਨ ਟੁਰੇ ਤਾਂ ਖਮਾਣੋਂ ਜਾਇ ਰਹੇ, ਓਥੇ ਸਰਦਾਰਾਂ ਨੇ ਸਭੀ ਪ੍ਰੇਮ ਨਾਲ ਸੰਗਤਾਂ ਦੀ ਸੇਵਾ ਕੀਤੀ। ਸ: ਪਰਤਾਪ ਸਿੰਘ ਜੀ ਨੇ ੩੦੦ ਰੁਪਿਆ ਥਾਲੀ ਮੇਂ ਭੇਂਟ ਧਰੇ। ਰੁਮਾਲ ਉਤਾਰਿਆ ਅਤੇ ਬਚਨ ਕੀਤਾ, ਏਨੇ ਰੁਪਏ ਕਾਸਨੂੰ ਲਿਆਵਣੇ ਸੀ। ਕਹਿਣ ਲੱਗਾ ਜੀ ਅਜੇ ਤਾਂ ਹੋਰ ਲਿਆਵਣ ਦਾ ਸੰਕਲਪ ਸੀ, ਏਸ ਤੋਂ ਤੇ ਮੈਂ ਜਿਆਦਾ ਸ਼ਰਾਬ ਪੀ ਜਾਂਦਾ ਸੀ, ਪਰ ਹੁਣ ਤੁਹਾਡੀ ਕ੍ਰਿਪਾ ਹੋ ਗਈ ਹੈ। ਦੀਵਾਨ ਲੱਗਾ ਅਤੇ ਕਿਤਨੇ ਹੀ ਸਿੰਘ ਸਜੇ ਅੰਮ੍ਰਿਤ ਛੱਕ ਕੇ, ਅਗੇ ਭੈਰੋਂ ਮਾਜਰੇ ਜਾਇ ਪੜਾਉ ਕੀਤਾ, ਏਥੇ ਬ੍ਰਾਹਮਣ ਸਿੰਘ ਸੱਜੇ।"

"ਰੋਪੜ ਵਿਚੋਂ ਲੰਘ ਕੇ ਕੀਰਤਪੁਰ ਗਏ, ਬਾਬੇ ਗੁਰਦਿਤੇ ਜੀ ਦੇ ਗੁਰਦੁਆਰੇ ਦੇ ਪੈਂਡਾਂ ਅਗੇ ਬਾਗ ਮੇਂ ਡੇਰਾ ਕੀਤਾ। ਸੰਗਤ ਨਾਲ ਬਾਗ ਸਾਰਾ ਭਰ ਗਿਆ।"

ਡਿਪਟੀ ਇੰਸਪੈਕਟਰ ਜਨਰਲ ਮਿਸਟਰ ਮੈਕਔਂਡਰੀਊ ਨੇ ੧੦ ਮਾਰਚ ਨੂੰ ਲਾਹੌਰ ਤੋਂ ਚਲ ਕੇ ੧੨ ਤਾਰੀਖ਼ ਨੂੰ ਜਲੰਧਰ ਦੇ ਕਮਿਸ਼ਨਰ ਨਾਲ ਗੁਰੂ ਰਾਮ ਸਿੰਘ ਜੀ ਦੇ ਅਨੰਦਪੁਰ ਆਵਣ ਸਬੰਧੀ ਸਲਾਹ ਮਸ਼ਵਰੇ ਕੀਤੇ। ਹੁਸ਼ਿਆਰਪੁਰ ਦੇ ਜ਼ਿਲੇ ਦੇ ਸੁਪਰੰਟੈਂਡੈਂਟ ਪੁਲੀਸ ਦੇ ਨਾਮ ਹੁਕਮ ਭੇਜਿਆ, ਕਿ ਪੁਲੀਸ ਦੇ ਜਿਤਨੇ ਵੀ ਆਦਮੀ ਡਿਊਟੀਆਂ ਤੋਂ ਵੇਹਲੇ ਕੀਤੇ ਜਾ ਸਕਦੇ ਹੋਵਣ, ਤਿਆਰ ਰਖੇ ਜਾਵਣ। ੧੩ ਮਾਰਚ ਨੂੰ ਹੁਸ਼ਿਆਰਪੁਰ ਪਹੁੰਚਕੇ ਡਿਪਟੀ ਕਮਿਸ਼ਨਰ ਮਿਸਟਰ ਪਰਕਿਨਜ਼ ਨਾਲ ਅਨੰਦਪੁਰ ਸਾਹਿਬ ਦੇ ਇੰਤਜ਼ਾਮ ਮੁਤਅਲਕ ਸਲਾਹਾਂ ਕੀਤੀਆਂ। ਇਕ ਇੰਸਪੈਕਟਰ, ਇਕ ਡਿਪਟੀ ਇੰਸਪੈਕਟਰ, ਅਤੇ ੫੦ ਸਿਪਾਹੀ ਹੁਸ਼ਿਆਰਪੁਰ ਪੁਲੀਸ ਦੇ, ਇਕ ਡਿਪਟੀ ਇੰਸਪੈਕਟਰ ਅਤੇ ੧੦ ਸਿਪਾਹੀ ਜਲੰਧਰ ਪੁਲੀਸ ਦੇ ਨਾਲ ਲੈ ਕੇ ੧੭ ਮਾਰਚ ਨੂੰ ਮਿਸਟਰ ਮੈਕਔਂਡਰੀਊ ਅਨੰਦਪੁਰ ਪਹੁੰਚ ਗਿਆ। ਸਿਪਾਹੀ ਸਾਰੇ ਦੇ ਸਾਰੇ ਚੁਣਵੇਂ ਪੁਰਾਣੀਆਂ ਨੌਕਰੀਆਂ ਵਾਲੇ ਮੁਸਲਮਾਨ ਤੇ ਰਾਜਪੂਤ ਡੋਗਰੇ ਸਨ। ਸਰਦਾਰ ਬਹਾਦਰ ਅਤਰ ਸਿੰਘ ਸੰਗਦਿਲ ਰੈਜਮੈਂਟ, ਫ਼ੀਰੋਜ਼ਪੁਰ ਪੁਲੀਸ ਦਾ ਇੰਸਪੈਕਟਰ ਕੁਤਬਸ਼ਾਹ, ਅੰਮ੍ਰਿਤਸਰ ਪੁਲੀਸ ਦਾ ਇੰਸਪੈਕਟਰ ਫਤਿਹਦੀਨ ਖਾਨ ਅਤੇ ਹੁਸ਼ਿਆਰਪੁਰ ਦਾ ਐਸਿਸਟੈਂਟ ਸੁਪਰੰਟੈਂਡੈਂਟ ਮਿਸਟਰ ਹੋਚਲ ਵੀ ਨਾਲ ਹੀ ਸਨ। ਪੁਲੀਸ ਦਾ ਡੇਰਾ ਤਖ਼ਤ ਕੇਸਗੜ੍ਹ ਤੋਂ ਸੱਜੀ ਦੂਰ ਲੋਕਾਂ ਦੀਆਂ ਅੱਖਾਂ ਤੋਂ ਓਹਲੇ ਕੀਤਾ ਗਿਆ। ੧੮ ਤਾਰੀਖ ਨੂੰ ਡਿਪਟੀ ਕਮਿਸ਼ਨਰ ਮਿਸਟਰ ਪਰਕਿਨਜ਼ ਵੀ ਪਹੁੰਚ ਗਿਆ, ਇਸ ਤਰ੍ਹਾਂ ਸਰਕਾਰ ਨੇ ਆਪਣੀ ਵਲੋਂ ਹੋਵਣ ਵਾਲੇ ਬਲਵੇ ਫ਼ਸਾਦ ਯਾ ਦੰਗਾ ਰੋਕਣ ਦਾ ਪੂਰਾ ਪ੍ਰਬੰਧ ਕਰ ਲਿਆ।

ਅਫ਼ਸਰਾਂ ਨੇ ਹੁਣ ਇਸ ਸਬੰਧ ਵਿਚ ਸਭ ਪਾਰਟੀਆਂ ਦੇ ਖ਼ਿਆਲਾਂ ਦੀ ਜਾਂਚ ਪੜਤਾਲ ਸ਼ੁਰੂ ਕੀਤੀ। ਮਿਸਟਰ ਮੈਕਔਂਡਰੀਊ ਅਤੇ ਡਿਪਟੀ ਕਮਿਸ਼ਨਰ ਨੇ ਕੇਸਗੜ੍ਹ ਸਾਹਿਬ ਦੇ ਵਡੇ ਮਹੰਤ ਹਰੀ ਸਿੰਘ ਨੂੰ ਆਪਣੇ ਪਾਸ ਬੁਲਾਕੇ ਗੱਲਬਾਤ ਕੀਤੀ। ਉਸ ਨੇ ਮਣਿਆਂ ਸਾਰ ਹੀ ਨਾਮਧਾਰੀਆਂ ਨੂੰ ਤਖਤ ਸਾਹਿਬ ਦੇ ਦਰਸ਼ਨ ਕਰਨ ਆਵਣ ਦੀ ਸਖ਼ਤ ਵਿਰੋਧਤਾ ਕੀਤੀ। ਇਹ ਵੀ ਅਰਜ਼ ਕੀਤੀ ਕਿ ਸਰਕਾਰ ਦਖ਼ਲ ਦੇ ਕੇ ਨਾਮਧਾਰੀਆਂ ਨੂੰ ਤਖ਼ਤ ਸਾਹਿਬ ਆਵਣ ਤੋਂ ਰੋਕੇ। ਇਸ ਤੇ ਅਫ਼ਸਰਾਂ ਨੇ ਮਹੰਤ ਸਾਹਿਬ ਨੂੰ ਸਮਝਾਇਆ, ਕਿ ਜਦ ਮੰਦਰ ਦੀ ਯਾਤਰਾ ਲਈ ਹਰ ਸੰਪਰਦਾਏ ਦੇ ਹਿੰਦੂ ਅਤੇ ਸਿੱਖ ਆ ਸਕਦੇ ਸਨ, ਤਦ ਸਰਕਾਰ ਕੂਕਿਆਂ ਨੂੰ ਅੰਦਰ ਆ ਕੇ ਦਰਸ਼ਨ ਕਰਨ ਸੰਬੰਧੀ ਕੋਈ ਐਸਾ ਕਾਰਨ ਨਹੀਂ ਵੇਖਦੀ, ਜਿਸ ਨੇ ਉਨ੍ਹਾਂ ਨੂੰ ਰੋਕਣ ਲਈ ਦਖ਼ਲ ਦਿਤਾ ਜਾਵੇ। ਢੇਰੀਆਂ ਗੱਲਾਂ ਬਾਤਾਂ ਕਰਨ ਪਿਛੋਂ ਮਹੰਤ ਸਾਹਿਬ ਦੀ ਵਿਰੋਧਤਾ ਕੇਵਲ ਇਕ ਨੁਕਤੇ ਤੇ ਆ ਟਿਕੀ। ਮਹੰਤ ਸਾਹਿਬ ਨੇ ਕਿਹਾ ਕਿ ਕੂਕੇ ਤਖ਼ਤ ਸਾਹਿਬ ਅੰਦਰ ਨੰਗੇ ਸਿਰ ਨਾ ਆਵਣ ਅਤੇ ਕੋਈ ਐਸੀ ਗੱਲ ਨਾ ਕਰਨ, ਜੋ ਏਥੋਂ ਦੀ ਮਰਯਾਦਾ ਅਤੇ ਰਹੁਰੀਤ ਦੇ ਉਲਟ ਹੋਵੇ।

ਸ਼ਾਮ ਨੂੰ ਸਰਦਾਰ ਅਤਰ ਸਿੰਘ ਨੂੰ ਮਹੰਤ ਸਾਹਿਬ ਪਾਸ ਇਹ ਸੁਨੇਹਾ ਦੇ ਕੇ ਭੇਜਿਆ ਗਿਆ, ਕਿ ਜੋ ਕੁਝ ਉਹ ਕਹਿੰਦੇ ਸਨ, ਉਸੇ ਤਰ੍ਹਾਂ ਹੀ ਹੋਵੇਗਾ। ਜੇਕਰ ਫੇਰ ਵੀ ਕੋਈ ਗੜਬੜ ਹੋਈ, ਤਦ ਜ਼ਿੰਮੇਵਾਰੀ ਮਹੰਤ ਸਾਹਿਬ ਅਤੇ ਮੰਦਰ ਵਾਲਿਆਂ ਦੇ ਸਿਰ ਤੇ ਹੋਵੇਗੀ। ਮਹੰਤ ਇਸ ਗੱਲ ਤੇ ਜ਼ੋਰ ਦਿੰਦਾ ਸੀ ਕਿ ੨੦੦ ਦੇ ਕਰੀਬ ਜਿਹੜੇ ਨਿਹੰਗ, ਛਾਉਣੀ ਨਿਹੰਗਾਂ ਵਿਚ ਆ ਕੇ ਬਰਾਜੇ ਹੋਏ ਹਨ, ਉਹ ਜ਼ਰੂਰ ਹੀ ਕੂਕਿਆਂ ਦੇ ਆਵਣ ਤੇ ਰੋਕ ਪਾਉਣਗੇ ਅਤੇ ਫ਼ਸਾਦ ਕਰਨਗੇ। ਇਸ ਲਈ ਅਫ਼ਸਰਾਂ ਨੇ ਉਥੋਂ ਦੇ ਮਹੰਤ ਨੂੰ ਬੁਲਾਇਆ,



Sri Satguru Jagjit Singh Ji eLibrary NamdhariElibrary@gmail.com

ਡਿਪਟੀ ਕਮਿਸ਼ਨਰ ਨੇ ਉਸ ਨੂੰ ਇਹ ਗੱਲ ਖੋਹਲਕੇ ਦੱਸ ਦਿਤੀ, ਕਿ ਨਿਹੰਗ ਬਿਲਕੁਲ ਚੁਪ ਚਾਪ ਰਹਿਣ, ਨਹੀਂ ਤਾਂ ਉਸ ਦਲ ਅਤੇ ਨਿਹੰਗਾਂ ਲਈ ਚੰਗੀ ਗੱਲ ਨਹੀਂ ਹੋਵੇਗੀ। ਸਾਰੇ ਇੰਤਜ਼ਾਮ ਤਸੱਲੀਬਖ਼ਸ਼ ਹੋ ਗਏ।

ਸਰਕਾਰੀ ਰਪੋਰਟਾਂ ਅਨੁਸਾਰ ੧੯ ਮਾਰਚ ਦੀ ਸਵੇਰ ਨੂੰ ਗੁਰੂ ਰਾਮ ਸਿੰਘ ਜੀ ਸਭ ਤੋਂ ਅਗੇ ਘੋੜੀ ਤੇ ਸਵਾਰ, ਪਿਛੇ ੨੨ ਸੂਬੇ ਘੋੜਿਆਂ ਤੇ ਚੜ੍ਹੇ ਹੋਏ ਅਤੇ ੨੫੦੦ ਦੇ ਲਗ ਭਗ ਪੈਦਲ ਨਾਮਧਾਰੀ ਸੰਗਤ ਤਖ਼ਤ ਕੇਸਗੜ੍ਹ ਦੇ ਦਰਸ਼ਨਾਂ ਲਈ ਅਨੰਦਪੁਰ ਪਹੁੰਚੇ। ਜਦ ਵਹੀਰ ਸਰਕਾਰੀ ਕੈਂਪ ਦੇ ਕੋਲ ਦੀ ਲੰਘਣ ਲੱਗਾ, ਤਦ ਮਿਸਟਰ ਮੈਕਐਂਡਰੀਉ ਨੇ ਸਾਬ੍ਹਾ ਸੁਧ ਸਿੰਘ ਸੂਬੇ ਨਾਲ ਜੋ ਘੋੜੇ ਤੇ ਚੜ੍ਹਿਆ ਹੋਇਆ ਸਾਰੇ ਜਲੂਸ ਦੀ ਅਗਵਾਈ ਕਰ ਰਿਹਾ ਸੀ, ਗੱਲਬਾਤ ਕੀਤੀ। ਇਸ ਤੇ ਗੁਰੂ ਰਾਮ ਸਿੰਘ ਜੀ ਅਤੇ ਸਾਰੇ ਸੂਬੇ ਘੋੜਿਆਂ ਤੋਂ ਉਤਰ ਆਏ।

ਡਿਪਟੀ ਕਮਿਸ਼ਨਰ ਮਿਸਟਰ ਪਰਕਿਨਜ਼ ਆਪ ਜੀ ਨੂੰ ਆਪਣੇ ਤੰਬੂ ਵਿਚ ਲੈ ਗਿਆ ਅਤੇ ਆਪਸ ਵਿਚ ਬਹੁਤ ਚਿਰ ਤਕ ਗੱਲਾਂ ਬਾਤਾਂ ਹੁੰਦੀਆਂ ਰਹੀਆਂ। ਆਪ ਜੀ ਨੇ ਮਿਸਟਰ ਪਰਕਿਨਜ਼ ਨੂੰ ਕਿਹਾ, ਕਿ ਉਹਨਾਂ ਦਾ ਮਕਸਦ ਗੁਰੂ ਗੋਬਿੰਦ ਸਿੰਘ ਜੀ ਦੇ ਮੰਦਰ ਜਾ ਕੇ ਦਰਸ਼ਨ ਕਰਨ ਤੇ ਮੱਥਾ ਟੇਕਣ ਦਾ ਹੈ। ਜੇਕਰ ਸਰਕਾਰ ਨੂੰ ਇਸ ਤੇ ਇਤਰਾਜ਼ ਹੈ, ਤਦ ਉਹ ਸਾਰੇ ਦੇ ਸਾਰੇ ਜਿਸ ਤਰ੍ਹਾਂ ਆਏ ਹਨ, ਉਸੇ ਤਰ੍ਹਾਂ ਬਿਨਾਂ ਦਰਸ਼ਨ ਕਰਨ ਅਤੇ ਮੱਥਾ ਟੇਕਣ ਦੇ ਵਾਪਸ ਚਲੇ ਜਾਂਦੇ ਹਨ। ਅਫਸਰਾਂ ਨੇ ਆਪ ਜੀ ਨੂੰ ਕਿਹਾ ਕਿ ਮੰਦਰ ਦੇ ਮਹੰਤ ਤੇ ਪੁਜਾਰੀ ਕੂਕਿਆਂ ਦੇ ਸਿਰ ਨੰਗੇ ਕਰਨ ਅਤੇ ਜੈਕਾਰੇ ਗਜਾਉਣ ਤੋਂ ਇਤਰਾਜ਼ ਕਰਦੇ ਹਨ। ਇਸ ਤੇ ਆਪ ਨੇ ਜਵਾਬ ਦਿਤਾ ਕਿ ਮੰਦਰ ਦੀ ਦਹਿਲੀਜ਼ ਅੰਦਰ ਨਾਮਧਾਰੀਏ ਸ਼ਬਦ ਪੜ੍ਹ ਕੇ ਜੈਕਾਰੇ ਗਜਾਉਣਗੇ। ਇਹ ਜਵਾਬ ਸੁਣ ਕੇ ਅੰਗਰੇਜ਼ ਅਫਸਰਾਂ ਨੇ ਜਵਾਬ ਦਿਤਾ, ਕਿ ਤਦ ਆਪ ਜੀ ਅਤੇ ਆਪ ਦੇ ਸਾਥੀਆਂ ਨੂੰ ਦਰਸ਼ਨ ਅਤੇ ਮੱਥਾ ਟੇਕਣ ਦੀ ਇਜਾਜ਼ਤ ਨਹੀਂ ਦਿਤੀ ਜਾਂਦੀ, ਕਿਉਂ ਜੋ ਪੁਜਾਰੀਆਂ ਅਤੇ ਮਹੰਤਾਂ ਦੇ ਕਹਿਣ ਅਨੁਸਾਰ ਇਹ ਮਰਯਾਦਾ ਤੋਂ ਉਲਟ ਹੈ, ਅਤੇ ਇਸ ਤੋਂ ਫ਼ਸਾਦ ਲਈ ਸਰਕਾਰ ਆਪ ਜੀ ਤੇ ਆਪ ਦੇ ਸਾਥੀਆਂ ਨੂੰ ਜ਼ਿੰਮੇਵਾਰ ਠਹਿਰਾ ਦੇਵੇਗੀ।

ਅੰਗਰੇਜ਼ ਅਫਸਰਾਂ ਦੀ ਇਸ ਦਲੀਲ ਨੂੰ ਆਪ ਜੀ ਨੇ ਬਿਲਕੁਲ ਨਾ ਪਸੰਦ ਕੀਤਾ, ਅਤੇ ਸਖ਼ਤ ਰੋਸ ਪ੍ਰਗਟ ਕੀਤਾ। ਬਹੁਤ ਸਾਰੀਆਂ ਗੱਲਾਂ ਬਾਤਾਂ ਹੋਵਣ ਪਿਛੋਂ ਗੁਰੂ ਰਾਮ ਸਿੰਘ ਜੀ ਇਸ ਗੱਲ ਤੇ ਰਜ਼ਾਮੰਦ ਹੋਏ ਕਿ ਜੇਕਰ ਸਰਕਾਰ ਨੂੰ ਅਤੇ ਪੁਜਾਰੀਆਂ ਮਹੰਤਾਂ ਨੂੰ ਹੋਰ ਵਧ ਤੌਖਲਾ ਪਿਆ ਹੋਇਆ ਹੈ, ਤਦ ਉਹ ਦਰਸ਼ਨ ਕਰਨ ਸਮੇਂ ਸਿਰਫ ੧੦੦ ਕੁ ਸਾਥੀ ਨਾਲ ਲੈ ਆਵਣਗੇ ਅਤੇ ਰੋਸ ਵਜੋਂ ਸ਼ਬਦ ਵੀ ਨਹੀਂ ਪੜ੍ਹਣਗੇ। ਦਰਸ਼ਨ ਕਰਨ ਲਈ ਦੂਸਰੇ ਦਿਨ ਦਾ ਸਵੇਰ ਵੇਲਾ ਨਿਸਚਿਤ ਹੋਇਆ। ਇਸ ਤੋਂ ਆਪ ਜੀ ਅਤੇ ਆਪ ਜੀ ਦੇ ਨਾਲ ਦੀਆਂ ਨਾਮਧਾਰੀ ਸੰਗਤਾਂ ਬਿਨਾਂ ਦਰਸ਼ਨ ਕਰਨ ਅਤੇ ਮੱਥਾ ਟੇਕਣ ਦੇ, ਆਪਣਿਆਂ ਵਲੋਂ ਵਧੀਕੀਆਂ ਅਤੇ ਪਰਾਇਆਂ ਦੀ ਸਰਕਾਰ ਵਲੋਂ ਸਖ਼ਤੀਆਂ ਸਹਿੰਦੇ ਵਾਪਸ ਮੁੜ ਆਏ।

੧੯ ਦੀ ਸ਼ਾਮ ਨੂੰ ਹੀ ਜਲੰਧਰ ਦਾ ਕਮਿਸ਼ਨਰ ਮਿਸਟਰ ਫ਼ੋਰਸਾਈਥ ਵੀ ਅਨੰਦਪੁਰ ਸਰਕਾਰੀ ਕੈਂਪ ਵਿਚ ਪਹੁੰਚ ਗਿਆ। ਸੋਢੀ, ਮਹੰਤ, ਪੁਜਾਰੀ ਅਤੇ ਵਡੇ ਵਡੇ, ਕਮਿਸ਼ਨਰ ਦੇ ਦਰ ਤੇ ਜਾ ਹਾਜ਼ਰ ਹੋਏ ਅਤੇ ਸਲਾਮਾਂ ਕੀਤੀਆਂ। ਕਮਿਸ਼ਨਰ ਦੇ ਆਉਣ ਦਾ ਇਹ ਅਸਰ ਹੋਇਆ ਕਿ ਜਿਹੜੀ ਕੋਈ ਪਾਰਟੀ ਝਗੜਾ ਜਾਂ ਫ਼ਸਾਦ ਕਰਨਾ ਚਾਹੁੰਦੀ ਸੀ, ਉਸ ਨੂੰ ਠੰਢ ਹੋ ਗਈ।

ਸ਼ਾਮ ਨੂੰ ਮਿਸਟਰ ਮੈਕਐਂਡਰੀਉ, ਸਰਦਾਰ ਅਤਰ ਸਿੰਘ ਨੂੰ ਨਾਲ ਲੈ ਕੇ ਗੁਰੂ ਰਾਮ ਸਿੰਘ ਜੀ ਦੇ ਡੇਰੇ ਗਿਆ। ਉਹ ਲਿਖਦਾ ਹੈ, "ਕਿ ਆਪ ਨਾਮਧਾਰੀਆਂ ਵਿਚਕਾਰ ਇਕ ਸ਼ਾਮਿਆਨੇ ਹੇਠ ਬਿਰਾਜਮਾਨ ਸਨ। ਇਸ ਸਮੇਂ ਕੋਈ ਪੰਜ ਕੁ ਹਜ਼ਾਰ ਆਦਮੀ ਮੌਜੂਦ ਸਨ। ਹੋਰ ਅਨੇਕਾਂ ਸਿੱਖ ਚੌਹਾਂ ਪਾਸਿਆਂ ਵਲੋਂ ਉਧਰ ਨੂੰ ਆ ਰਹੇ ਸਨ। ਕੈਂਪ ਵਿਚ ਕੋਈ ਸ਼ੋਰ ਸ਼ਰਾਬਾ ਨਹੀਂ ਸੀ, ਸਭ ਚੁੱਪ ਚਾਪ ਸਨ। ਬਹੁਤ ਸਾਰੇ ਆਦਮੀਆਂ ਅਤੇ ਇਸਤਰੀਆਂ ਨੇ ਵਧੀਆ ਵਧੀਆ ਬਸਤਰ ਪਾਏ ਹੋਏ ਸਨ, ਮੈਂ ਕਿਸੇ ਬੰਦੇ ਨੂੰ ਵੀ ਜੋਸ਼, ਮਸਤੀ ਜਾਂ ਬੇਹੋਸ਼ੀ ਜਿਹੀ ਹਾਲਤ ਵਿਚ ਨਹੀਂ ਵੇਖਿਆ। ਗੁਰੂ ਰਾਮ ਸਿੰਘ ਜੀ ਵੀ ਮੈਨੂੰ ਬੜੇ ਪ੍ਰੇਮ ਪਿਆਰ ਅਤੇ ਆਦਰ ਨਾਲ ਮਿਲੇ।" ਐਸਾ ਕਰਨ ਨਾਲ ਆਪ ਜੀ ਨੇ ਸਦੀਆਂ ਤੋਂ ਚਲੀ ਆ ਰਹੀ ਭਾਰਤੀ ਸਭਿਅਤਾ ਅਤੇ ਸੰਸਕ੍ਰਿਤੀ ਦਾ ਸਬੂਤ ਦਿਤਾ, ਕਿ ਜੇਕਰ ਦੁਸ਼ਮਣ ਵੀ ਚਲ ਕੇ ਤੁਹਾਡੇ ਘਰ ਆ ਜਾਵੇ, ਤਾਂ ਉਸ ਨੂੰ ਘਰ ਆਇਆ ਮਾਂ ਜਾਇਆ ਸਮਝ ਕੇ ਜੀਆਇਆਂ ਕਹੋ, ਅਤੇ ਉਸ ਦਾ ਸਤਿਕਾਰ ਕਰੋ।

੨੦ ਮਾਰਚ ਸਵੇਰ ਦੇ ੭ ਵਜੇ ਦੇ ਕਰੀਬ ਗੁਰੂ ਰਾਮ ਸਿੰਘ ਜੀ ਅਤੇ ੧੦੦ ਕੁ ਦੇ ਕਰੀਬ ਨਾਮਧਾਰੀ ਸਿੰਘ ਤਖ਼ਤ ਕੇਸ ਗੜ੍ਹ ਸਾਹਿਬ ਦੇ ਦਰਸ਼ਨਾਂ ਲਈ ਪਹੁੰਚ ਗਏ।



Sri Satguru Jagjit Singh Ji eLibrary NamdhariElibrary@gmail.com

ਸਰਕਾਰੀ ਅਫਸਰਾਂ ਨੇ ਕਮਿਸ਼ਨਰ ਦੀ ਸਲਾਹ ਨਾਲ ਮੰਦਰ ਪਾਸ ਪੁਲਸ ਦੀ ਗਾਰਦ ਲਗਾਉਣੀ ਮੁਨਾਸਬ ਨਾ ਸਮਝੀ। ਪਰ ਲੋਕਾਂ ਦੀਆਂ ਨਜ਼ਰਾਂ ਤੋਂ ਪਰੇ ਤੰਬੂਆਂ ਵਿਚ ਇਕ ਟੁਕੜੀ ਲਈ ਤਿਆਰ-ਬਰ-ਤਿਆਰ ਹਾਜ਼ਰ ਰਖੀ। ਫਜ਼ਲ ਹੁਸੈਨ, ਕੁਤਬ ਸ਼ਾਹ ਅਤੇ ਸਰਦਾਰ ਅਤਰ ਸਿੰਘ ਨੂੰ ਹੁਕਮ ਦਿਤਾ ਗਿਆ ਕਿ ਉਹ ਮੰਦਰ ਪਾਸ ਜਾ ਕੇ ਸਭ ਕੁਝ ਹੁੰਦਾ ਵੇਖਣ ਅਤੇ ਲੋਕਾਂ ਦੀ ਭੀੜ ਨੂੰ ਛੇਤੀ ਤੋਂ ਛੇਤੀ ਲੰਘਾਣ। ਜਦ ਗੁਰੂ ਰਾਮ ਸਿੰਘ ਜੀ ਅਤੇ ਉਨ੍ਹਾਂ ਦੇ ਸਾਥੀ ਮੰਦਰ ਪਾਸ ਆਏ, ਤਦ ਕੋਈ ੫੦ ਕੁ ਨਿਹੰਗ ਸਿੰਘਾਂ ਦਾ ਇਕ ਟੋਲਾ ਢਕੂਏ ਅਤੇ ਮੁਤਹਿਰੇ ਹੱਥਾਂ ਵਿਚ ਫੜੀ ਨਾਮਧਾਰੀਆਂ ਨਾਲ ਝਗੜਾ ਕਰਨ ਦੀ ਨੀਤ ਨਾਲ ਆਉਂਦਾ ਦਿਖਾਈ ਦਿਤਾ। ਜਦ ਉਹ ਉਚੀ ਉਚੀ ਆਵਾਜ਼ਾਂ ਮਾਰਦੇ, ਰੌਲਾ ਪਾਉਂਦੇ ਕੈਂਪ ਕੋਲ ਦੀ ਲੰਘਣ ਲਗੇ, ਤਦ ਮਿਸਟਰ ਮੈਕਾਐਂਡਰੀਊ ਨੇ ਉਨ੍ਹਾਂ ਨੂੰ ਫੜ ਲੈਣ ਲਈ ਤੇ ਸੋਟੇ, ਕੁਲ੍ਹਾੜੀਆਂ ਰੱਖ ਦੇਣ ਲਈ ਹੁਕਮ ਦਿਤਾ।

ਨਿਹੰਗਾਂ ਨੇ ਜਦ ਵੇਖਿਆ, ਕਿ ਪੁਲੀਸ ਦੇ ਅਫਸਰ ਸਿਰਫ ਤਿੰਨ ਹੀ ਹਨ, ਤਦ ਉਹ ਝਗੜਨ ਲਗ ਪਏ ਅਤੇ ਮੁਕਾਬਲੇ ਵਿਚ ਡੱਟਣ ਲਗੇ। ਹੁਕਮ ਹੋਵਣ ਤੇ ੩੦ ਤਲਵਾਰਾਂ ਵਾਲਿਆਂ ਪੁਲੀਸੀਆਂ ਨੇ ਤੰਬੂਆਂ ਵਿਚੋਂ ਨਿਕਲਕੇ ਨਿਹੰਗਾਂ ਦੇ ਆਲੇ ਦੁਆਲੇ ਘੇਰਾ ਘੱਤ ਲਿਆ। ਇਸ ਤੇ ਉਨ੍ਹਾਂ ਝਟ ਹੀ ਸਭ ਸੋਟੇ ਅਤੇ ਕੁਲ੍ਹਾੜੀਆਂ ਪੁਲੀਸ ਦੇ ਹਵਾਲੇ ਕਰ ਦਿਤੀਆਂ। ਰੌਲਾ ਪਾਉਂਦੇ, ਦਮਗਜੇ ਮਾਰਦੇ ਨਿਹੰਗ ਸਿੰਘ ਹੁਰੀਂ ਮੁੜ ਬੁੰਗੇ ਵਲ ਨੂੰ ਰਵਾਨ ਹੋ ਗਏ। ਇਸ ਸਮੇਂ ਕੋਈ ੨੦੦ ਕੁ ਨਿਹੰਗ ਮੇਲੇ ਤੇ ਆਏ ਹੋਏ ਸਨ। ਅਫਸਰਾਂ ਨੂੰ ਪਿਛੋਂ ਪਤਾ ਲਗਾ ਕਿ ਨਿਹੰਗਾਂ ਨੇ ਆਪਣੇ ਡੇਰੇ ਵਿਖੇ ਗੁਰੂ ਰਾਮ ਸਿੰਘ ਜੀ ਦੇ ਤਖ਼ਤ ਸਾਹਿਬ ਦੇ ਦਰਸ਼ਨਾਂ ਲਈ ਜਾਵਣ ਸੰਬੰਧੀ ਮਤਾ ਕੀਤਾ ਸੀ। ਬਾਕੀ ਤਾਂ ਚੁੱਪ ਰਹੇ ਸਨ, ਪਰ ਇਹ ੫੦ ਕੁ ਦਾ ਜੱਥਾ ਉਨ੍ਹਾਂ ਨੂੰ ਰੋਕਣ ਲਈ ਬਹੁਤ ਹੀ ਜ਼ੋਰ ਦਿਖਾ ਰਿਹਾ ਸੀ।

ਇਸ ਮੇਲੇ ਤੇ ਅਮਨ ਅਮਾਨ ਰੱਖਣ ਲਈ ਹੁਸ਼ਿਆਰਪੁਰ ਜ਼ਿਲੇ ਦੇ ਡਿਪਟੀ ਕਮਿਸ਼ਨਰ ਨੇ ਮੀਆਂ ਫਜ਼ਲ ਹੁਸੈਨ ਦੀ ਡਿਊਟੀ ਲਾਈ ਹੋਈ ਸੀ। ਉਸ ਨੇ ੨੦ ਮਾਰਚ ਨੂੰ ਆਪਣੀ ਰਿਪੋਰਟ ਗੁਰੂ ਰਾਮ ਸਿੰਘ ਜੀ ਅਤੇ ਨਾਮਧਾਰੀਆਂ ਦੇ ਇਸ ਮੇਲੇ ਤੇ ਆਵਣ ਸੰਬੰਧੀ ਕੀਤੀ, ਜਿਸ ਦਾ ਸਾਰ ਇਉਂ ਹੈ।

"ਹੁਕਮ ਅਨੁਸਾਰ ਮੈਂ ਵੀ ਗੁਰੂ ਰਾਮ ਸਿੰਘ ਜੀ ਦੇ ਇਸ ਫਿਰਕੇ ਨੂੰ ਕਾਇਮ ਕਰਨ ਸੰਬੰਧੀ ਮੰਤਵਾਂ ਦੇ ਜਾਣਨ ਲਈ ਕੋਸ਼ਿਸ਼ਾਂ ਕਰਦਾ ਰਿਹਾ ਹਾਂ।"

"ਕੂਕਿਆਂ ਦਾ ਅਤੇ ਸਿੱਖਾਂ ਦਾ ਧਰਮ ਇਕ ਹੀ ਹੈ। ਦੋਨੋਂ ਹੀ ਬਾਬਾ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਗਰੰਥ ਨੂੰ ਪੜ੍ਹਦੇ ਹਨ। ਪਰ ਆਪਸ ਵਿਚ ਦੋਨਾਂ ਦਾ ਬੜਾ ਵੈਰ ਹੈ। ਇਸ ਸਾਲ ਸਰਕਾਰ ਨੇ ਗੁਰੂ ਰਾਮ ਸਿੰਘ ਜੀ ਨੂੰ ਹੋਲੇ ਮਹੱਲੇ ਤੇ ਆਉਣ ਦੀ ਇਜਾਜ਼ਤ ਦੇ ਦਿਤੀ। ਉਹ ਅੱਠ ਹਜ਼ਾਰ ਕੂਕਿਆਂ ਸਮੇਤ ੧੯ ਮਾਰਚ ਨੂੰ ਏਥੇ ਪਹੁੰਚੇ। ਅਕਾਲੀ, ਨਿਹੰਗ, ਬੇਦੀ ਅਤੇ ਸੋਢੀ ਗੁਰੂ ਰਾਮ ਸਿੰਘ ਜੀ ਦੇ ਗੁਰਦੁਆਰਾ ਅਨੰਦਪੁਰ ਵਿਖੇ ਆ ਕੇ ਦਰਸ਼ਨ ਕਰਨ ਅਤੇ ਮੱਥਾ ਟੇਕਣ ਦੇ ਵਿਰੁਧ ਸਨ। ਇਹ ਪਹਿਲਾਂ ਤੋਂ ਹੀ ਕੂਕਿਆਂ ਨੂੰ ਗੁਰਦੁਆਰੇ ਵਿਚ ਵੜਨ ਦੇਣ ਦੇ ਵਿਰੋਧੀ ਸਨ। ਇਸ ਮੇਲੇ ਦੇ ਮੌਕੇ ਤੇ ਉਨ੍ਹਾਂ ਦੇ ਵਿਰੋਧੀ ਕੂਕਿਆਂ ਨੂੰ ਗੁਰਦੁਆਰੇ ਵਿਚ ਵੜਨ ਦੇਣ ਦੀ ਖੁਲ੍ਹ ਦੇਣ ਦੇ ਨਹੀਂ ਸਨ। ਇਸ ਲਈ ਉਨ੍ਹਾਂ ਨੇ ਕਈ ਸ਼ਰਤਾਂ ਲਾ ਕੇ ਦਰਸ਼ਨ ਕਰਨ ਦੀ ਖੁਲ੍ਹ ਦਿਤੀ। ੨੦ ਮਾਰਚ ਨੂੰ ਗੁਰੂ ਰਾਮ ਸਿੰਘ ਜੀ ਅਤੇ ਉਨ੍ਹਾਂ ਦੇ ਸਾਥੀ ਗੁਰਦੁਆਰਾ ਤਖ਼ਤ ਕੇਸਗੜ੍ਹ ਦੇ ਦਰਸ਼ਨਾਂ ਲਈ ਗਏ। ਗੁਰੂ ਰਾਮ ਸਿੰਘ ਜੀ ਨੇ ੨੫ ਰੁਪਏ ਮੱਥਾ ਟੇਕਿਆ। ਪੁਜਾਰੀਆਂ ਮਾਇਆ ਦੀ ਭੇਟ ਰਖ ਲਈ।" ਪਰ ਕੜਾਹ ਪ੍ਰਸ਼ਾਦ ਦੀ ਅਰਦਾਸ ਕਰਨ ਤੋਂ ਨਾਂਹ ਕਰ ਦਿਤੀ। ਇਸ ਤੇ ਆਪ ਜੀ ਨੇ ਬਾਬਾ ਬ੍ਰਹਮਾ ਸਿੰਘ ਨਾਮਧਾਰੀ ਸੂਬੇ ਨੂੰ ਅਰਦਾਸ ਕਰਨ ਲਈ ਕਿਹਾ। ਬਾਬਾ ਬ੍ਰਹਮਾ ਸਿੰਘ ਨੇ ਅਰਦਾਸ ਕੀਤੀ ਅਤੇ ਗੁਰੂ ਜੀ ਨੇ ਆਪ ਹੀ ਸੰਗਤਾਂ ਵਿਚ ਕੜਾਹ ਪ੍ਰਸ਼ਾਦ ਦੇ ਦੇਗੇ ਵਰਤਾ ਦਿਤੇ। (ਜੁਗ ਪਲਟਾਊ ਸਤਿਗੁਰੂ ਪੰਨਾ ੯੯)। "ਉਪਰੰਤ ਮੱਥਾ ਟੇਕਿਆ। ਉਥੋਂ ਦੇ ਪੁਜਾਰੀਆਂ ਨੇ ਅਰਦਾਸਾ ਕਰ ਦਿਤਾ ਅਤੇ ਕੜਾਹ ਪ੍ਰਸ਼ਾਦ ਮਨਜ਼ੂਰ ਕਰ ਲਿਆ। ਇਸ ਤੇ ਆਪ ਜੀ ਨੇ ਇਕ ਦੁਸਾਲਾ ਅਰਦਾਸੀਏ ਸਿੰਘ ਦੀ ਭੇਟਾ ਕੀਤਾ।"

ਡੇਰੇ ਆ ਕੇ ਆਪ ਜੀ ਨੇ ਉਸੀ ਦਿਨ ਕੇਸਗੜ੍ਹ ਦੇ ਪੁਜਾਰੀਆਂ ਨੂੰ ਗੁਰਮੁਖੀ ਵਿਚ ਇਕ ਚਿੱਠੀ ਲਿਖੀ, ਜੋ ਪਲੱਥੇ ਅਨੁਸਾਰ ਇਸ ਤਰ੍ਹਾਂ ਹੈ। "ਕੀ ਤੁਸੀਂ ਮੈਨੂੰ ਗੁਰੂ ਜੀ ਦਾ ਸਿੱਖ ਨਹੀਂ ਮੰਨਦੇ ਅਤੇ ਇਸੇ ਹੀ ਕਾਰਨ ਮੇਰੇ ਲਈ ਅਰਦਾਸ ਨਹੀਂ ਕੀਤੀ? ਗੁਰੂ ਜੀ ਵਿਚ ਤਾਂ ਏਨਾ ਹੀ ਅਭਿਮਾਨ ਨਹੀਂ ਸੀ।"

ਇਹ ਚਿੱਠੀ ਪੜ੍ਹ ਕੇ ਪੁਜਾਰੀਆਂ ਨੇ ਆਪ ਜੀ ਨੂੰ

(ਬਾਕੀ ਸਫਾ ੩੧ ਤੇ)



Sri Satguru Jagjit Singh Ji eLibrary NamdhariElibrary@gmail.com

ਇਤਿਹਾਸ ਦੇ ਝਰੋਖੇ 'ਚੋਂ

# ਕੂਕਿਆਂ ਦੇ ਮਹਾਰਾਜਾ ਦਲੀਪ ਸਿੰਘ ਨਾਲ ਸਬੰਧ

—ਡਾ: ਫੌਜਾ ਸਿੰਘ

ਮਰਹੂਮ ਡਾ: ਫੌਜਾ ਸਿੰਘ ਪੰਜਾਬ ਦੇ ਨਾਮਵਰ ਇਤਿਹਾਸ ਲੇਖਕ ਸਨ। ਉਨ੍ਹਾਂ ਦੀ ਇਕ ਪ੍ਰਸਿੱਧ ਪੁਸਤਕ ਕੂਕਾ ਮੂਵਮੈਂਟ ਅੰਗਰੇਜ਼ੀ ਵਿਚ ਪ੍ਰਕਾਸ਼ਤ ਹੋ ਚੁਕੀ ਹੈ। ਮਹਾਰਾਜਾ ਰਣਜੀਤ ਸਿੰਘ ਦੇ ਸਪੁੱਤਰ ਜਲਾਵਤਨ ਮਹਾਰਾਜਾ ਦਲੀਪ ਸਿੰਘ ਨੂੰ ਅੰਗਰੇਜ਼ ਇੰਗਲੈਂਡ ਲੈ ਗਏ ਸਨ ਪਰ ਆਪਣੀ ਉਮਰ ਦੇ ਅੰਤਲੇ ਸਾਲਾਂ ਵਿਚ ਉਹ ਆਪਣੇ ਵਤਨ ਵਾਸਤੇ ਤੜਪਦਾ ਰਿਹਾ। ਦੇਸ਼ ਆਜ਼ਾਦੀ ਵਾਸਤੇ ਜੂਝ ਰਹੇ ਨਾਮਧਾਰੀਆਂ ਨੇ ਮਹਾਰਾਜਾ ਦਲੀਪ ਸਿੰਘ ਨਾਲ ਸੰਬੰਧ ਕਾਇਮ ਕੀਤੇ ਜੋ ਅਜੇ ਉਜਾਗਰ ਨਹੀਂ ਹੋ ਸਕੇ। ਨਵਾਂ ਹਿੰਦੁਸਤਾਨ ਪ੍ਰਕਾਸ਼ਨ ਦੇ ਧੰਨਵਾਦ ਸਹਿਤ ਸੱਠਵਿਆਂ 'ਚ ਲਿਖਿਆ ਇਹ ਲੇਖ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। —ਸੰਪਾਦਕ

ਮਹਾਰਾਜਾ ਦਲੀਪ ਸਿੰਘ ਉਤੇ ਅਜੇ ਤੀਕ ਚੰਗੀ ਪੁਸਤਕ ਨਹੀਂ ਲਿਖੀ ਗਈ। ਇਕ ਦੋ ਪੰਜਾਬੀ ਦੀਆਂ ਪੁਸਤਕਾਂ ਹਨ, ਪਰ ਫਿਰ ਵੀ ਕੁਝ ਨਹੀਂ। ਫਿਰ ਵੀ ਇਹ ਬਹੁਤ ਲੋਕਾਂ ਨੂੰ ਪਤਾ ਹੈ ਕਿ ਮਹਾਰਾਜਾ ਨੇ ਆਪਣੀ ਉਮਰ ਦੇ ਪਿਛਲੇ ਸਾਲਾਂ ਵਿਚ ਅੰਗਰੇਜ਼ਾਂ ਦੇ ਵਿਰੁਧ ਬਗ਼ਾਵਤ ਕਰ ਦਿੱਤੀ ਸੀ। ਇਸੇ ਤਰ੍ਹਾਂ ਇਸ ਦਾ ਵੀ ਲੋਕਾਂ ਨੂੰ ਗਿਆਨ ਹੈ ਕਿ ਪਿਛਲੀ ਸਦੀ ਵਿਚ ਬਾਬਾ ਰਾਮ ਸਿੰਘ ਜੀ ਦੀ ਚਲਾਈ ਕੂਕਾ ਲਹਿਰ ਨੇ ਅੰਗਰੇਜ਼ਾਂ ਨੂੰ ਵੰਗਾਰਿਆ ਸੀ। ਪਰੰਤੂ ਜਿਸ ਦਾ ਹਾਲਾਂ ਤਕ ਗਿਆਨ ਨਹੀਂ ਹੈ, ਜਾਂ ਉਹ ਬਹੁਤ ਧੁੰਦਲਾ ਗਿਆਨ ਹੈ—ਉਹ ਹਨ ਕੂਕਾ ਨੇਤਾਵਾਂ ਤੇ ਮਹਾਰਾਜਾ ਦੇ ਆਪਸੀ ਸੰਬੰਧ। ਮੈਨੂੰ ਤਾਂ ਯਾਦ ਨਹੀਂ, ਪਰ ਇਸ ਵਿਸ਼ੇ ਤੇ ਸ਼ਾਇਦ ਹੀ ਕਿਸੇ ਨੇ ਕੁਝ ਲਿਖਿਆ ਹੋਵੇ।

ਮੈਂ ਹੁਣੇ ਹੁਣੇ ਕੂਕਾ ਅੰਦੋਲਨ ਤੇ ਅੰਗਰੇਜ਼ੀ ਵਿਚ ਇਕ ਕਿਤਾਬ ਲਿਖੀ ਹੈ, ਜਿਹੜੀ ਥੋੜ੍ਹੇ ਦਿਨਾਂ ਤਕ ਛਪ ਕੇ ਤਿਆਰ ਹੋ ਜਾਵੇਗੀ। ਜਦ ਮੈਂ ਇਸ ਪੁਸਤਕ ਤੇ ਕੰਮ ਕਰ ਰਿਹਾ ਸੀ ਮੈਨੂੰ ਦਲੀਪ ਸਿੰਘ ਤੇ ਕੂਕਿਆਂ ਦੇ ਸੰਬੰਧਾਂ ਬਾਰੇ ਕੁਝ ਝਲਕਾਂ ਨਜ਼ਰੀਂ ਪਈਆਂ। ਇਨ੍ਹਾਂ ਝਲਕਾਂ ਦੀ ਪੈਰਵੀ ਕਰਦਿਆਂ ਹੋਇਆਂ ਮੇਰੀ ਦਿਲਚਸਪੀ ਮਹਾਰਾਜਾ ਦਲੀਪ ਸਿੰਘ ਦੇ ਜੀਵਨ ਬਿਰਤਾਂਤ ਦੀ ਖੋਜ ਵਿਚ ਪੈਦਾ ਹੋ ਗਈ। ਚੁਨਾਂਚਿ ਮੈਂ ਇਸ ਵਿਸ਼ੇ ਤੇ ਮਸਾਲਾ ਇਕੱਠਾ ਕਰਨ ਲਗ ਪਿਆ। ਇਸ ਸਿਲਸਿਲੇ ਵਿਚ ਕੰਮ ਕਰਦਿਆਂ ਕਈ ਹੋਰ ਚੀਜ਼ਾਂ ਮਿਲ ਗਈਆਂ ਜਿਨ੍ਹਾਂ ਦੇ ਆਧਾਰ ਤੇ ਇਹ ਲੇਖ ਲਿਖਿਆ ਗਿਆ ਹੈ। ਉਮੀਦ ਹੈ ਕਿ ਵਾਹਿਗੁਰੂ ਦੀ ਕ੍ਰਿਪਾ ਨਾਲ ਮੈਂ ਛੇਤੀ ਹੀ ਦਲੀਪ ਸਿੰਘ ਉਤੇ ਇਕ ਪੂਰੀ ਕਿਤਾਬ ਲਿਖ ਸਕਾਂਗਾ ਜਿਸ ਵਿਚ ਇਸ ਵਿਸ਼ੇ ਦਾ ਅਧਿਐਨ ਵੇਰਵੇ ਸਹਿਤ ਕੀਤਾ ਜਾ ਸਕੇਗਾ।

ਦਲੀਪ ਸਿੰਘ ਤੇ ਕੂਕਿਆਂ ਦੇ ਸੰਬੰਧਾਂ ਦਾ ਜ਼ਿਕਰ ਬਹੁਤਾ ੧੯ਵੀਂ ਸਦੀ ਦੇ ਅਠਵੇਂ ਦਹਾਕੇ ਵਿਚ ਆਉਂਦਾ ਹੈ। ਇਸ ਵੇਲੇ ਦੋਹਾਂ ਦੇ ਦਿਲਾਂ ਵਿਚ ਦੇਸ਼ ਨੂੰ ਆਜ਼ਾਦ ਕਰਾਉਣ ਦੀ ਤੀਬਰ ਇੱਛਾ ਕੰਮ ਕਰ ਰਹੀ ਸੀ। ਕੂਕਾ ਨੇਤਾਵਾਂ ਦੇ ਇਸ ਬਾਰੇ ਜਤਨ ਚੋਖਾ ਚਿਰ ਪਹਿਲਾਂ ਸ਼ੁਰੂ ਹੋ ਚੁਕੇ ਸਨ। ਅੰਗਰੇਜ਼ ਹਕੂਮਤ ਨੂੰ ਕੁਦਰਤੀ ਤੌਰ ਤੇ ਡਰ ਲਗਾ ਤੇ ਉਨ੍ਹਾਂ ਨੇ ਇਸ ਲਹਿਰ ਨੂੰ ਕੁਚਲਣ ਲਈ ਪੂਰਾ ਪੂਰਾ ਟਿਲ ਲਾਇਆ। ੧੮੭੧ ਤੇ ੧੮੭੨ ਦੇ ਜ਼ੁਲਮ ਇਤਨੇ ਸਖ਼ਤ ਸਨ ਕਿ ਕਈ ਅੰਗਰੇਜ਼ਾਂ ਦੇ ਦਿਲ ਵੀ ਦਹਿਲ ਗਏ। ਇਕ ਅੰਗਰੇਜ਼ ਸਰ ਹੈਨਰੀ ਕਾਟਨ ਨੇ ਆਪਣੀ ਜੀਵਨ ਕਥਾ ਵਿਚ ਲਿਖਿਆ ਹੈ ਕਿ ਮੈਂ ਆਪਣੀ ਸਾਰੀ ਉਮਰ ਵਿਚ ਕਦੇ ਕੋਈ ਇਹੋ ਜਿਹਾ ਜ਼ੁਲਮ ਨਹੀਂ ਤੱਕਿਆ। ਪਰੰਤੂ ਇਹ ਸਭ ਕੁਝ ਹੁੰਦਿਆਂ ਹੋਇਆਂ ਵੀ ਕੂਕਾ ਲਹਿਰ ਨਾ ਕੁਚਲੀ ਗਈ। ਸਗੋਂ ਕੁਝ ਹੀ ਵਰ੍ਹਿਆਂ ਮਗਰੋਂ ਇਹ ਫਿਰ ਠਾਠਾਂ ਮਾਰਨ ਲਗ ਪਈ। ਮਹਾਰਾਜਾ ਦਲੀਪ ਸਿੰਘ ਪਹਿਲੇ ਵਾਕਿਆਤ ਦੇ ਵੇਲੇ ਹਾਲੀਂ ਅੰਗਰੇਜ਼ਾਂ ਦੇ ਅਸਰ ਰਸੂਖ ਥਲੇ ਸੀ। ਉਸਨੂੰ ਉਨ੍ਹਾਂ ਨਾਲ ਹੌਲੀ ਹੌਲੀ ਨਫ਼ਰਤ ਤਾਂ ਹੋ ਰਹੀ ਸੀ, ਪਰ ਪੂਰੀ ਜਾਗ ਉਸਨੂੰ ਉਦੋਂ ਆਈ ਜਦੋਂ ਲੰਡਨ ਦੀ ਪਾਰਲੀਮੈਂਟ ਨੇ ਕਾਨੂੰਨ ਪਾਸ ਕਰ ਦਿਤਾ ਕਿ ਉਸਦੀ ਜ਼ਮੀਨੀ ਜਾਇਦਾਦ ਉਸਦੀ ਮੌਤ ਪਿਛੋਂ ਉਸਦੀ ਔਲਾਦ ਨੂੰ ਨਹੀਂ ਮਿਲੇਗੀ। ਇਸ ਤੋਂ ਬਾਅਦ ਦਲੀਪ ਸਿੰਘ ਨੇ ਮਨ ਵਿਚ ਠਾਣ ਲਈ ਕਿ ਮੈਂ ਇੰਗਲੈਂਡ ਵਿਚ ਨਹੀਂ ਰਹਾਂਗਾ ਤੇ ਭਾਰਤ ਜਾ ਕੇ ਆਪਣੇ ਭਰਾਵਾਂ ਵਿਚ ਬਾਕੀ ਦੀ ਜ਼ਿੰਦਗੀ ਗੁਜ਼ਾਰਾਂਗਾ। ਅੰਗਰੇਜ਼ਾਂ ਨੇ ਪਟੂ ਪਾਣੇ ਸ਼ੁਰੂ ਕੀਤੇ ਅਤੇ ਧਮਕੀਆਂ ਦੇਣੀਆਂ ਅਰੰਭੀਆਂ, ਤਾਂ ਜੋ ਮਹਾਰਾਜਾ ਮੁੜਕੇ



Sri Satguru Jagjit Singh Ji eLibrary NamdhariElibrary@gmail.com

ਦੇਸ਼ ਜਾਣ ਦਾ ਖਿਆਲ ਛੱਡ ਦੇਵੇ। ਇਨ੍ਹਾਂ ਚੀਜ਼ਾਂ ਦਾ ਮਹਾਰਾਜੇ ਤੇ ਉਲਟਾ ਅਸਰ ਹੋਇਆ। ਉਸਦਾ ਵਾਪਸੀ ਦਾ ਇਰਾਦਾ ਹੋਰ ਵੀ ਦ੍ਰਿੜ੍ਹ ਹੁੰਦਾ ਗਿਆ। ਉਸਦੇ ਮਨ ਵਿਚ ਦੇਸ਼ ਦੀ ਆਜ਼ਾਦੀ ਦੇ ਸੁਪਨੇ ਮਚਲਣ ਲਗੇ। ਉਧਰ ਕੂਕਿਆਂ ਨੂੰ ਇਹ ਸਭ ਕੁਝ ਵੇਖ ਵੇਖ ਚਾਅ ਚੜ੍ਹਨ ਲਗਾ। ਉਨ੍ਹਾਂ ਨੂੰ ਇਹ ਭਾਸਿਆ ਕਿ ਮਹਾਰਾਜਾ ਦੇ ਵਿਚ ਆ ਪੈਣ ਨਾਲ ਆਜ਼ਾਦੀ ਦਾ ਸੰਗਰਾਮ ਸੌਖਾ ਹੋ ਜਾਏਗਾ। ਚੂੰਕਿ ਦੋਹਾਂ ਧਿਰਾਂ ਦੇ ਉਦੇਸ਼ ਇਕੋ ਜਿਹੇ ਸਨ, ਇਸ ਲਈ ਇਨ੍ਹਾਂ ਦਾ ਇਕ ਦੂਜੇ ਦੇ ਨੇੜੇ ਆਉਣਾ ਕੁਦਰਤੀ ਗੱਲ ਸੀ। ਮਹਾਰਾਜਾ ਨੂੰ ਕੂਕਿਆਂ ਨਾਲ ਸਾਂਝ ਪਾਉਣ ਦੀ ਲੋੜ ਭਾਸੀ ਤੇ ਕੂਕਿਆਂ ਨੂੰ ਮਹਾਰਾਜੇ ਨਾਲ ਰਿਸ਼ਤਾ ਜੋੜਨ ਦੀ ਆਵਸ਼ਕਤਾ ਮਹਿਸੂਸ ਹੋਈ।

ਅੰਗਰੇਜ਼ਾਂ ਵਰਗੀ ਚੇਤੰਨ ਸਰਕਾਰ ਵੀ ਕੋਈ ਵਿਰਲੀ ਹੀ ਹੋਵੇਗੀ। ਅਜੇ ਮਹਾਰਾਜੇ ਨੇ ਕਹਿਣਾ ਹੀ ਸ਼ੁਰੂ ਕੀਤਾ ਸੀ ਕਿ ਮੈਂ ਵਾਪਸ ਭਾਰਤ ਜਾਣਾ ਚਾਹੁੰਦਾ ਹਾਂ ਕਿ ਪੰਜਾਬ ਤੇ ਭਾਰਤ ਦੀਆਂ ਸਰਕਾਰਾਂ ਵਲੋਂ ਸ਼ੋਰ ਪਾ ਦਿੱਤਾ ਗਿਆ ਕਿ ਦਲੀਪ ਸਿੰਘ ਦੀ ਵਾਪਸੀ ਨੂੰ ਜ਼ਰੂਰ ਹਰ-ਸੂਰਤ ਰੋਕਣਾ ਚਾਹੀਦਾ ਹੈ, ਨਹੀਂ ਤਾਂ ਉਹ ਤੇ ਕੂਕੇ ਮਿਲ ਕੇ ਗੜਬੜ ਕਰਨਗੇ। ਪੰਜਾਬ ਦੇ ਲੈਫਟੀਨੈਂਟ ਗਵਰਨਰ ਸਰ ਐਜਰਟਨ ਨੇ ਸਰਕਾਰ ਹਿੰਦ ਨੂੰ ਆਪਣੀ ੭ ਅਗਸਤ ੧੮੮੩ ਦੀ ਚਿੱਠੀ ਵਿਚ ਇਉਂ ਲਿਖਿਆ ਹੈ: "ਪੁਲੀਸ ਦੇ ਖੁਫੀਆ ਮਹਿਕਮੇ ਦੇ ਕਾਗਜ਼ਾਂ ਤੋਂ ਤੁਹਾਨੂੰ ਜ਼ਰੂਰ ਪਤਾ ਲਗਾ ਹੋਵੇਗਾ ਕਿ ਇਸ ਸਾਲ ਕੂਕਿਆਂ ਵਿਚ ਇਕ ਅਨੋਖਾ ਹੀ ਜੋਸ਼ ਹੈ। ਉਨ੍ਹਾਂ ਦੀਆਂ ਧਾਰਮਿਕ ਪੁਸਤਕਾਂ ਦੀਆਂ ਪੇਸ਼ੀਨਗੋਈਆਂ ਤੋਂ ਪਤਾ ਲਗਦਾ ਹੈ ਕਿ ਇਸ ਸਾਲ ਜ਼ਰੂਰ ਕੋਈ ਗੜਬੜ ਹੋਵੇਗੀ। ਕੂਕੇ ਉਹੋ ਜਿਹੇ ਸਮਾਗਮ ਕਰ ਰਹੇ ਹਨ ਜਿਹੋ ਜਿਹੇ ਗੁਰੂ ਗੋਬਿੰਦ ਸਿੰਘ ਨੇ ਮੁਸਲਮਾਨਾਂ ਦੇ ਰਾਜ ਦੇ ਵਿਰੁੱਧ ਬਗਾਵਤ ਕਰਨ ਤੋਂ ਪਹਿਲਾਂ ਕੀਤੇ ਸਨ...ਇਨ੍ਹਾਂ ਕਾਰਨਾਂ ਕਰਕੇ ਮੈਂ ਬਿਲਕੁਲ ਪਸੰਦ ਨਹੀਂ ਕਰਦਾ ਕਿ ਮਹਾਰਾਜਾ ਦਲੀਪ ਸਿੰਘ ਪੰਜਾਬ ਦੀ ਧਰਤੀ ਤੇ ਕਿਸੇ ਥਾਂ ਵੀ ਪੈਰ ਰਖੇ।"

ਸਰ ਐਜਰਟਨ ਨੇ ਆਪਣੀ ਚਿੱਠੀ ਦੇ ਨਾਲ ਦੋ ਚਿੱਠੀਆਂ ਹੋਰ ਸਰਕਾਰ ਹਿੰਦ ਨੂੰ ਭੇਜੀਆਂ। ਉਨ੍ਹਾਂ ਵਿਚੋਂ ਇਕ ਜਲੰਧਰ ਦੇ ਕਮਿਸ਼ਨਰ ਕਰਨਲ ਯੰਗ ਦੀ ਸੀ। ਕਰਨਲ ਯੰਗ ਦੀ ਰਾਏ ਵਿਚ ਦਲੀਪ ਸਿੰਘ ਨੂੰ ਮੁੜਕੇ ਪੰਜਾਬ ਆਉਣ ਦੀ ਇਜਾਜ਼ਤ ਹੱਦ ਦਰਜੇ ਦੀ ਮੂਰਖਤਾ ਦੇ ਬਰਾਬਰ ਸੀ। ਉਸਨੇ ਵੀ ਇਸਦਾ ਸਭ ਤੋਂ ਵੱਡਾ ਕਾਰਨ ਕੂਕਿਆਂ ਦੀ ਆਸਾਂ ਭਰੀ ਤ੍ਰਿਸ਼ਾ ਦਸਿਆ ਹੈ। ਅੱਤਰ ਸਿੰਘ ਦੀ ਚਿੱਠੀ ਵਿਚ ਕੂਕਿਆਂ ਵਿਚ ਪ੍ਰਚਲਤ ਸੌ ਸਾਖੀ ਦੀਆਂ ਉਨ੍ਹਾਂ ਭਵਿੱਖ ਬਾਣੀਆਂ ਦਾ ਵਰਨਣ ਹੈ ਜਿਨ੍ਹਾਂ ਵਿਚ ਦਸਿਆ ਹੋਇਆ ਸੀ ਕਿ ਦਲੀਪ ਸਿੰਘ ਮਲੇਛ ਅੰਗਰੇਜ਼ ਹਕੂਮਤ ਨੂੰ ਕਢਕੇ ਦੇਸ਼ ਨੂੰ ਆਜ਼ਾਦ ਕਰੇਗਾ।

੧੫ ਅਗਸਤ ੧੮੮੩ ਨੂੰ ਵਾਇਸਰਾਏ ਲਾਰਡ ਰਿਪਨ ਨੇ ਸ਼ਿਮਲੇ ਤੋਂ ਸੈਕਟਰੀ ਆਫ ਸਟੇਟ ਲੰਡਨ ਨੂੰ ਇਕ ਤਾਰ ਦਿਤੀ ਜਿਸ ਵਿਚ ਇਹ ਲਿਖਿਆ ਸੀ: "ਪੰਜਾਬ ਸਰਕਾਰ ਦਾ ਮਸ਼ਵਰਾ ਲੈਣ ਤੋਂ ਮਗਰੋਂ ਅਸੀਂ ਸਮਝਦੇ ਹਾਂ ਕਿ ਮਹਾਰਾਜੇ ਨੂੰ ਪੰਜਾਬ ਜਾਂ ਅਲਾਹਬਾਦ ਤੋਂ ਉੱਤਰ ਵਲ ਜਾਣ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ। ਰਣਜੀਤ ਸਿੰਘ ਦੇ ਪਕੇ ਖੈਰਖਾਹੀਆਂ ਵਿਚੋਂ ਅਜੇ ਬਹੁਤ ਸਾਰੇ ਜਿੰਦਾ ਹਨ। ਇਨ੍ਹਾਂ ਉਤੇ ਰਣਜੀਤ ਸਿੰਘ ਦੇ ਪੁੱਤਰ ਦੇ ਮੁੜਕੇ ਵਾਪਸ ਆਉਣ ਦਾ ਬੜਾ ਬੁਰਾ ਅਸਰ ਪਏਗਾ। ਇਸ ਸਾਲ ਵਿਸ਼ੇਸ਼ ਤੌਰ ਤੇ ਠੀਕ ਨਹੀਂ ਹੈ, ਕਿਉਂਕਿ ਹਿੰਦੂਆਂ, ਖਾਸ ਕਰਕੇ ਕੂਕਿਆਂ ਤੇ ਮੁਸਲਮਾਨਾਂ ਵਿਚ ਭਵਿਖ ਬਾਣੀਆਂ ਅਨੁਸਾਰ ਇਹ ਸਖ਼ਤ ਗੜਬੜ ਦਾ ਸਾਲ ਹੈ।" ੧੭ ਅਗਸਤ ੧੮੮੩ ਨੂੰ ਸਰਕਾਰ ਹਿੰਦ ਨੇ ਸੈਕਟਰੀ ਆਫ ਸਟੇਟ ਲਾਰਡ ਕਿੰਬਰਲੇ ਨੂੰ ਵਿਸਥਾਰ ਪੂਰਬਕ ਚਿੱਠੀ ਲਿਖੀ, ਜਿਸ ਵਿਚ ਕੂਕਿਆਂ ਦੇ ਜੋਸ਼ ਤੇ ਉਨ੍ਹਾਂ ਦੀਆਂ ਆਸਾਂ ਦੇ ਵਧੇਰੇ ਜ਼ੋਰ ਨਾਲ ਜ਼ਿਕਰ ਸੀ।

ਏਥੇ ਇਹ ਦੱਸਣਾ ਬੇ-ਮੌਕਾ ਨਹੀਂ ਹੋਵੇਗਾ ਕਿ ਕੂਕਿਆਂ 'ਚ ਜੋਸ਼ ਕੇਵਲ ੧੮੮੩ ਤੋਂ ਪਿਛੋਂ ਵੀ ਕਈ ਸਾਲਾਂ ਤਕ ਉਵੇਂ ਹੀ ਠਾਠਾਂ ਮਾਰਦਾ ਰਿਹਾ। ਅਜੇ ਦਲੀਪ ਸਿੰਘ ਇੰਗਲੈਂਡ ਵਿਚ ਹੀ ਸੀ ਕਿ ਇਕ ਕੂਕਾ ਲੀਡਰ ਉਸਨੂੰ ਉਥੇ ਹੀ ਜਾ ਮਿਲਿਆ। ਸਰਕਾਰੀ ਰਿਪੋਰਟ ਵਿਚ ਉਸਦਾ ਨਾਉਂ ਘਨਾਹਨੀ ਦਾਸ ਜਾਂ ਬਨਾਰਸੀ ਬਾਬੂ ਲਿਖਿਆ ਮਿਲਦਾ ਹੈ। ਮਲੂਮ ਹੁੰਦਾ ਹੈ ਇਹ ਉਸਦਾ ਅਸਲੀ ਨਾਉਂ ਨਹੀਂ ਸੀ। ਜਿਸ ਤਰ੍ਹਾਂ ਭਗਵਾਨ ਸਿੰਘ, ਜਿਸਨੇ ਭੈਣੀ ਸਾਹਿਬ ਦੀ ਪੁਲੀਸ ਚੌਕੀ ਦੇ ਇਕ ਸਿਪਾਹੀ ਨੂੰ ਮਾਰਿਆ ਸੀ, ਅਜਬੰਗੀ ਦਾਸ ਬਣ ਗਿਆ ਸੀ, ਇਸੇ ਤਰ੍ਹਾਂ ਹੋ ਸਕਦਾ ਹੈ ਕਿ ਇਸਨੇ ਵੀ ਕਿਸੇ ਕਾਰਨ (ਜਿਸਦਾ ਹਾਲੀ ਸਾਨੂੰ ਪਤਾ ਨਹੀਂ) ਆਪਣਾ ਨਾਉਂ ਵਟਾ ਲਿਆ ਹੋਵੇ। ਇਸ ਗੱਲ ਦਾ ਇਸ਼ਾਰਾ ਏਥੇ ਹੀ ਮਿਲਦਾ ਹੈ ਕਿ ਇਹ ਆਦਮੀ ਜਿਥੇ ਜਾਂਦਾ ਸੀ, ਉਥੋਂ ਨਾਲ ਰਲਦਾ ਮਿਲਦਾ ਨਾਉਂ ਬਣਾ ਲੈਂਦਾ ਸੀ। ਜਦੋਂ ਆਗਰਾ, ਮਥਰਾ, ਮੇਰਠ ਵਰਗਿਆਂ ਸ਼ਹਿਰਾਂ ਵਿਚ ਫਿਰਦਾ ਹੈ, ਉਸਦਾ



Sri Satguru Jagjit Singh Ji eLibrary NamdhariElibrary@gmail.com

ਨਾਉਂ ਬਨਾਰਸੀ ਦਾਸ ਹੁੰਦਾ ਹੈ। ਪਰ ਜਦੋਂ ਬੰਗਾਲ ਜਾਂਦਾ ਹੈ, ਉਸਦਾ ਨਾਉਂ ਬਦਲਕੇ ਬਨਾਰਸੀ ਬਾਬੂ ਬਣ ਜਾਂਦਾ ਹੈ। ਸਰਕਾਰੀ ਰਿਪੋਰਟ ਦੇ ਮੁਤਾਬਕ ਇਹ ਕੋਈ ਅਸਰ ਰਸੂਖ ਤੇ ਮਾਨ ਪਰਤਿਸ਼ਟਾ ਵਾਲਾ ਬੰਦਾ ਸੀ, ਜਿਹਨੂੰ ਉਤਰੀ ਭਾਰਤ ਦੀ ਖ਼ੁਫ਼ੀਆ ਵਜੋਂ ਬਹੁਤ ਚੰਗੀ ਤਰ੍ਹਾਂ ਜਾਣਦੀ ਸੀ। ਇਹ ਆਦਮੀ ਜਦ ਦਲੀਪ ਸਿੰਘ ਨੂੰ ਉਸਦੇ ਭਾਰਤ ਨੂੰ ਚਲਣ ਤੋਂ ਥੋੜੀ ਦੇਰ ਪਹਿਲਾਂ ਇੰਗਲੈਂਡ ਵਿਚ ਮਿਲਿਆ, ਇਸਦਾ ਇੰਨਾਂ ਪਰਭਾਵ ਉਸ ਉਤੇ ਪਿਆ ਕਿ ਮਹਾਰਾਜੇ ਨੇ ਉਸਨੂੰ ਆਪਣਾ ਗੁਰੂ ਤੇ ਨੇਤਾ ਮੰਨ ਲਿਆ। ਬਨਾਰਸੀ ਦਾਸ ਨੇ ਹਿੰਦੁਸਤਾਨ ਵਾਪਸ ਆ ਕੇ ਮਹਾਰਾਜੇ ਵਾਸਤੇ ਜ਼ਮੀਨ ਤਿਆਰ ਕਰਨੀ ਸ਼ੁਰੂ ਕਰ ਦਿਤੀ। ਸਰਕਾਰ ਨੂੰ ਉਸਦੀਆਂ ਕਾਰਵਾਈਆਂ ਦਾ ੧੮੮੭ ਵਿਚ ਕਲਕੱਤਿਓਂ ਪਤਾ ਲਗਾ। ਇਹ ਉਸ ਵੇਲੇ ਮਹਾਰਾਜੇ ਲਈ ਰੁਪਿਆ ਇਕੱਠਾ ਕਰ ਰਿਹਾ ਸੀ ਕਿ ਦਲੀਪ ਸਿੰਘ ਆਉਣ ਹੀ ਵਾਲਾ ਹੈ ਤੇ ਉਸਦੇ ਆਉਣ ਨਾਲ ਦੇਸ਼ ਦਾ ਕਲਿਆਣ ਹੋ ਜਾਵੇਗਾ।

ਸੰਨ ੧੮੮੬ ਦੇ ਸ਼ੁਰੂ ਵਿਚ ਮਹਾਰਾਜਾ ਦਲੀਪ ਸਿੰਘ ਨੇ ਭਾਰਤ ਵਾਪਿਸ ਆਉਣ ਦਾ ਸਫਰ ਸ਼ੁਰੂ ਕੀਤਾ। ਚਲਣ ਵੇਲੇ ਉਸਨੇ ਐਲਾਨ ਕੀਤਾ ਕਿ ਉਹ ਆਪਣੇ ਦੇਸ਼ ਜਾਕੇ ਪਹਿਲਾ ਕੰਮ ਖਾਲਸਾ ਸਜਣ ਦਾ ਕਰੇਗਾ। ਇਸ ਤੇ ਸਾਰੇ ਪੰਜਾਬ ਵਿਚ ਇਕ ਨਵਾਂ ਉਤਸ਼ਾਹ ਪੈਦਾ ਹੋ ਗਿਆ। ਕੇਵਲ ਉਨ੍ਹਾਂ ਦੇ ਦਿਲ ਨਾ ਪੰਘਰੇ ਜਿਨ੍ਹਾਂ ਦੀਆਂ ਜ਼ਮੀਰਾਂ ਵਿਦੇਸ਼ੀ ਸਰਕਾਰ ਅਗੇ ਕਿਸੇ ਨਾ ਕਿਸੇ ਸਵਾਰਥ ਲਈ ਵਿਕ ਚੁਕੀਆਂ ਸਨ ਅਤੇ ਜੋ ਕੌਮੀ ਸਵਾਦ ਨੂੰ ਆਪਣੇ ਸਵਾਰਥ ਤੋਂ ਵਾਰਣ ਲਈ ਹਰ ਸਮੇਂ ਤਤਪਰ ਰਹਿੰਦੇ ਸਨ। ਮਹਾਰਾਜੇ ਦੇ ਆਉਣ ਦੀਆਂ ਖਬਰਾਂ ਸੁਣਕੇ ਕੂਕਿਆਂ ਦਾ ਇਕ ਵਫਦ ਬੰਬਈ ਨੂੰ ਚਲ ਪਿਆ ਕਿਉਂਕਿ ਮਹਾਰਾਜੇ ਨੇ ਉਥੇ ਹੀ ਜਹਾਜ਼ੋਂ ਉਤਰਨਾ ਸੀ। ਪਰੰਤੂ ਇਹ ਗੱਲ ਨਾ ਹੋਣੀ ਸੀ ਤੇ ਨਾ ਹੋਈ। ਸਰਕਾਰ ਡਰ ਗਈ ਕਿ ਮਤਾਂ ਦਲੀਪ ਸਿੰਘ ਦੇ ਭਾਰਤ ਆਉਣ ਤੇ ਕੋਈ ਗੜਬੜ ਹੋ ਜਾਏ। ਇਸ ਦਾ ਵੀ ਕੁਝ ਇਸ ਤਰ੍ਹਾਂ ਦੀ ਮਲੂਮ ਹੁੰਦੀ ਸੀ। ਸ਼ਾਇਦ ਕੁਝ ਵੀ ਨਾ ਹੁੰਦਾ, ਪਰੰਤੂ ਸਰਕਾਰ ਖਾਹ-ਮਖਾਹ ਦਾ ਝਗੜਾ ਮੁਲ ਲੈਣ ਨੂੰ ਤਿਆਰ ਨਹੀਂ ਸੀ। ਦਲੀਪ ਸਿੰਘ ਨੂੰ ਰਾਹ ਵਿਚ ਅਦਨ ਦੇ ਸਥਾਨ ਤੇ ਹੀ ਰੋਕ ਲਿਆ ਗਿਆ। ਕੁਝ ਸਮੇਂ ਬਾਅਦ ਉਥੋਂ ਹੀ ਉਸਨੂੰ ਵਾਪਸ ਮੁੜਨਾ ਪਿਆ।

ਮਹਾਰਾਜਾ ਦਲੀਪ ਸਿੰਘ ਜੂਨ ਸੰਨ ੧੮੮੬ ਵਿਚ ਅਦਨ ਤੋਂ ਵਾਪਿਸ ਮੁੜਿਆ। ਹੁਣ ਉਸਨੇ ਖੁਲ੍ਹ-ਮਖੁਲ੍ਹਾ ਕਹਿ ਦਿਤਾ ਕਿ ਮੈਂ ਵਾਪਸ ਇੰਗਲੈਂਡ ਨਹੀਂ ਜਾਵਾਂਗਾ, ਔਖਾ ਹੋਕੇ ਗੁਜ਼ਾਰਾ ਕਰ ਲਵਾਂਗਾ, ਲੇਕਿਨ ਅੰਗਰੇਜ਼ਾਂ ਦੀ ਦਿਤੀ ਪੈਨਸ਼ਨ ਵਾਸਤੇ ਹੱਥ ਨਹੀਂ ਅੱਡਾਂਗਾ। ਮਹਾਰਾਜਾ ਆਪਣੇ ਐਲਾਨ ਤੇ ਡਟਿਆ ਰਿਹਾ। ਪਹਿਲੋਂ ਉਹ ਫਰਾਂਸ ਗਿਆ। ਉਥੇ ਉਸਨੇ ਕੋਸ਼ਿਸ਼ ਕੀਤੀ ਕਿ ਫਰਾਂਸ ਦੀ ਸਰਕਾਰ ਤੋਂ ਮਦਦ ਲੈਕੇ ਉਸਦੀ ਕਿਸੇ ਭਾਰਤੀ ਬਸਤੀ ਵਿਚ ਚੋਰੀ-ਛਿਪੇ ਪੁਜ ਜਾਏ ਤੇ ਉਥੋਂ ਆਪਣੀ ਅੰਗਰੇਜ਼ ਵਿਰੁਧ ਲਹਿਰ ਚਲਾਏ। ਇਸ ਵਿਚ ਵੀ ਉਸਨੂੰ ਕਾਮਯਾਬੀ ਨਾ ਹੋਈ, ਕਿਉਂਕਿ ਫਰਾਂਸ ਇੰਗਲੈਂਡ ਨੂੰ ਹੋਰ ਨਾਰਾਜ਼ ਨਹੀਂ ਕਰਨਾ ਚਾਹੁੰਦਾ ਸੀ।

ਕੁਝ ਮਹੀਨੇ ਫਰਾਂਸ ਵਿਚ ਠਹਿਰਕੇ ਮਹਾਰਾਜਾ ਦਲੀਪ ਸਿੰਘ ਕੁਝ ਰੂਸੀ ਜਰਨੈਲਾਂ ਦੀ ਸਹਾਇਤਾ ਨਾਲ ਸੰਨ ੧੮੮੭ ਦੇ ਸ਼ੁਰੂ ਵਿਚ ਮਾਸਕੋ ਜਾ ਪਹੁੰਚਿਆ। ਉਸਦਾ ਵਿਚਾਰ ਸੀ ਕਿ ਚੂੰਕਿ ਰੂਸ ਇੰਗਲੈਂਡ ਦਾ ਦੁਸ਼ਮਣ ਹੈ, ਉਸਨੂੰ ਰੂਸੀ ਮਦਦ ਆਸਾਨੀ ਨਾਲ ਮਿਲ ਜਾਏਗੀ, ਜਿਸ ਨਾਲ ਪੰਜਾਬ ਤੇ ਹਮਲਾ ਕਰਕੇ ਅੰਗਰੇਜ਼ਾਂ ਨੂੰ ਉਥੋਂ ਕਢ ਸਕੇਗਾ। ਅਜੇ ਮਹਾਰਾਜਾ ਰੂਸ ਪੁਜਿਆ ਵੀ ਨਹੀਂ ਸੀ ਕਿ ਕੂਕਿਆਂ ਵਿਚ ਮੁੜ ਤੋਂ ਚੰਡੀ-ਪਾਠ ਸ਼ੁਰੂ ਹੋ ਗਏ। ਇਸ ਦਾ ਭਾਵ ਕਿਸੇ ਆਉਣ ਵਾਲੇ ਸੰਕਟ ਲਈ ਤਿਆਰੀ ਸੀ। ਕੂਕਿਆਂ ਦਾ ਪੱਕਾ ਵਿਸ਼ਵਾਸ ਸੀ ਕਿ ਹੁਣ ਜ਼ਰੂਰ ਦੇਸ਼ ਆਜ਼ਾਦ ਹੋ ਜਾਏਗਾ। ਉਨ੍ਹਾਂ ਦਾ ਸੂਬਾ ਬਿਸ਼ਨ ਸਿੰਘ ਅਗੇ ਹੀ ਰੂਸ ਪੁਜਿਆ ਹੋਇਆ ਸੀ ਅਤੇ ਉਸ ਦੀਆਂ ਕਾਰਵਾਈਆਂ ਦੀਆਂ ਖਬਰਾਂ ਸਮੇਂ ਸਮੇਂ ਪਹੁੰਚਦੀਆਂ ਰਹਿੰਦੀਆਂ ਸਨ। ਉਹ ਸੋਚਦੇ ਸਨ ਕਿ ਹੁਣ ਦਲੀਪ ਸਿੰਘ ਤੇ ਸੂਬਾ ਬਿਸ਼ਨ ਸਿੰਘ ਮਿਲਕੇ ਕੰਮ ਕਰਨਗੇ ਤੇ ਦੇਸ਼ ਦੀ ਆਜ਼ਾਦੀ ਦੀ ਮੰਜ਼ਲ ਸੌਖੀ ਤੇ ਹੋ ਜਾਏਗੀ। ਐਸੇ ਸਮੇਂ ਕੁਝ ਅਜਿਹੀਆਂ ਭਵਿਖ-ਬਾਣੀਆਂ ਵੀ ਪਰਚਲਤ ਹੋ ਗਈਆਂ ਸਨ ਜਿਨ੍ਹਾਂ ਤੋਂ ਇਹ ਇਸ਼ਾਰਾ ਮਿਲਦਾ ਸੀ ਕਿ ਦਲੀਪ ਸਿੰਘ ਤੇ ਬਿਸ਼ਨ ਸਿੰਘ ਰੂਸ ਦੀ ਮਦਦ ਨਾਲ ਪੰਜਾਬ ਤੇ ਹਮਲਾ ਕਰਨਗੇ ਤੇ ਮੁਲਕ ਨੂੰ ਆਜ਼ਾਦੀ ਦਵਾਉਣਗੇ। ਕਈ ਥਾਈਂ ਕੂਕੇ ਇਹ ਵੀ ਕਹਿੰਦੇ ਸੁਣੇ ਗਏ, ਸਨ (ਇਸਦਾ ਪੰਜਾਬ ਦੇ ਗਵਰਨਰ ਦੀ ਇਕ ਚਿੱਠੀ ਵਿਚ ਜ਼ਿਕਰ ਹੈ) ਕਿ ਮਹਾਰਾਜਾ ਦਲੀਪ ਸਿੰਘ ਵਿਚ ਗੁਰੂ ਰਾਮ ਸਿੰਘ ਜੀ ਦੀ ਆਤਮਾ ਕੰਮ ਕਰ ਰਹੀ ਹੈ।

ਜਿਸ ਸਮੇਂ ਮਹਾਰਾਜਾ ਦਲੀਪ ਸਿੰਘ ਮਾਸਕੋ ਵਿਚ ਸੀ, ਕੂਕਿਆਂ ਵਲੋਂ ਉਸ ਨਾਲ ਸਿੱਧਾ ਸੰਪਰਕ ਜੋੜਨ ਲਈ ਜਤਨ ਕੀਤੇ ਗਏ, ਪਰੰਤੂ ਇਹ ਪਤਾ ਨਹੀਂ ਕਿ ਉਨ੍ਹਾਂ ਨੂੰ ਕਿੰਨੀ ਕੁ ਕਾਮਯਾਬੀ ਹੋਈ। ਸੂਬਾ ਬਿਸ਼ਨ ਸਿੰਘ ਦਾ ਉਪਰ



Sri Satguru Jagjit Singh Ji eLibrary NamdhariElibrary@gmail.com

ਜ਼ਿਕਰ ਆ ਹੀ ਚੁੱਕਾ ਹੈ। ਉਹ ਪਹਿਲੋਂ ਹੀ ਰੂਸ ਵਿਚ ਸੀ। ਉਸਦੇ ਬਾਰੇ ਕਰੀਬਨ ਸਾਰੀ ਕੂਕਾ ਬਰਾਦਰੀ ਵਿਚ ਅਫਵਾਹ ਗਰਮੀ ਸੀ ਕਿ ਉਹ ਮਹਾਰਾਜੇ ਨਾਲ ਮਿਲ ਗਿਆ ਹੈ। ਇਹ ਗੱਲ ਸਾਨੂੰ ਉਸ ਵੇਲੇ ਦੀਆਂ ਪੁਲੀਸ ਰੀਪੋਰਟਾਂ ਵਿਚ ਸਪੱਸ਼ਟ ਤੌਰ ਤੇ ਮਿਲਦੀ ਹੈ, ਪਰੰਤੂ ਜਿੰਨਾਂ ਚਿਰ ਤਕ ਇਸ ਦੀ ਪਰੋੜਤਾ ਰੂਸੀ ਸੋਮਿਆਂ ਤੋਂ ਨਹੀਂ ਹੁੰਦੀ, ਇਸ ਬਾਰੇ ਪੂਰਾ ਨਿਰਨਾ ਨਹੀਂ ਹੋ ਸਕਦਾ। ਸਰਦਾਰ ਗੁਰਚਰਨ ਸਿੰਘ ਇਕ ਹੋਰ ਮਸ਼ਹੂਰ ਕੂਕਾ ਸੂਬਾ ਸੀ, ਜਿਸ ਨੇ ਰੂਸੀ ਸਰਕਾਰ ਨਾਲ ਗਠਜੋੜ ਕਰਨ ਦੇ ਕਈ ਸਫਲ ਜਤਨ ਕੀਤੇ। ਕਈ ਵਾਰੀ, ਉਸਦੇ ਬਾਰੇ ਵੀ ਆਖਿਆ ਜਾਂਦਾ ਹੈ ਕਿ ਉਸਨੇ ਦਲੀਪ ਸਿੰਘ ਨਾਲ ਮੁਲਾਕਾਤ ਕੀਤੀ। ਪਰ ਇਹ ਗੱਲ ਬਿਲਕੁਲ ਨਿਰਮੂਲ ਜਾਪਦੀ ਹੈ। ਉਹ ੧੮੮੦ ਤੋਂ ੧੮੮੬ ਤਕ ਕੈਦ ਵਿਚ ਰਿਹਾ। ਉਸ ਤੋਂ ਬਾਅਦ ਉਸਨੇ ਇਕ ਜਤਨ ਕੀਤਾ, ਪਰ ਉਹ ਹਜ਼ਰੋਂ ਤੋਂ ਅਗੇ ਨਾ ਜਾ ਸਕਿਆ, ਕਿਉਂਕਿ ਹਜ਼ਰੋਂ ਦੇ ਬਾਬਾ ਕਾਨ੍ਹ ਸਿੰਘ ਨੇ ਉਸਨੂੰ ਇਹ ਕਹਿ ਕੇ ਵਾਪਸ ਮੋੜ ਦਿਤਾ ਕਿ ਅਗੇ ਰਸਤਾ ਖਤਰੇ ਤੋਂ ਖਾਲੀ ਨਹੀਂ ਹੈ। ਇਸ ਚੀਜ਼ ਦਾ ਜਦ ਸਰਕਾਰ ਨੂੰ ਪਤਾ ਲਗਾ, ਤਾਂ ਉਸ ਨੇ ਸਿਆਲਕੋਟ ਦੇ ਡਿਪਟੀ ਕਮਿਸ਼ਨਰ ਨੂੰ ਸੂਬਾ ਗੁਰਚਰਨ ਸਿੰਘ ਉਤੇ ਕੜੀ ਨਿਗਰਾਨੀ ਰਖਣ ਲਈ ਕਹਿ ਦਿਤਾ, ਤਾਂ ਜੋ ਉਹ ਆਪਣੇ ਪਿੰਡੋਂ ਜਾਂ ਆਪਣੇ ਜ਼ਿਲਿਓਂ ਬਾਹਰ ਨਾ ਜਾ ਸਕੇ।

ਐਸੇ ਸਿਲਸਿਲੇ ਵਿਚ ਦੋ ਕੁ ਹੋਰ ਕੂਕਾ ਜਤਨਾਂ ਦਾ ਵਰਨਣ ਕਰਨਾ ਜ਼ਰੂਰੀ ਹੈ। ਇਨ੍ਹਾਂ ਚੋਂ ਇਕ ਦੇ ਬਾਰੇ ਜਰਨੈਲ ਮੈਕਲੀਨ ਦੀਆਂ ਤਾਰਾਂ ਤੇ ਚਿੱਠੀਆਂ ਵਿਚੋਂ ਕਾਫੀ ਵੇਰਵਾ ਮਿਲਦਾ ਹੈ। ਇਹ ਇਕ ਅੰਗਰੇਜ਼ ਫੌਜੀ ਜਰਨੈਲ ਸੀ ਜੋ ਈਰਾਨ ਦੇ ਮਸ਼ਹਦ ਸ਼ਹਿਰ ਵਿਚ ਨਿਯੁਕਤ ਸੀ। ਸਰਕਾਰ ਹਿੰਦ ਵਲ ਭੇਜੀ ਉਸਦੀ ਪਹਿਲੀ ਤਾਰ ਵਿਚ ਤਿੰਨ ਕੂਕਾ ਸਿੱਖਾਂ ਬਾਰੇ ਇਤਲਾਹ ਦਰਜ ਹੈ, ਜੋ ਰੂਸ ਜਾਂਦੇ ਰਾਹ ਵਿਚ ਮਸ਼ਹਦ ਠਹਿਰੇ ਸਨ। ਉਸਦੀ ਦੂਸਰੀ ਤਾਰ ਤਾਰੀਖ ੧੯ ਜੂਨ ੧੮੮੮ ਦੇ ਸ਼ਬਦ ਇਸ ਪ੍ਰਕਾਰ ਹਨ: "ਮੈਨੂੰ ਮਸ਼ਹਦ ਤੋਂ ਇਤਲਾਹ ਮਿਲੀ ਹੈ ਕਿ ਜਿਹੜੇ ਸਿੱਖ ਹੁਣੇ ਹੁਣੇ ਦਲੀਪ ਸਿੰਘ ਦੀ ਤਲਾਸ਼ ਵਿਚ ਆਏ ਸਨ, ਉਨ੍ਹਾਂ ਨੂੰ ਰੂਸੀ ਏਜੰਟ ਰਾਹੀਂ ਆਪਣੀ ਚਿੱਠੀ ਮਹਾਰਾਜੇ ਨੂੰ ਮਾਸਕੋ ਭੇਜ ਦਿਤੀ ਹੈ ਤੇ ਆਪ ਅਸ਼ਕਾਬਾਦ ਰਵਾਨਾ ਹੋ ਗਏ ਹਨ। ਉਨ੍ਹਾਂ ਕਿਹਾ ਹੈ ਕਿ ਉਨ੍ਹਾਂ ਦੇ ਕੋਲ ਕਸ਼ਮੀਰ ਤੇ ਨੇਪਾਲ ਦੀਆਂ ਚਿੱਠੀਆਂ ਹਨ।" ਮੈਨੂੰ ਖਬਰ ਦੇਣ ਵਾਲਾ ਇਕ ਬਾ-ਰਸੂਖ ਸੌਦਾਗਰ ਹੈ। ਮਗਰੋਂ ੭ ਨਵੰਬਰ ਨੂੰ ਮੈਕਲੀਨ ਨੇ ਹਿੰਦ ਸਰਕਾਰ ਨੂੰ ਇਕ ਹੋਰ ਤਾਰ ਦਵਾਰਾ ਇਤਲਾਹ ਦਿਤੀ ਇਨ੍ਹਾਂ ਸਿੱਖਾਂ ਦੀ ਖੁਫੀਆ ਰਿਹਾਇਸ਼ ਦਾ ਬੰਦੋਬਸਤ ਰੂਸੀ ਏਜੰਟ ਵਲੋਂ ਕੀਤਾ ਗਿਆ ਸੀ ਤੇ ਉਸਨੇ ਫਿਰ ਉਨ੍ਹਾਂ ਨੂੰ ਦੋ ਕਾਸਦਾਂ ਨਾਲ ਅਸ਼ਕਾਬਾਦ ਭੇਜ ਦਿਤਾ ਸੀ। ਉਨ੍ਹਾਂ ਦੇ ਨਾਉਂ ਮੈਕਲੀਨ ਦੀ ਇਤਲਾਹ ਦੇ ਮੁਤਾਬਕ, ਮਾਨ ਸਿੰਘ, ਸਾਵਲ ਸਿੰਘ ਤੇ ਚੜ੍ਹ ਸਿੰਘ ਸਨ ਤੇ ਹਰ ਇਕ ਪਾਸ ਇਕ ਪਿਤਲ ਦਾ ਗੜਵਾ ਸੀ। ਹਰ ਇਕ ਦੀ ਉਮਰ ਕੱਦ-ਕਾਠ ਤੇ ਹਲੀਏ ਬਾਰੇ ਵੀ ਇਸ ਚਿੱਠੀ ਵਿਚ ਵੇਰਵਾ ਮਿਲਦਾ ਹੈ।

ਦੂਜੇ ਕੂਕਾ ਜਤਨ ਬਾਰੇ ਵੀ ਇਤਲਾਹ ਜਰਨੈਲ ਮੈਕਲੀਨ ਦੀਆਂ ਚਿੱਠੀਆਂ ਵਿਚੋਂ ਮਿਲਦੀ ਹੈ। ਸੰਨ ੧੮੮੮ ਦੇ ਨਵੰਬਰ ਤੇ ਦਸੰਬਰ ਦੇ ਮਹੀਨਿਆਂ ਵਿਚ ਉਸਨੂੰ ਮੱਧ-ਏਸ਼ੀਆ ਤੋਂ ਕੁਝ ਖਬਰਾਂ ਪੁਜੀਆਂ ਜੋ ਉਸਨੇ ਉਸੇ ਵੇਲੇ ਸਰਕਾਰ ਹਿੰਦ ਨੂੰ ਭੇਜ ਦਿਤੀਆਂ। ਉਸਦੀ ਲਿਖਤ ਦੇ ਅਨੁਸਾਰ ਸਤੰਬਰ ਦੇ ਮਹੀਨੇ ਵਿਚ ਕੁਝ ਸਿੱਖ ਕਟਾਕੁਰਗਨ ਪੁਜੇ, ਜਿਥੇ ਉਨ੍ਹਾਂ ਨੇ ਰੂਸੀ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਸਾਨੂੰ ਇਜਾਜ਼ਤ ਦਿਤੀ ਜਾਏ ਤੇ ਨਾਲੇ ਕੁਝ ਖਰਚੇ ਦੀ ਇਮਦਾਦ ਕੀਤੀ ਜਾਏ, ਤਾਂ ਜੋ ਅਸੀਂ ਮਹਾਰਾਜਾ ਦਲੀਪ ਸਿੰਘ ਨਾਲ ਸ਼ਾਮਲ ਹੋ ਸਕੀਏ। ਉਸ ਤੋਂ ਮਗਰੋਂ ਉਨ੍ਹਾਂ ਨੂੰ ਬੁਖਾਰਾ ਸ਼ਹਿਰ ਭੇਜ ਦਿਤਾ ਗਿਆ। ਚੂੰਕਿ ਉਨ੍ਹਾਂ ਕੋਲ ਪੈਸੇ ਖਤਮ ਹੋ ਗਏ, ਏਸ ਲਈ ਉਹ ਤਾਸ਼ਕੰਦ ਤੋਂ ਅਗੇ ਨਾ ਜਾ ਸਕੇ ਤੇ ਉਥੇ ਹੀ ਸਾਧੂਆਂ ਦੇ ਭੇਸ ਵਿਚ ਰਹਿਣ ਲਗ ਪਏ। ਮੈਕਲੀਨ ਦਾ ਵਿਚਾਰ ਹੈ ਕਿ ਇਹ ਵੀ ਕੂਕੇ ਸਨ। ਇਨ੍ਹਾਂ ਦਾ ਹੁਲੀਆ ਮਿਲਦਾ ਹੈ, ਪਰ ਨਾਉਂ ਨਹੀਂ।

ਮਹਾਰਾਜਾ ਦਲੀਪ ਸਿੰਘ ਤੇ ਕੂਕਾ ਨੇਤਾਵਾਂ ਦੇ ਪਰਸਪਰ ਸੰਬੰਧਾਂ ਦੀਆਂ ਕੁਝ ਉਦਾਹਰਣਾਂ ਉਪਰ ਦਿਤੀਆਂ ਗਈਆਂ ਹਨ ਜਿਹਨਾਂ ਤੋਂ ਇਲਾਵਾ ਹੋਰ ਵੀ ਕਈ ਸੰਕੇਤ ਹਨ। ਪਰੰਤੂ ਅਜੇ ਤਾਂ ਸਾਡੀ ਵਾਕਫੀਅਤ ਇੰਨੀ ਅਧੂਰੀ ਹੈ ਕਿ ਕੋਈ ਵੀ ਨਿਰਨਾਤਮਕ ਗੱਲ ਨਹੀਂ ਕਹੀ ਜਾ ਸਕਦੀ। ਲੇਕਨ ਵਿਸ਼ਾ ਬੜਾ ਦਿਲਚਸਪ ਹੈ ਤੇ ਇਸ ਤੇ ਪੂਰੀ ਪੂਰੀ ਖੋਜ ਹੋਣੀ ਚਾਹੀਦੀ ਹੈ, ਖਾਸ ਕਰਕੇ ਰੂਸ ਦੇ ਰੀਕਾਰਡ ਵਿਚ। ਮੇਰਾ ਪੱਕਾ ਵਿਸ਼ਵਾਸ ਹੈ ਕਿ ਇਸ ਨਾਲ ਨਾ ਕੇਵਲ ਕੂਕਾ ਅੰਦੋਲਨ ਹੀ ਰੌਸ਼ਨ ਹੋਵੇਗਾ, ਸਗੋਂ ਮੁਲਕ ਦੇ, ਵਿਸ਼ੇਸ਼ ਕਰਕੇ ਪੰਜਾਬ ਦੇ ਇਤਿਹਾਸ ਨੂੰ ਇਕ ਨਵਾਂ ਤੇ ਨਰੋਆ ਰੂਪ ਪ੍ਰਾਪਤ ਹੋਵੇਗਾ।

X



Sri Satguru Jagjit Singh Ji eLibrary NamdhariElibrary@gmail.com

# ਇੰਦਰਾ ਗਾਂਧੀ ਕਦੋਂ ਮਰੀ "ਚੰਗੀ" ?

—ਜਗਜੀਤ ਸਿੰਘ ਆਨੰਦ—

ਇਹ ਮਹੱਤਵਪੂਰਨ ਲੇਖ ਮਜਬੂਰੀ ਵਸ ਪਿਛਲੇ ਅੰਕਾਂ ਵਿਚ ਲਗਣੋਂ ਰਹਿ ਗਿਆ ਸੀ। ਦੇਰੀ ਨਾਲ ਪ੍ਰਕਾਸ਼ਨ ਦੀ ਖਿਮਾ ਯਾਚਨਾ ਹੈ।—ਸੰਪਾਦਕ

ਦਿੱਲੀ ਦੇ ਇਕ ਰੋਜ਼ਾਨਾ ਅਖਬਾਰ "ਪੈਟਰੀਅਟ" ਨੇ ਸੋਲਾਂ ਦਸੰਬਰ ਨੂੰ ਇਕ ਖਬਰ ਛਾਪੀ, ਜਿਹਦੀ ਚਰਚਾ ਕਈ ਦਿਨਾਂ ਤਕ ਰਹੀ।

ਅਖਬਾਰ ਨੇ ਲਿਖਿਆ ਕਿ ਅਮਰੀਕੀ ਬਦੇਸ਼ੀ ਮਹਿਕਮੇ ਨੇ ਆਪਣੇ ਦੇਸ਼ ਦੀ ਇਕ ਯੂਨੀਵਰਸਿਟੀ ਦੇ ਇਕ ਉਘੇ ਪ੍ਰੋਫੈਸਰ ਨੂੰ ਇਹ ਕੰਮ ਸੌਂਪਿਆ ਕਿ ਉਹ ਪਤਾ ਲਾਵੇ ਕਿ ਇੰਦਰਾ ਗਾਂਧੀ ਕਦੋਂ ਮਰੇ ਤਾਂ ਭਾਰਤ ਵਿਚ ਵੱਧ ਡਾਵਾਂ ਡੋਲਤਾ ਆਵੇਗੀ : ਲੋਕ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਜਾਂ ਪਿਛੋਂ। ਇਸ ਪ੍ਰੋਫੈਸਰ ਦਾ ਨਾਂਅ ਅਖਬਾਰ ਅਨੁਸਾਰ ਰਾਬਰਟ ਹਾਰਡਗਰੇਵ ਸੀ, ਉਹ ਟੈਕਸਾਸ ਯੂਨੀਵਰਸਿਟੀ ਵਿਚ "ਸਰਕਾਰ" ਦੇ ਵਿਸ਼ੇ ਦੀ ਪੜ੍ਹਾਈ ਕਰਾਉਂਦਾ ਸੀ ਤੇ ਉਸ ਨੇ ਪੇਪਰ ਵਿਚ ਅਰਵਾਈ ਉਸ ਦੇ ਬਦੇਸ਼ ਮੰਤਰਾਲੇ ਦੇ ਇਕ ਅਧਿਕਾਰੀ ਐਡਵਰਡ ਗ੍ਰਿਫਿਨ ਤੋਂ ਲੈਣੀ ਸੀ। ਗ੍ਰਿਫਿਨ ਪਹਿਲਾਂ ਫੌਜ ਵਿਚ ਰਹਿ ਚੁਕਾ ਸੀ ਤੇ ਉਹ ਅਜ ਕਲ ਅਮਰੀਕਾ ਦੀ ਬਦਨਾਮ ਖੁਫੀਆ ਏਜੰਸੀ ਸੀ. ਆਈ. ਏ. ਦਾ ਸਰਗਰਮ ਰੁਕਨ ਹੈ।

ਖਬਰ ਧੜੀ ਪਟਾਕਾ ਪਾਊ ਸੀ ਤੇ ਆਸ ਸੀ ਕਿ ਅਮਰੀਕੀ ਸਰਕਾਰ ਇਸਦੀ ਤੁਰੰਤ ਤਰਦੀਦ ਕਰ ਦੇਵੇਗੀ। ਪਰ ਹੋਇਆ ਇਸ ਦੇ ਉਲਟ। ਅਗਲੇ ਦਿਨ ਹੀ ਅਮਰੀਕੀ ਬਦੇਸ਼ੀ ਮਹਿਕਮੇ ਦੀ ਇਕ ਅਧਿਕਾਰਤ ਸੁਆਣੀ ਨੇ ਇਸਦੀ ਪੁਸ਼ਟੀ ਕਰ ਦਿਤੀ ਤੇ ਆਖਿਆ ਇਹ ਕਿ ਇਹ ਕੋਈ ਖਾਸ ਗੱਲ ਨਹੀਂ। ਅਮਰੀਕੀ ਸਰਕਾਰ ਅਕਸਰ ਇਜੇਹੀਆਂ ਰਿਪੋਟਾਂ ਤਿਆਰ ਕਰਵਾਉਂਦੀ ਰਹਿੰਦੀ ਹੈ ਕਿ ਕਿਸੇ ਮੁਲਕ ਵਿਚ ਹਾਲਾਤ ਕਿਹੋ ਜਹੇ ਹਨ ਤੇ ਕੀ ਕੁਝ ਵਾਪਰ ਸਕਦਾ ਹੈ।"

ਇਹੋ ਨਹੀਂ ਅਮਰੀਕੀ ਬਦੇਸ਼ੀ ਮਹਿਕਮੇ ਦੀ ਇਸ ਸੁਆਣੀ ਨੇ ਇਹ ਵੀ ਕਿਹਾ ਕਿ ਇਹ ਕੋਈ ਗੁਪਤ ਰਿਪੋਟ ਨਹੀਂ ਇਹ ਤਾਂ ਇਕ ਛਪੀ ਹੋਈ ਕਿਤਾਬ ਵਿਚੋਂ ਹੈ ਜਿਹੜੀ ਅਮਰੀਕਾ ਵਿਚ ਆਮ ਮਿਲਦੀ ਹੈ।

ਉਸ ਕਿਤਾਬ ਵੱਲ ਆਉਣ ਤੋਂ ਪਹਿਲਾਂ ਤਿੰਨ ਗੱਲਾਂ ਧਿਆਨ ਵਿਚ ਆਉਣੀਆਂ ਜ਼ਰੂਰੀ ਹਨ। ਪਹਿਲੀ ਇਹ ਕਿ ਰਪੋਟ ਉਦੋਂ ਤਿਆਰ ਕਰਵਾਈ ਗਈ ਜਦੋਂ ਇੰਦਰਾ ਗਾਂਧੀ ਸਿਹਤ ਵਲੋਂ ਚੰਗੀ ਭਲੀ ਸੀ, ਰਾਜਸੀ ਤੌਰ ਉਤੇ ਪੂਰੀ ਸਰਗਰਮ ਸੀ ਤੇ ਭਾਰਤ ਸਰਕਾਰ ਦੀ ਸਮਰਥਾਵਾਨ ਮੁਖੀ ਹੋਣ ਤੋਂ ਇਲਾਵਾ ਸੰਸਾਰ ਭਰ ਦੀ ਗੁਟਨਿਰਲੇਪਤਾ ਲਹਿਰ ਦੀ ਆਗੂ ਵੀ ਸੀ। ਦੂਜੀ ਇਹ ਕਿ ਰਪੋਟ ਛਾਪਣ ਸਮੇਂ ਲੋਕ ਸਭਾ ਦੀਆਂ ਚੋਣਾਂ ਵਿਚ ਮਸਾਂ ਸੱਤ-ਅੱਠ ਹਫਤੇ ਬਾਕੀ ਸਨ। ਤੇ ਤੀਜੀ ਇਹ ਕਿ ਅਮਰੀਕੀ ਬਦੇਸ਼ ਮੰਤਰਾਲੇ ਦਾ ਇਹ ਦਾਅਵਾ ਝੂਠਾ ਸੀ ਕਿ ਇਸ ਰਪੋਟ ਨਾਲ ਸੰਬੰਧਤ ਕਿਤਾਬ ਅਮਰੀਕਾ ਵਿਚ ਹਰ ਥਾਂ ਮਿਲਦੀ ਹੈ। ਅਸਲੀਅਤ ਇਹ ਹੈ ਕਿ ਰਿਪੋਟ ਕਿਸੇ ਆਮ ਕਿਤਾਬ ਦੀਆਂ ਕੋਈ ਛਾਪਿਆਂ ਹੋਈਆਂ ਕਾਪੀਆਂ ਨਹੀਂ। ਇਹ ਇਕ ਖੁਫੀਆ ਦਸਤਾਵੇਜ਼ ਹੈ ਜਿਸ ਦੀਆਂ ਗਿਣਤੀ-ਮਿਣਤੀ ਦੀਆਂ ਨਕਲਾਂ ਖਾਸ ਖਾਸ ਅਮਰੀਕੀ ਅਦਾਰਿਆਂ ਕੋਲ ਹਨ ਅਤੇ ਹਰ ਕਾਪੀ ਉਤੇ ਨੰਬਰ ਲਗਾ ਹੋਇਆ ਹੈ।

ਹੁਣ ਲਓ ਉਸ ਕਿਤਾਬ ਦੀ ਗੱਲ। ਇਸ ਦਾ ਨਾਂਅ ਹੈ : "ਭਾਰਤ ਦਬਾਅ ਹੇਠ : ਰਾਜਸੀ ਸਥਿਰਤਾ ਦੀਆਂ ਸੰਭਾਵਨਾਵਾਂ।" ਜਿਵੇਂ ਕਿ ਨਾਂਅ ਤੋਂ ਹੀ ਸਪਸ਼ਟ ਹੈ, ਲੇਖਕ ਨੇ ਇਸ ਬਾਰੇ ਪਤਾ ਲਾਇਆ ਹੈ ਕਿ ਆਉਂਦੇ ਦਿਨਾਂ ਵਿਚ ਭਾਰਤ ਅੰਦਰ ਸਥਿਰਤਾ ਕਾਇਮ ਰਹਿ ਸਕੇਗੀ ਜਾਂ ਨਹੀਂ, ਪੂਰੇ ੨੧੪ ਸਫੇ ਇਸ ਕੰਮ ਉਤੇ ਖਰਚ ਕੀਤੇ ਗਏ ਹਨ। ਪ੍ਰਤੱਖ ਹੈ ਕਿ ਰਪੋਟ ਤਿਆਰ ਕਰਨ ਤੇ ਕਰਵਾਉਣ ਵਾਲੇ ਭਾਰਤ ਅੰਦਰ ਅਸਥਿਰਤਾ ਉਤੇ ਵਡੀ ਟੇਕ ਲਾਈ ਬੈਠੇ ਹਨ। ਤੇ ਇਸ ਕਿਤਾਬ ਵਿਚ ਲਿਖਿਆ ਕੀ ਹੈ ?

ਇਸ ਦਾ ਇਕ ਭਾਗ ਸਿਰਫ ਇਸ ਗਲ ਨਾਲ ਸਬੰਧਤ ਹੈ ਕਿ "ਇੰਦਰਾ ਗਾਂਧੀ ਦੀ ਮੌਤ ਪਿਛੋਂ ਕੌਣ ਵਾਰਸ ਬਣੇਗਾ" ਤੇ ਇਸ ਵਿਚ ਸਆਲ ਪੁਛਿਆ ਗਿਆ ਹੈ "ਜੇ ਸ੍ਰੀਮਤੀ ਗਾਂਧੀ ਪ੍ਰਧਾਨ ਮੰਤਰੀ ਹੁੰਦਿਆਂ ਮਰ ਜਾਣ ਤਾਂ ਅਗੋਂ ਕੀ ਹੋਵੇਗਾ, ਕੌਣ ਉਹਨਾਂ ਦੀ ਥਾਂ ਲਵੇਗਾ, ਕੀ ਕਾਂਗਰਸ ਪਾਰਟੀ ਇਕੱਠੀ ਰਹਿ ਸਕੇਗੀ ਤੇ ਕੀ ਉਹਨਾਂ ਦੀ ਮੌਤ ਨਾਲ ਭਾਰਤ ਦੀ ਰਾਜਸੀ ਸਥਿਰਤਾ ਉਤੇ ਅਸਰ ਪਏਗਾ ?"

ਤੇ ਸਿੱਟਾ ਕੀ ਕਢਿਆ ਗਿਆ ਹੈ ?

"ਜੇ ਸ੍ਰੀਮਤੀ ਗਾਂਧੀ ਚੋਣਾਂ ਤੋਂ ਪਹਿਲਾਂ ਅਚਨਚੇਤ ਮਰ ਜਾਂਦੇ ਹਨ ਤਾਂ ਰਾਜੀਵ ਗਾਂਧੀ ਲਈ ਪ੍ਰਧਾਨ ਮੰਤਰੀ



Sri Satguru Jagjit Singh Ji eLibrary NamdhariElibrary@gmail.com

ਬਣਨਾ ਚੋਖਾ ਔਖਾ ਹੋ ਜਾਵੇਗਾ ।"

"ਜੇ ਸ੍ਰੀਮਤੀ ਗਾਂਧੀ ਆਹੁਦੇ ਉਤੇ ਰਹਿੰਦਿਆਂ ਚੋਣਾਂ ਤੋਂ ਪਿਛੋਂ ਮਰਦੇ ਹਨ ਤਾਂ ਰਾਜੀਵ ਗਾਂਧੀ ਦਾ ਪ੍ਰਧਾਨ ਮੰਤਰੀ ਬਣਨਾ ਵਧੇਰੇ ਸੌਖਾ ਹੋ ਜਾਏਗਾ ।

ਸੋ ਅਮਰੀਕੀ ਦਸਤਾਵੇਜ਼ ਅਨੁਸਾਰ ਇੰਦਰਾ ਗਾਂਧੀ ਨੇ ਤਾਂ ਮਰਨਾ ਹੀ ਮਰਨਾ ਹੈ, ਸੁਆਲ ਸਿਰਫ ਏਨਾ ਹੈ ਕਿ ਉਸਦਾ ਮਰਨਾ ਅਮਰੀਕਾ ਨੂੰ ਕਦੋਂ ਸੂਤ ਬੈਠਦਾ ਹੈ । ਇਸਦਾ ਜੁਆਬ, ਰਪੋਰਟ ਵਿਚੋਂ ਉਪਰ ਦਿਤੇ ਹਵਾਲੇ ਅਨੁਸਾਰ ਉਸਦਾ ਪਹਿਲਾਂ ਮਰਨਾ ਹੀ ਠੀਕ ਹੈ ਕਿਉਂਕਿ ਭਾਰਤ ਵਿਚ ਵਧੇਰੇ ਗੜਬੜੀ ਉਸੇ ਹਾਲਤ ਵਿਚ ਪੈ ਸਕਦੀ ਹੈ ।

ਤੇ ਇਸ ਗੱਲ ਨੂੰ ਸਿੱਧ ਕਰਨ ਲਈ ਪਿਛਲੇ ਵੇਰਵੇ ਵਿਸਥਾਰ ਨਾਲ ਦੱਸੇ ਗਏ ਹਨ : ਨਹਿਰੂ ਦੇ ਮਰਨ ਉਤੇ ਲਾਲ ਬਹਾਦਰ ਸ਼ਾਸਤਰੀ ਕਿਵੇਂ ਪ੍ਰਧਾਨ ਮੰਤਰੀ ਬਣਿਆ ਅਤੇ ਉਸ ਦੇ ਮਰਨ ਉਤੇ ਇੰਦਰਾ ਗਾਂਧੀ ਨੂੰ ਪ੍ਰਧਾਨ ਮੰਤਰੀ ਬਨਾਉਣ ਸਮੇਂ ਵਿਚੋਲੀਆਂ ਸ਼ਕਤੀਆਂ ਨੇ ਕੀ ਕੰਮ ਕੀਤਾ । ਅੰਤ ਵਿਚ ਆਖਿਆ ਗਿਆ ਹੈ ਕਿ ਚੋਣਾਂ ਪਿਛੋਂ ਮੌਤ ਦੀ ਸੂਰਤ ਵਿਚ ਤਾਂ ਇੰਦਰਾ ਗਾਂਧੀ ਦੀ ਗੱਦੀ ਉਸ ਦੇ ਬੇਟੇ ਲਈ ਸੰਭਾਲਣੀ ਸੌਖੀ ਹੋਵੇਗੀ, ਪਰ ਜੇ ਮੌਤ ਪਹਿਲਾਂ ਹੋ ਜਾਵੇ ਤਾਂ ਕਈ ਦਾਅਵੇਦਾਰ ਉਠ ਖਲੋਣਗੇ । ਗੁਣਾ ਆਰ ਕੇ ਧਵਨ ਉਤੇ ਪੈ ਸਕਦਾ ਹੈ ਜਿਸਦੇ ਆਪਣੇ ਪਰਾਂਤ ਵਿਚ ਕੋਈ ਪੈਰ ਨਹੀਂ ਤੇ ਜਿਸ ਨੇ ਬਹੁਤੇ ਦਿਨ ਨਹੀਂ ਕਢਣੇ । ਤਾਂ ਫਿਰ ਵਾਗ ਮੁਖ ਮੰਤਰੀਆਂ ਦੇ ਹੱਥ ਚਲੀ ਜਾਏਗੀ ਜਿਹੜੇ ਇੰਦਰਾ ਗਾਂਧੀ ਦੇ ਹੁੰਦਿਆਂ ਬੁਰੀ ਤਰ੍ਹਾਂ ਨੁਕਰੇ ਲਗੇ ਹੋਏ ਸਨ । ਪਰ ਜੇ ਨਹਿਰੂ ਖਾਨਦਾਨ ਦਾ ਵਫਾਦਾਰ ਗਿਆਨੀ ਜ਼ੈਲ ਸਿੰਘ ਗੱਦੀ ਰਾਜੀਵ ਗਾਂਧੀ ਨੂੰ ਹੀ ਸੌਂਪ ਦੇਵੇ ਤਾਂ ਚੋਣਾਂ ਨੇੜੇ ਹੋਣ ਕਾਰਨ ਝਗੜਾ ਕੁਝ ਮੱਠਾ ਪੈ ਜਾਵੇਗਾ ਕਿਉਂਕਿ ਰਾਜੀਵ ਨੂੰ ਅੱਗੇ ਲਾ ਕੇ ਮਾਂ ਲਈ ਹਮਦਰਦੀ ਦੀਆਂ ਵੋਟਾਂ ਬਟੋਰੀਆਂ ਜਾ ਸਕਣਗੀਆਂ । ਪਰ ਚੋਣਾਂ ਪਿਛੋਂ ਕੀ ਬਣੇਗਾ ?

"ਥੋੜ੍ਹੀ ਬਹੁਸੰਮਤੀ ਵਾਲੀ ਘਟਸੰਮਤੀ ਵਾਲੀ ਸਰਕਾਰ ਪ੍ਰਧਾਨ ਮੰਤਰੀ ਦੀ ਤੇ ਸਰਕਾਰ ਹੈਸੀਅਤ ਕਮਜ਼ੋਰ ਕਰ ਦੇਵੇਗੀ । ਨਾ ਸਿਰਫ ਕਾਂਗਰਸ ਪਾਰਟੀ ਅੰਦਰ ਗੁਟਬੰਦਕ ਖਿੱਚ-ਧੂਹ ਤਿੱਖੀ ਹੋਵੇਗੀ, ਸਗੋਂ ਬਾਹਰਲੇ ਅੰਸ਼ ਵੀ, ਜਿਹੜੇ ਕਾਂਗਰਸ ਨੂੰ ਤੋੜਨਾ ਚਾਹੁੰਦੇ ਹਨ ਤੇ ਜਿਹੜੇ ਨਵੀਂ ਲੀਡਰਸ਼ਿਪ ਵਾਸਤੇ ਕਾਂਗਰਸ ਦਾ ਝੰਡਾ ਖੋਹਣਾ ਚਾਹੁੰਦੇ ਹਨ, ਸਰਗਰਮ ਹੋ ਜਾਣਗੇ ।"

ਤੇ ਉਸ ਤੋਂ ਬਾਅਦ ?

"ਕਾਂਗਰਸ ਦੀ ਸਰਕਾਰ ਦਾ ਭੋਗ ਪੈ ਜਾਏਗਾ, ਉਸ ਦੀ ਥਾਂ ਜਨਤਾ ਦੀ ਅਗਵਾਈ ਵਾਲੀ ਕੁਲੀਸ਼ਨ ਸਰਕਾਰ ਲਏਗੀ ਜਿਸ ਵਿਚ ਕਾਂਗਰਸ ਤੋਂ ਟੁਟ ਕੇ ਆਏ ਅੰਸ਼ ਵੀ ਹੋਣਗੇ । ਪਰ ਅਜਿਹੀ ਕੁਲੀਸ਼ਨ ਵਿਚ ਵੀ ਫੁਟ ਪੈਣ ਦੀਆਂ ਸੰਭਾਵਨਾਵਾਂ ਬਹੁਤ ਹੋਣਗੀਆਂ ਤੇ ਇਹ ਟੁਟ ਜਾਏਗੀ । ਭਾਰਤ ਜਦੋਂ ਕੇਂਦਰ ਵਿਚ ਲੰਮੇ ਸਮੇਂ ਦੀ ਡਾਵਾਂ ਡੋਲਤਾ ਦੇ ਦੌਰ ਵਿਚ ਦਾਖਲ ਹੋ ਜਾਵੇਗਾ ।"

ਪਰ ਜੇ ਇੰਦਰਾ ਗਾਂਧੀ ਚੋਣਾਂ ਤੋਂ ਪਹਿਲਾਂ ਹੀ ਮਰੀ ?

"ਉਸ ਦੇ ਪਿਛੋਂ ਮਰਨ ਨਾਲ ਰਾਜੀਵ ਦੀ ਨਾਮਜ਼ਦਗੀ ਦੀਆਂ ਸੰਭਾਵਨਾਵਾਂ ਚੋਖੀਆਂ ਪੱਕੀਆਂ ਹੋ ਜਾਣਗੀਆਂ ਅਤੇ ਕੱਲ ਭਾਵੇਂ ਲੋਕ ਸਭਾ ਵਿਚ ਕਾਂਗਰਸ ਪਾਰਟੀ ਦੀ ਜਿੱਤ ਵੱਧ ਜਾਂ ਘੱਟ ਹੋਣ ਨਾਲ ਵੀ ਸਬੰਧਤ ਹੈ, ਕਾਂਗਰਸ ਪਾਰਟੀ ਦੇ ਟੁਟ ਜਾਣ ਦੀ ਸੰਭਾਵਨਾ ਬਹੁਤ ਘਟ ਜਾਏਗੀ ।"

ਤੇ ਹੁਣ ਹੋਇਆ ਕੀ ਹੈ ?

ਇੰਦਰਾ ਗਾਂਧੀ ਦੇ ਅਚਨਚੇਤ ਮਰਨ ਦੀ ਅਮਰੀਕੀ ਲਾਲਸਾ ਵੀ ਪੂਰੀ ਹੋ ਗਈ ਹੈ ਮੌਤ ਵੀ ਚੋਣਾਂ ਤੋਂ ਪਹਿਲਾਂ ਹੋਈ ਹੈ ਜਿਸ ਲਈ ਅਮਰੀਕੀ ਬੇਤਾਬ ਸਨ ।

ਵੋਟਾਂ ਤਾਂ ਅਜੇ ਡਬਿਆਂ ਵਿਚ ਹਨ ਤੇ ਨਤੀਜੇ ਹੋਰ ਤਿੰਨਾਂ ਦਿਨਾਂ ਨੂੰ ਨਿਕਲਣੇ ਸ਼ੁਰੂ ਹੋਣੇ ਹਨ, ਪਰ ਪਰਚਾਰ ਦੇ ਆਖਰੀ ਪੜਾਅ ਉਤੇ ਅਮਰੀਕਾ ਦੇ ਚਹੇਤੇ ਸਾਬਕ ਪ੍ਰਧਾਨ ਮੰਤਰੀ ਸ੍ਰੀ ਮੋਰਾਰਜੀ ਡੇਸਾਈ ਨੇ ਕੀ ਫੁਰਮਾਇਆ ਹੈ ?

ਪਰਚੀਆਂ ਪੈਣ ਤੋਂ ਇਕ ਦਿਨ ਪਹਿਲਾਂ ਉਹਨਾਂ ਨੇ ਵਾਰਾਨਸੀ ਵਿਚ ਇਕ ਪ੍ਰੈਸ ਕਾਨਫਰੰਸ ਲਾ ਕੇ ਆਖਿਆ :

"ਲੋਕ ਸਭਾ ਵਿਚ ਕੋਈ ਇਕਲੀ ਪਾਰਟੀ ਬਹੁਮਤ ਪ੍ਰਾਪਤ ਨਹੀਂ ਕਰ ਸਕੇਗੀ ਤੇ ਕੇਂਦਰ ਵਿਚ ਕੁਲੀਸ਼ਨ ਸਰਕਾਰ ਕਾਇਮ ਹੋਵੇਗੀ । ਇਹ ਕੁਲੀਸ਼ਨ ਸਰਕਾਰ ਵੀ ਪੂਰਾ ਸਮਾਂ ਨਹੀਂ ਕਢ ਸਕੇਗੀ ਤੇ ਦੇਸ਼ ਵਿਚ ਮਿਡ-ਟਰਮ (ਅੱਧ ਵਿਚਾਲੇ ਹੀ) ਚੋਣਾਂ ਹੋਣਗੀਆਂ ।"

ਜੇ ਧਿਆਨ ਨਾਲ ਵੇਖੋ ਤਾਂ ਮੋਰਾਰਜੀ ਡੇਸਾਈ ਦੇ ਵਿਚਾਰ ਅਮਰੀਕੀ ਸੀ. ਆਈ. ਏ. ਵਲੋਂ ਨਰਦਾਈ ਰਈ ਮੌਤ ਦੇ ਸਿਰਿਆਂ ਨਾਲੋਂ ਬਾਹਰਲੇ ਵਾਧੂ ਨਹੀਂ । ਦੋਵੇਂ ਇਕ ਰੇਡੀਓ ਟੇਸ਼ਨ ਤੋਂ ਬੋਲ ਰਹੇ ਜਾਪਦੇ ਹਨ ।



Sri Satguru Jagjit Singh Ji eLibrary NamdhariElibrary@gmail.com

ਤਦ ਫਿਰ ਕੀ ਇੰਦਰਾ ਗਾਂਧੀ ਦੀ ਚੋਣਾਂ ਤੋਂ ਪਹਿਲਾਂ ਅਚਨਚੇਤ ਮੌਤ ਵਿਚ ਸੀ. ਆਈ. ਏ. ਦਾ ਹੱਥ ਹੈ?

ਅਸੀਂ ਤਾਂ ਇਹ ਗੱਲ ਪ੍ਰਧਾਨ ਮੰਤਰੀ ਦੇ ਕਤਲ ਤੋਂ ਅਗਲੇ ਦਿਨ ਹੀ ਆਖ ਦਿਤੀ ਸੀ ਕਿ ਬੇਅੰਤ ਤੇ ਸਤਵੰਤ ਤਾਂ ਕਠ-ਪੁਤਲੀਆਂ ਹਨ ਤੇ ਜਿਸ ਮਦਾਰੀ ਨੇ ਇਹ ਕਤਲ ਕਰਵਾਇਆ ਹੈ ਉਸੇ ਨੇ ਦਿੱਲੀ ਤੇ ਹੋਰਨੀਂ ਥਾਈਂ ਬੇਦੋਸ਼ੇ ਸਿੱਖਾਂ ਲਈ ਵੀ ਪਰਲੋ ਵਰਤਾਈ ਹੈ।

ਸੀ. ਆਈ. ਏ. ਦੇ ਹੱਥ ਉਸੇ ਤਰ੍ਹਾਂ ਇੰਦਰਾ ਗਾਂਧੀ ਦੇ ਖੂਨ ਨਾਲ ਰੰਗੇ ਹਨ ਜਿਸ ਤਰ੍ਹਾਂ ਚਿੱਲੀ ਦੇ ਜਮਹੂਰੀ ਪ੍ਰਧਾਨ ਐਲੇਂਡੇ ਦੇ, ਬੰਗਲਾ ਦੇਸ਼ ਦੇ ਪਿਤਾਮਾ ਮੁਜੀਬੁਰ ਰਹਿਮਾਨ ਦੇ ਲਹੂ ਨਾਲ ਗੜੂਚ ਸਨ। ਸ੍ਰੀ ਲੰਕਾ ਦੇ ਭੰਡਾਰ-ਨਾਇਕੇ ਤੇ ਕਾਂਗੋ ਦੇ ਪੈਟਰਿਸ, ਲਮੂੰਮਬਾ ਦਾ ਅੰਤ ਵੀ ਸਾਨੂੰ ਭੁਲਿਆ ਨਹੀਂ।

ਤੇ ਨਾ ਭਾਰਤ ਦੇ ਟੁਕੜੇ ਕਰਨ ਦੀ ਪੁਰਾਣੀ ਕੂਪਲੈਂਡ ਪਲੈਨ ਭੁਲੀ ਹੈ, ਨਾ ਸੀ. ਆਈ. ਏ. ਦਾ ਪ੍ਰਾਜੈਕਟ ਬ੍ਰਹਮ-ਪੁਤਰ (ਜਿਸ ਪਿਛੋਂ ਆਸਾਮ ਵਿਚ ਗੜਬੜ ਦਾ ਮੁਢ ਬੱਝਾ) ਨਾ ਇਤਿਹਾਸੀ ਸੰਤਾ ਵਿਚ ਅਮਰੀਕਾ ਦੀ ਪ੍ਰਤੀਨਿਧ ਸ੍ਰੀਮਤੀ ਜਿਰਕ ਪੈਟਰਿਕ ਦੀ ਭਾਰਤ ਦੇ ਟੋਟੇ ਕਰਨ ਦੀ ਲੋੜ ਉਤੇ ਜ਼ੋਰ ਦੇਣ ਵਾਲੀ ਦਸਤਾਵੇਜ਼। ਨਾ ਭਾਰਤ ਵਿਚਲੇ ਅਮਰੀਕਾ ਦੇ ਹੁਣ ਵਾਲੇ ਸਫੀਰ ਦਾ ਉਹ ਬਿਆਨ ਵਿਸਰਿਆ ਹੈ ਜਿਸ ਵਿਚ ਉਸ ਨੇ "ਖਾਲਿਸਤਾਨ" ਦੀ ਬਦ ਲਹਿਰ ਦੀ ਤੁਲਨਾ ਪਿਓਰਟੋ ਰੀਕੋ ਦੇ ਆਜ਼ਾਦੀ ਦੇ ਸੁੱਚੇ ਘੋਲ ਨਾਲ ਕਰਨ ਦੀ ਗੁਸਤਾਖੀ ਕੀਤੀ ਸੀ।

ਪਾਕਿਸਤਾਨ ਵਿਚਲੇ "ਖਾਲਿਸਤਾਨੀਆਂ" ਦੇ ਸਿਖ-ਲਾਈ ਕੇਂਦਰ ਅਮਰੀਕੀ "ਖਾਲਿਸਤਾਨੀਏ" ਗੰਗਾ ਸਿੰਘ ਢਿਲੋਂ ਨੂੰ ਨਨਕਾਣਾ ਸਾਹਿਬ ਵਿਚ ਸਿਰੋਪੇ, ਤੇ ਉਸ ਦਾ ਤਾਜ਼ਾ ਐਲਾਨ ਕਿ ਇੰਦਰਾ ਗਾਂਧੀ ਪਿਛੋਂ ਹੋਰਨਾਂ ਦੀ ਵਾਰੀ ਹੈ — ਇਹ ਸਭ ਕੁਝ ਅਜੇ ਸੱਜਰਾ ਹੈ।

ਇਸ ਲਈ ਉਪਰੋਕਤ ਅਮਰੀਕੀ ਦਸਤਾਵੇਜ਼ ਪਿਛੇ ਲੁਕੇ ਇਰਾਦਿਆਂ ਬਾਰੇ ਕੋਈ ਵੀ ਸੂਝਵਾਨ ਭਾਰਤੀ ਅਵੇਸਲਾ ਨਹੀਂ ਹੋ ਸਕਦਾ। ਇਹ ਵੱਖਰੀ ਗੱਲ ਹੈ ਕਿ ਰਾਜੀਵ ਗਾਂਧੀ ਵੀ ਆਪਣੀ ਮਾਤਾ ਦੀ ਡਗਰ ਉਤੇ ਚਲਦਾ ਹੋਇਆ "ਸੰਗਦੀ ਲਵਾਂ ਨਾ ਨਾਂਅ" ਵਾਲੇ ਪੈਂਤੜੇ ਨੂੰ ਹੀ ਮਲੀ ਰਖੇ।

(੨੭ ਦਸੰਬਰ, ੧੯੮੪)

## ਗ਼ਜ਼ਲ

—ਫ਼ੈਜ਼ ਅਹਿਮਦ ਫ਼ੈਜ਼—

ਦਰਬਾਰੇ-ਵਤਨ ਮੇਂ ਜਬ ਇਕ ਦਿਨ ਸਬ ਜਾਨੇ ਵਾਲੇ ਜਾਏਂਗੇ,
ਕੁਛ ਅਪਨੀ ਸਜ਼ਾ ਕੋ ਪਹੁੰਚੇਂਗੇ ਕੁਛ ਅਪਨੀ ਜਜ਼ਾ ਲੇ ਜਾਏਂਗੇ।

ਐ ਖ਼ਾਕ ਨਸ਼ੀਨੋ ਉਠ ਬੈਠੋ ਵੋਹ ਵਕਤ ਕਰੀਬ ਆ ਪਹੁੰਚਾ ਹੈ,
ਜਬ ਤਖ਼ਤ ਗਿਰਾਏ ਜਾਏਂਗੇ ਜਬ ਤਾਜ ਉਛਾਲੇ ਜਾਏਂਗੇ।

ਅਬ ਟੂਟ ਗਿਰੇਂਗੀ ਜ਼ੰਜੀਰੇਂ ਅਬ ਜ਼ਿੰਦਾਨੋਂ ਕੀ ਖ਼ੈਰ ਨਹੀਂ,
ਜੋ ਦਰਿਆ ਝੂਮ ਕੇ ਉਠੇ ਹੈਂ ਤਿਨਕੋਂ ਸੇ ਨਾ ਟਾਲੇ ਜਾਏਂਗੇ।

ਕਟਤੇ ਭੀ ਚਲੋ ਬੜ੍ਹਤੇ ਭੀ ਚਲੋ ਬਾਜ਼ੂ ਭੀ ਬਹੁਤ ਹੈਂ ਸਰ ਭੀ ਬਹੁਤ,
ਚਲਤੇ ਭੀ ਚਲੋ ਕਿ ਅਬ ਡੇਰੇ ਮੰਜ਼ਿਲ ਪੇ ਹੀ ਡਾਲੇ ਜਾਏਂਗੇ।

ਐ ਜ਼ੁਲਮ ਕੇ ਮਾਤੋ ਲਬ ਖੋਲੋ, ਚੁਪ ਰਹਿਨੇ ਵਾਲੋ ਚੁੱਪ ਕਬ ਤਕ,
ਕੁਛ ਹਸ਼ਰ ਤੋ ਉਨ ਸੇ ਉਠੇਗਾ ਕੁਛ ਦੂਰ ਤੋ ਨਾਲੇ ਜਾਏਂਗੇ।



Sri Satguru Jagjit Singh Ji eLibrary NamdhariElibrary@gmail.com

# ਗੁਰਦਿਆਲ ਸਿੰਘ ਐਂਡ ਸਨਜ਼

ਫਗਵਾੜਾ ਗੇਟ ਜਲੰਧਰ ।



- ਸਿਤਾਰ
- ਤਾਨਪੂਰਾ
- ਹਾਰਮੋਨੀਅਮ
- ਤਬਲਾ
- ਅਤੇ ਸੰਗੀਤ ਦੇ ਹੋਰ ਸਾਜ਼ ਤਿਆਰ ਕਰਨ ਵਾਲੇ

Specialists in :

## SITAR

Manufacturers of all kinds of Musical Instruments

## GURDIAL SINGH & SONS

Phagwara Gate, JALANDHAR CITY

---

समय और पैसा बचाये वर्षों साथ निभाये




ਪੈਸਾ ਅਤੇ ਸਮਾਂ ਬਚਾਏ
ਉਮਰਾਂ ਦਾ ਸਾਥ ਨਭਾਏ

## ਪ੍ਰਿਆ ਪਰੈਸ਼ਰ ਕੁਕਰ

ਗਰੰਟੀ ਪੰਜ ਸਾਲ

MANUFACTURED BY N. J. INDUSTRIES F-99 BALI NAGAR
NEW DELHI-110005




Sri Satguru Jagjit Singh Ji eLibrary NamdhariElibrary@gmail.com

ਗੋਰਿਆਂ ਦੇ ਦੇਸ਼ ਵਿਚ

# ਸੰਗੀਤਕ ਵਾਰਤਲਾਪ

ਇੰਗਲੈਂਡ ਦੇ ਸ਼ਹਿਰ ਮੈਂਡਨ ਹੈਡ ਵਿਚ ਸ: ਬੀਰ ਸਿੰਘ ਭਮਰਾ ਦੇ ਘਰ ਇਕ ਸੰਗੀਤ ਸਭਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਹੋਈ ਜਿਸ ਵਿਚ ਮਸ਼ਹੂਰ ਸਿਤਾਰ ਨਿਵਾਜ਼ ਉਸਤਾਦ ਇਮਰਤ ਖਾਂ ਸਾਹਿਬ ਦੇ ਸਾਹਿਬਜ਼ਾਦਿਆਂ ਸਰੋਦ ਅਤੇ ਸਿਤਾਰ ਦਾ ਪ੍ਰੋਗਰਾਮ ਹੋਇਆ। ਉਸ ਤੋਂ ਪਹਿਲਾਂ ਕੁਝ ਵਾਰਤਾਲਾਪ ਸਤਿਗੁਰੂ ਜੀ ਅਤੇ ਉਸਤਾਦ ਜੀ ਵਿਚ ਹੋਇਆ। ਮਿਤੀ ੧੯-੫-੧੯੮੪

ਉਸਤਾਦ ਇਮਰਤ ਖਾਂ :—ਬੜੀ ਆਪ ਨੇ ਕਰਮ ਫ਼ੁਰਮਾਈ ਕੀ। ਮੈਂ ਤੋ ਕਲ੍ਹ ਹੀ ਹਾਜ਼ਰ ਹੋ ਜਾਤਾ। ਵਹੁ ਟੈਲੀਵੀਜ਼ਨ ਕਾ ਪ੍ਰੋਗਰਾਮ ਕਲ ਆ ਗਿਆ। ਬੱਚੋਂ ਕੇ ਸਾਥ ਥਾ ਏਕ ਸਿਲਸਿਲਾ ਛੋਟਾ ਸਾ। ਆਪ ਕੋ ਦੇਖਣੇ ਕੋ ਬਹੁਤ ਦਿਲ ਤੜਪ ਰਹਾ ਥਾ।

ਸਤਿਗੁਰੂ ਜੀ :—ਜਬ ਸੇ ਅੰਬਾਲੇ ਮਿਲੇ ਹੈਂ ਆਪ ਲੋਗ, ਮੇਰਾ ਖਿਆਲ ਹੈ ਉਸ ਕੇ ਬਾਅਦ ਅਬ ਹੀ ਮਿਲੇ ਹੈਂ।

ਉਸਤਾਦ ਜੀ :—(ਸਤਿਗੁਰੂ ਜੀ ਬਾਰੇ ਸਾਨੂੰ, ਸਰੋਤਿਆਂ ਨੂੰ ਦਸਦਿਆਂ) ਲੈਅਕਾਰੀ ਕਾ ਜੈਸਾ ਇਨ ਕਾ ਮਾਮਲਾ ਹੈ, ਜੋ ਤੋ ਹੈਰਨ ਪਕੜਤੇ ਹੈਂ ਉਸ ਬਾਤ ਕੋ ਜੋ ਬੜੇ ਬੜੇ ਤਬਲੀਏ ਔਰ ਬੜੇ ਬੜੇ ਲੈਅਕਾਰ ਨਹੀਂ ਸਮਝ ਸਕਤੇ।

ਸਤਿਗੁਰੂ ਜੀ :—ਜਬ ਆਪ ਕਹਿ ਦੇਤੇ ਹੈਂ ਤੋ ਐਸਾ ਹੀ ਹੋ ਜਾਤਾ ਹੈ।

ਉਸਤਾਦ ਜੀ :—ਆਪ ਖ਼ੁਦ ਭੀ ਤੋ ਬਹੁਤ ਜ਼ਬਰਦਸਤ...। ਆਜ ਥੋੜਾ ਸਾ ਹਮ ਲੋਗੋਂ ਕੋ ਭੀ ਸੁਣਨੇ ਕੋ ਮਿਲੇ ਕਿਉਂਕਿ ਆਪ ਕੋ ਸੁਣੇ ਬਹੁਤ ਦਿਨ ਕਾ ਅਰਸਾ ਹੋ ਗਿਆ ਹੈ।

ਸਤਿਗੁਰੂ ਜੀ :—ਐਸਾ ਹੈ...ਗਾਣੇ ਵਾਲੇ ਧੰਦੇ ਸਭ ਚਲੇ ਗਏ ਹੈਂ। ਹਰਿਭਜਨ ਸਿੰਘ ਕੋ ਕਹੇਂਗੇ ਵਹ ਸੁਣਾਏ ਆਪ ਕੋ ਥੋੜਾ ਸਾ।

ਉਸਤਾਦ ਜੀ :—ਅਪਣੇ ਅੰਮ੍ਰਿਤਪਾਲ ਭਾਈ ਹੈ ਹਾਂ ਪਿਛਲੀ ਮੁਲਾਕਾਤ ਹੂਈ ਥੀ। ਲੰਡਨ ਮੇਂ ਹੀ ਮੁਲਾਕਾਤ ਹੂਈ ਥੀ। ਉਸ ਕੇ ਬਾਅਦ...

ਸਤਿਗੁਰੂ ਜੀ :—ਇਸ (ਅੰਮ੍ਰਿਤਪਾਲ) ਕੇ ਸੁਸਰਾਲ ਕੇ ਘਰ ਉਸ ਦਿਨ। ਯਹ ਵਹੀਂ ਰਹਿਤੇ ਥੇ।

ਉਸਤਾਦ ਜੀ :—ਜੀ ਹਾਂ ਆਪ ਨੇ ਬਜਾਇਆ ਭੀ ਥਾ।

ਸਤਿਗੁਰੂ ਜੀ :—ਕੋਸ਼ਿਸ਼ ਕੀ ਕਿ ਜ਼ਿਆਦਾ ਬੈਠ ਸਕੇਂ ਲੇਕਿਨ ਕਾਮ ਆਪ ਕੋ ਭੀ ਥਾ ਔਰ ਹਮੇਂ ਭੀ... ਜ਼ਿਆਦਾ ਦੇਰ ਬੈਠ ਨਹੀਂ ਸਕੇ।

ਉਸਤਾਦ ਜੀ :—ਯਹ ਤੋ ਨਸੀਬ ਕੀ ਬਾਤ ਹੈ ਕਿ ਆਪ ਕੇ ਦੀਦਾਰ ਹੋ ਜਾਤੇ ਹੈਂ ਵਰਨਾ ਆਪ ਇਤਨੇ ਮਸਰੂਫ਼ ਹੈਂ।

ਸਤਿਗੁਰੂ ਜੀ :—(ਉਸਤਾਦ ਜੀ ਦੇ ਲੜਕਿਆਂ ਵਲ ਇਸ਼ਾਰਾ ਕਰਕੇ) ਬਹੁਤ ਦੇਰ ਹੋ ਗਈ ਵਹੁ ਸਹਾਰਨਪੁਰ ਵਾਲੀ ਸੁਣੀ ਇਨ ਸੇ ਔਰ ਤਬਲਾ ਸੁਣਾ।

ਉਸਤਾਦ ਜੀ :—(ਹੱਸ ਕੇ) ਵਹੁ (ਵਜਾਹਤ ਖਾਂ) ਸਤਰਮ ਕਰਤਾ ਥਾ। ਆਪ ਕੀ ਦੁਆ ਸੇ ਇਸ ਕੋ ਸਰੋਦ ਸ਼ੁਰੂ ਕਰਵਾਇਆ ਹੈ।

ਸਤਿਗੁਰੂ ਜੀ :—ਬਹੁਤ ਅੱਛਾ ਕੀਆ।

ਉਸਤਾਦ ਜੀ :—ਆਪ ਸੁਣੇਂਗੇ, ਅਭੀ ਤੋ ਸ਼ੁਰੂ ਕਰਵਾਇਆ ਹੈ। ਅਭੀ ਸੁਨਾਨੇ ਕੇ ਕਾਬਲ ਤੋ ਨਹੀਂ ਹੂਆ। ਮਗਰ ਆਪ ਸੁਨੇਂਗੇ ਤੋ ਖ਼ੁਸ਼ ਹੋਂਗੇ।

ਸਤਿਗੁਰੂ ਜੀ :—ਜੋ ਅੱਛੇ ਆਦਮੀ ਹੈਂ ਜੋ ਅੱਛੇ ਗੁਣੀ ਆਦਮੀ ਹੈਂ ਵਹੁ ਤੋ ਸਾਰੀ ਉਮਰ ਸੁਨਾਨੇ ਕੇ ਕਾਬਿਲ ਹੋਤੇ ਹੀ ਨਹੀਂ ਇਨ ਛੋਟੇ ਵਹੁ ਸਭ ਸੇ ਜ਼ਿਆਦਾ ਸੁਨਾਨੇ ਕਾਬਲ ਹੋਤੇ ਹੈਂ।

ਏਕ ਪ੍ਰੋਗਰਾਮ ਹੂਆ ਥਾ ਹਮਾਰਾ ਔਰੰਗਾਬਾਦ ਮੇਂ ਸਾਲ ੧੯੮੦ ਮੇਂ।

ਉਸਤਾਦ ਜੀ :—ਔਰੰਗਾਬਾਦ ਮੇਂ ਆਪ ਲੋਗੋਂ ਕੀ ਕਾਨਫ਼ਰੰਸ ਹੂਈ ਥੀ।

ਸਤਿਗੁਰੂ ਜੀ :—ਵਹੁ ਲੋਗ (ਔਰੰਗਾਬਾਦੀਏ) ਪੂਛਤੇ ਥੇ ਕਿ ਯੇ ਵਲੈਤ ਖਾਂ ਸਾਹਿਬ, ਅਜਮਦ ਅਲੀ ਸਾਹਿਬ, ਚੌਰਸੀਆ ਜੀ ਕਿਰ ਕੁਮਾਰ ਇਤਨੇ ਬੜੇ ਯਹਾਂ ਆ ਜਾਏਂਗੇ ?...ਸਭ ਲੋਗ ਬਹੁਤ ਖੁਸ਼ ਹੂਏ। ਹਜ਼ਾਰੋਂ ਆਦਮੀਓਂ ਕੀ ਬੈਠਕ ਓਪਨ ਮੇਂ ਥੀ। ਇਤਨੇ ਇਤਨੇ ਬੱਚੇ ਭੀ, ਕੋਈ ਬੋਲਤਾ ਨਹੀਂ ਥਾ। ਅਗਰ ਕੋਈ ਬੈਠਾ ਹੈ ਤੋ ਬੈਠਾ ਹੈ ਅਗਰ ਖੜਾ ਹੈ ਤੋ ਖੜਾ ਹੀ ਹੈ। ਉਸ ਮੇਂ ਚੌਰਸੀਆ ਜੀ



Sri Satguru Jagjit Singh Ji eLibrary NamdhariElibrary@gmail.com

ਆਏ ਥੇ......ਵਹੁ ਕਹਿਤੇ ਥੇ ਕਿ 'ਯੇ ਬਚੇ' ਜੋ ਪੌਣੇ ਪੰਦਰਾਂ ਸਵਾ ਚੌਦਾ ਮਾਤਰਾ ਐਸੇ ਸਿਖਲਾ ਦੀਆ ਹੈ'...। ਵਹੁ ਬੜੇ ਆਦਮੀ ਹੈਂ ਯਹ ਉਨ ਕੀ ਬੜਾਈ ਹੈ । ਫਿਰ ਉਨ੍ਹੋਂ ਨੇ ਜ਼ਬਰਦਸਤੀ ਕਹਾ ਕਿ ਬੰਬਈ ਮੇਂ ਆਪ ਕਾ ਪ੍ਰੋਗਰਾਮ ਕਰੇਂਗੇ ਯਬ ਲੱਗਾ ਤੋ ਉਨ ਕੇ ਲੀਏ ਏਕ ਛੋਟੀ ਸੀ ਬੰਦਿਸ਼ ਬਣਾਈ ਥੀ ਪੌਣੇ ਗਿਆਰਾਂ ਮਾਤਰਾ ਮੇਂ । ਉਸ ਕੇ ਸ਼ਬਦ ਹੈਂ :

ਕਾਲ ਪੁਰਖ ਕੇ ਬਚਨ ਤੇ ਸੰਤਨ ਹੇਤ ਸਹਾਇ
ਮਥੁਰਾ ਮੰਡਲ ਕੇ ਬਿਖੇ ਜਨਮ ਧਰਿਓ ਹਰਿ ਰਾਇ

ਯੇਹ ਗੁਰੂ ਗੋਬਿੰਦ ਸਿੰਘ ਜੀ ਕਾ ਦੋਹਾ ਹੈ । ਇਸ ਕਾ ਸੰਗੀਤਾ ਆਪ ਕੋ ਸੁਣਾਏਂਗੇ । ਤਬਲੇ ਵਾਲਾ ਕਿੰਗੀ ਯਹਾਂ ਨਹੀਂ ਹੈ । ਇਸ (ਹਰਦਿਆਲ ਸਿੰਘ ਲੰਡਨ) ਕੋ ਅਭੀ ਠੇਕਾ ਸਮਝਾਇਆ ਗਿਆ ਹੈ । ਪੌਣੇ ਗਿਆਰਾ ਮਾਤਰਾ ।

ਉਸਤਾਦ ਜੀ :—ਪੌਣੇ ਗਿਆਰਾ ???...ਹਾ ਹਾ ਹਾ

ਸਤਿਗੁਰੂ ਜੀ :—ਯਹ (ਉਸਤਾਦ ਜੀ ਦੇ ਲੜਕੇ) ਗਿਆਰਾ ਬਜਾਤੇ ਹੈਂ । ਉਸ ਸੇ ਮੇਰਾ ਕਮ ਹੈ ਯੇ । ਇਸ ਮੇਂ ਬੜੀ ਬਾਤ ਕੌਣ ਸੀ ਹੈ । ਆਪ ਸੇ ਕਮ ਹੀ ਹੈ ।

ਉਸਤਾਦ ਜੀ :—ਵਹੁ ਕਮੀ ਤੋਂ ਬਹੁਤ ਜ਼ਿਆਦਾ ਹੈ...(ਹਾਸਾ) ਉਸੀ ਕਰਕੇ ਮੇਂ ਤੋ ਦੀਰਆ ਹੈ ।

(ਹਰਭਜਨ ਸਿੰਘ ਨੇ ਹਾਰਮੋਨੀਅਮ ਲੈ ਕੇ ਸੰਗੀਤ ਦੀਆਂ ਸੁਰਾਂ ਛੇੜੀਆਂ । ਉਸਤਾਦ ਜਨਾਂ ਤੋਂ ਆਗਿਆ ਲਈ ਅਤੇ ਆਲਾਪ ਸ਼ੁਰੂ ਕੀਤਾ । ਗੰਭੀਰ ਸੁਨਹਿਰੀ ਆਵਾਜ਼ । ਆਲਾਪ ਵਿਚ ਹੀ ਵਾਹ ਵਾਹ ਲੈ ਲਈ)

ਫਿਰ ਮਥੁਰਾ ਮੰਡਲ ਕੇ ਬਿਖੇ ਦੀ ਸਥਾਈ ਗਾਣੀ ਸ਼ੁਰੂ ਕੀਤੀ । ਦਸਵੀਂ ਮਾਤਰਾ ਤੋਂ 'ਮਥੁਰਾ' ਮੰਡਲ ਸ਼ੁਰੂ ਕਰਕੇ ਗਿਆਰਵੀਂ ਮਾਤਰਾ ਦੇ ਤਿੰਨ ਚੌਥਾਈ ਤੇ ਸਮ 'ਕੇ' ਬਿਖੇ ਬਹੁਤ ਖੂਬਸੂਰਤੀ ਨਾਲ ਜੋੜਿਆ ਸੀ । ਸਥਾਈ ਦੇ ਚਾਰ ਕੁ ਆਵਰਤਨਾਂ ਬਾਦ ਹੀ ਅੰਤਰਾ ।

ਅਕਾਲ ਪੁਰਖ ਕੇ ਬਚਨ ਤੇ, ਬਚਨ ਦੇ 'ਚ' ਤੇ ਸਮ ਰੱਖ ਕੇ ਬਾਰੀਕੀ ਅਤੇ ਫੁਰਤੀ ਨਾਲ ਅੰਤਰਾ ਗਾਇਆ ਤਾਂ ਉਸਤਾਦ ਸਾਹਿਬ ਅਤੇ ਗੁਣੀ ਜਨਾਂ ਵਲੋਂ ਵਾਹ ਵਾਹ ਹੋਈ)

ਉਸਤਾਦ ਜੀ :—ਕਿਆ ਲਗਾ ਹੈ ਵਹੁ

ਕਿਆ ਬਾਤ ਹੈ...ਵਾਹ ਵਾਹ

(ਸਤਿਗੁਰੂ ਜੀ ਨੇ ਆਪਣੇ ਮੁੱਖ ਤੋਂ ਤਿਹਾਈ ਬੋਲਦਿਆਂ ਮਥੁਰਾ ਮੰਡਲ ਕੇ, ਮਥੁਰਾ ਮੰਡਲ ਕੇ, ਮਥੁਰਾ ਮੰਡਲ ਕੇ ਕਹਿੰਦਿਆਂ ਸਮ ਤੇ ਆ 'ਕੇ' ਬਿਖੇ ਜਦ ਕਿਹਾ ਤਾਂ ਸਭ ਪਾਸਿਓਂ ਵਾਹ ਵਾਹ ਹੋਈ । ਪੌਣੀਆਂ ਮਾਤਰ ਵਿਚ ਗਾਣਾ ਅਤੇ ਫੇਰ ਤਿਹਾਈ ਲਾਉਣੀ ਇਕ ਕਰਾਮਾਤ ਹੀ ਹੈ ।)

ਉਸਤਾਦ ਜੀ :—ਪੌਣੇ ਗਿਆਰਾ ਮੇਂ ਤਿਹਾਈ ਬਣ ਕੇ ਆ ਰਹੀ ਹੈ । ਵਾਹ ਵਾਹ ਕਿਆ ਬਾਤ ਹੈ । ਵਾਹ ਵਾਹ ਕਿਆ ਬਾਤ ਹੈ । ਵਾਹ ਵਾਹ...ਔਰ ਯੇਹ ਕਿਤਨੀ ਬਾਰੀਕ ਬਾਤ ਹੈ ਕਿ ਸਭ ਕੇ ਤੋ ਪੱਲੇ ਪੜਨਾ ਹੀ ਮੁਸ਼ਕਲ ਹੈ ।......

ਉਸਤਾਦ ਪਿਆਰਾ ਸਿੰਘ :—ਬਹੁਤ ਖੂਬਸੂਰਤ ਬੰਦਿਸ਼ ਬਣਾਈ ਹੈ । ਐਸੇ ਬੋਲ...ਮਜ਼ਾ ਆ ਜਾਤਾ ਹੈ ।

ਸਤਿਗੁਰੂ ਜੀ :—ਬਣਾਈ ਨਹੀਂ ਬਣ ਗਈ ਹੈ ।

ਉਸਤਾਦ ਜੀ :—ਅਜੀ ਆਪ ਸੇ ਹੀ ਬਣੀ ਹੈ ਵਹੁ...।

ਸਤਿਗੁਰੂ ਜੀ :—ਏਕ ਦੋ ਬੰਦਸ਼ੇਂ ਪੁਰਾਣੀ ਮੈਨੇ ਸੁਣੀ । ਜੋ ਜੈਜੈਵੰਤੀ ਖਿਆਲ ਦੋ ਰਾਗੋਂ ਵਾਲੀ ।

[ਇਸ ਬਾਦ ਸਤਿਗੁਰੂ ਜੀ ਨੇ ਆਪ ਇਹ ਬੰਦਸ਼ ਗਾ ਕੇ ਸੁਣਾਈ ।]

ਧਨ ਆਏ ਦੂਲਹੇ

ਏਕ ਅੰਮ੍ਰਿਤਸਰ ਕੇ ਰਬਾਬੀਓਂ ਕੀ ਚੀਜ਼ ਹੈ ।

(ਸੁਰਾਂ ਗੂੰਜ ਉਠੀਆਂ :)

ਕਬ ਜਾਈਏ ਰੇ ਘਰਿ ਲਾਗਾ ਰੰਗੁ
ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ

ਉਸਤਾਦ ਜੀ :—ਵਾਹ : ਐਸੇ ਸੰਗੀਤ ਮੇਂ ਮਾਲਕੌਂਸ ਕਾ ਰੰਗ ਨਿਕਾਲਾ ਵਾਹ ! ਵਾਹ ! ਵਾਹ

ਸਤਿਗੁਰੂ ਜੀ :—...ਉਸ ਕਾ ਪੀਛਾ ਕਰਨੇ ਕੀ ਕੋਸ਼ਿਸ਼ ਕੀ ਹੈ । ਏਕ ਬੰਦਿਸ਼ ਹੈ ਸੁਣਾ ਹੈ ਕਿ ਯੇ ਬਹੁਤ ਮੁਸ਼ਕਲ ਹੈ ਏਕ ਸੁਰ ਸੇ ਹੀ ਸੁਰ ਬਦਲਾ ਨਾ ਜਾਏ । ਰਾਗ ਭੈਰਵੀ ਔਰ ਬਰਵਾ...ਮੁਸ਼ਕਲ ਪੜਤਾ ਹੈ ਸੁਰ ਬਦਲਨਾ ਨਹੀਂ ।

(ਹਰਿਭਜਨ ਸਿੰਘ ਨੇ ਗਾਣਾ ਸ਼ੁਰੂ ਕੀਤਾ ਅਕਾਲ ਉਸਤਤਿ ਵਿਚੋਂ ਗੁਰੂ ਗੋਬਿੰਦ ਸਿੰਘ ਜੀ ਦਾ ਕਬਿਤ ਸੀ...

ਜੋਗੀ ਜਤੀ ਬ੍ਰਹਮਚਾਰੀ, ਬਡੇ ਬਡੇ ਛਤ੍ਰਧਾਰੀ
ਛਤ੍ਰ ਹੀ ਕੀ ਛਾਇਆ ਕਈ ਕੋਸ ਲੌ ਚਲਤ ਹੈਂ )

... ... ...

(ਬੰਦਿਸ਼ ਸੁਣ ਕੇ ਫਿਰ ਵਾਹ ਵਾਹ ਹੋਈ । ਖਾਂ ਸਾਹਿਬ ਨੇ ਜੀਅ ਭਰ ਕੇ ਦਾਦ ਦਿਤੀ ਫਿਰ ਉਹ ਰੁਕ ਰੁਕ ਕੇ ਅਤਿ ਹੀ ਆਜਜ਼ੀ ਨਾਲ ਸਤਿਗੁਰੂ ਜੀ ਨੂੰ ਮੁਖਾਤਬ ਹੋ ਕੇ



Sri Satguru Jagjit Singh Ji eLibrary NamdhariElibrary@gmail.com

ਕਹਿਣ ਲਗੇ :

"ਹਜ਼ੂਰ ਇਸ ਨੂੰ...ਮੁਆਫ਼ ਕੀਜੀਏਗਾ...ਮੈਂ ਖ਼ਾਲੀ ਪੁਛ ਰਹਾ ਹੂੰ...ਕਿਉਂਕਿ ਏਕ ਤਰਹ ਬਰਵਾ ਬਣ ਰਹਾ ਹੈ। ਅਗਰ ਵੋਹ ਤੀਵਰ ਗੰਧਾਰ ਕੋ ਕੋਮਲ ਗੰਧਾਰ ਹੀ ਅਗਰ ਰਖੇਂ ਤੋ...ਤੋ ਭੀ ਬਰਵੇ ਕੀ ਸ਼ਕਲ ਤੋ ਬਣੇਗੀ। ਤੀਵਰ ਗੰਧਾਰ ਜੋ ਲਗ ਰਹੀ ਹੈ, ਚੜ੍ਹੀ ਹੁਈ ਗੰਧਾਰ, ਉਸ ਕੋ ਭੀ ਅਗਰ ਕੋਮਲ ਹੀ ਰੱਖਾ ਜਾਏ...ਤੋ ਭੀ ਬਰਵਾ ਤੋ ਬਣ ਹੀ ਰਹਾ ਹੈ।...ਏਕ ਮਾਮੂਲੀ ਸਾ ਸਜੈਸ਼ਨ Suggestion (ਸੁਝਾਅ) ਹੈ ਕਿਉਂਕਿ ਬੰਦਿਸ਼ ਤੋ ਲਾਜਵਾਬ ਬਣੀ ਹੈ।

ਸਤਿਗੁਰੂ ਜੀ :—ਠੀਕ ਹੈ ਆਪ ਕੀ ਬਾਤ। ਜੈਸੇ ਹਮੇਂ ਸਹੂਲਤ ਮਿਲੀ ਹੈ ਹਮਨੇ ਵੈਸੇ ਕਰ ਦੀਆ ਹੈ।

ਉਸਤਾਦ ਜੀ :—ਬਰਵੇ ਕੀ ਸ਼ਕਲ ਤੋ ਵੈਸੇ ਭੀ ਬਣ ਰਹੀ ਹੈ।

ਸਤਿਗੁਰੂ ਜੀ :—ਖ਼ਿਮਾ ਕੀਜੀਏ ਰਾਗ ਕੇ ਬਾਰੇ ਮੇਂ ਇਤਨੀ ਜਾਣਕਾਰੀ ਨਹੀਂ।

(...ਫੇਰ ਸਭਾ ਵਿਚ ਪਿਆਰਾ ਜਿਹਾ ਹਾਸਾ ਪੈ ਗਿਆ।)

ਉਸਤਾਦ ਜੀ :—ਕਿਉਂਕਿ ਬਹੁਤ ਹੀ ਲਾਜਵਾਬ ਬੰਦਿਸ਼ ਬਣੀ ਹੈ। ਕਿਉਂਕਿ ਏਕ ਤਰਫ਼ ਤੋ ਭੈਰਵੀ ਕਾ ਰੰਗ ਬਣਤਾ ਚਲਾ ਜਾ ਰਿਹਾ ਹੈ ਮਗਰ ਬਰਵੇ ਮੇਂ ਕੋਮਲ ਗੰਧਾਰ ਕਾ ਰੂਪ ਹੈ ਤੋ ਆਪ ਕੋ ਤੀਵਰ ਗੰਧਾਰ ਲਗਾਨੇ ਕੀ ਜ਼ਰੂਰਤ ਨਹੀਂ। ਤੋ ਭੀ ਬਣ ਜਾਏਗਾ। ਫਿਰ ਸੇ ਗਾਈਏ ਆਪ।

ਹਰਭਜਨ ਸਿੰਘ ਨੇ ਬਰਵੇ ਵਾਲੇ ਭਾਗ ਵਿਚ ਤੀਵਰ ਗੰਧਾਰ ਦੀ ਥਾਂ ਕੋਮਲ ਗੰਧਾਰ ਲਾ ਕੇ ਗਾਇਆ ਤਾਂ ਖਾਂ ਸਾਹਿਬ ਕਿਲਾ ਉੱਠੇ :

"ਕਿਆ ਬਾਤ ਹੈ
ਯਹ ਬਰਵਾ ਹੋਗਾ ਪੂਰਾ"

ਸਤਿਗੁਰੂ ਜੀ ਨੇ ਫਿਰ ਕਿਹਾ ਕਿ "ਇਸ ਵਿਚ ਐਸਾ ਤੋ ਨਾ ਹੋ ਜਾਏਗਾ ਕਿ ਫਿਰ ਦਰਬਾਰੀ ਵਾਂਗ ਲਗਣ ਲਗੇ ਬੰਦਸ਼" ਸਤਿਗੁਰੂ ਜੀ ਨੇ ਫਿਰ ਸਥਾਈ ਗਾਈ। ਹਰਿਭਜਨ ਸਿੰਘ ਨੇ ਕਿਹਾ "ਤੀਵਰ ਨਿਸ਼ਾਦ ਲਗ ਰਹਾ ਹੈ ਜੀ।"

ਸਤਿਗੁਰੂ ਜੀ ਦਾ ਖ਼ਦਸ਼ਾ ਸੀ ਕਿ ਬੰਦਸ਼ ਵਿਚ ਤਬਦੀਲੀ ਕਰਨ ਨਾਲ ਦਰਬਾਰੀ ਰਾਗ ਦਾ ਝੌਲਾ ਨਾ ਪਵੇ। ਇਸ ਤੇ ਸੰਖੇਪ ਜਿਹਾ ਵਾਰਤਾਲਾਪ ਹੋਇਆ ਤਾਂ ਸਤਿਗੁਰੂ ਜੀ ਨੇ ਕਿਹਾ :

"ਮੈਂ ਤੋ ਉਸ ਕੇ ਸਟਰਕਚਰ ਮੇਂ ਨਜ਼ਰ ਲਗਾ ਰਹਾ ਹੂੰ ਮਗਰ ਮੈਂ ਯਹ ਨਹੀਂ ਬਤਾ ਸਕਤਾ ਕਿ ਕੌਣ ਸਾ ਸਵਰ ਲਗਾਇਆ ਗਿਆ ਹੈ।

ਉਸਤਾਦ ਜੀ :—ਆਪ ਕੇ ਅੰਦਰ ਤੋ ਸੰਗੀਤ ਹੈ। ਹੈ। ਯੇਹ ਤੋ ਨਾਮ ਕੀ ਬਾਤੇਂ ਹੈਂ। ਆਪ ਤੋ ਮੁਜੱਸਮ ਸੰਗੀਤ ਹੈਂ। ਯੇਹ ਤੋ ਟੈਕਨੀਕਲ ਬਾਤੇਂ ਹੈਂ ਜੋ ਹਮ ਲੋਗੋਂ ਕੋ ਯਾਦ ਕਰਨੇ ਕੀ ਜ਼ਰੂਰਤ ਪੜਤੀ ਹੈ। ਆਪ ਮੇਂ ਤੋ ਸੰਗੀਤ ਅੰਦਰ ਹੀ ਹੈ। ਆਪ ਤੋ ਵੋਹ ਕਰਤੇ ਹੈਂ ਜੋ ਬੜੇ ਬੜੇ ਸੰਗੀਤਕਾਰ ਨਹੀਂ ਕਰ ਸਕਤੇ।

ਇਸ ਦੇ ਬਾਅਦ ਖਾਂ ਸਾਹਿਬ ਦੇ ਵੱਡੇ ਲੜਕੇ ਨਿਸ਼ਾਤ ਹੁਸੈਨ ਖਾਂ ਜੋ ਸਿਤਾਰ ਅਤੇ ਛੋਟੇ ਵਜਾਹਤ ਹੁਸੈਨ ਖਾਂ ਜੋ ਸਰੋਦ ਦਾ ਪ੍ਰੋਗਰਾਮ ਹੋਇਆ। ਤਬਲੇ ਤੇ ਉਹਨਾਂ ਦਾ ਵਿਚਲਾ ਭਰਾ ਸ਼ਫ਼ਾਤ ਹੁਸੈਨ ਖਾਂ ਸਾਥ ਦੇ ਰਿਹਾ ਸੀ ਅਤੇ ਵਿਚ ਵਿਚ ਵਾਰਤਾਲਾਪ ਵੀ ਹੁੰਦਾ ਸੀ ਇਹ ਸੰਗੀਤ ਵਾਰਤਾਲਾਪ—ਗੋਸ਼ਟੀ ਦੇਰ ਤਕ ਚਲਦੀ ਰਹੀ।

---

## ਅਨੰਦਪੁਰ ਦਾ ਹੋਲਾ

(ਸਫ਼ਾ ੨੮ ਦੀ ਬਾਕੀ)

ਲਿਖਤੀ ਉੱਤਰ ਤਾਂ ਕੋਈ ਨਾ ਭੇਜਿਆ, ਪਰ ਜ਼ਬਾਨੀ ਜ਼ਬਾਨੀ ਪੰਜ ਚਾਰ ਬੇ-ਮਤਲਬ ਜਿਹੀਆਂ ਜਾਤੀ ਉਜ਼ਰ ਆਪ ਜੀ ਦੇ ਖ਼ਿਲਾਫ਼ ਕਹਾ ਕੇ ਭੇਜੀਆਂ।

ਇਸ ਤੇ ਆਪ ਜੀ ਨੇ ਜਵਾਬ ਦਿਤਾ, "ਕਿ ਜੇ ਆਪ ਸਿੱਖ ਧਰਮ ਦੇ ਅਸੂਲਾਂ ਤੇ ਅਮਲ ਕਰਨ ਵਾਲੇ ਹੁੰਦੇ ਤਾਂ ਮੰਗੀਆਂ ਸਿਖਿਆਵਾਂ ਦੀ ਸ਼ਲਾਘਾ ਕਰਦੇ। ਪਰ ਤੁਸੀਂ ਗੁਰੂ ਗੋਬਿੰਦ ਸਾਹਿਬ ਦੇ ਹੁਕਮਾਂ ਦੇ ਵਿਰੁਧ ਮਾਸ ਖਾਂਦੇ ਹੋ, ਸ਼ਰਾਬ ਪੀਂਦੇ ਹੋ, ਜੂਆ ਖੇਲਦੇ ਹੋ, ਵਿਭਚਾਰ ਕਰਦੇ ਹੋ, ਕੁੜੀਆਂ ਮਾਰਦੇ ਹੋ ਅਤੇ ਹੋਰ ਕੁਕਰਮ ਕਰਦੇ ਹੋ, ਅਤੇ ਇਸ ਲਈ ਹੀ ਕੂਕੇ ਤੁਹਾਨੂੰ ਸਿੱਖ ਨਹੀਂ ਸਮਝਦੇ। ਕੂਕੇ ਪ੍ਰਮਾਤਮਾ ਦੀ ਸਿਫ਼ਤ ਗਾਉਂਦੇ ਹੋਏ ਇਤਨੇ ਜੋਸ਼ ਵਿਚ ਆ ਜਾਂਦੇ ਹਨ ਕਿ ਉਨ੍ਹਾਂ ਨੂੰ ਆਪਣੇ ਕੇਸ ਤੇ ਪਗੜੀਆਂ ਦੀ ਸੁਧ ਨਹੀਂ ਰਹਿੰਦੀ।"

"ਗੁਰੂ ਰਾਮ ਸਿੰਘ ਦੀ ਪਾਸ ੪੦ ਘੋੜੇ ਆਪਣੇ ਅਤੇ ਸੂਬਿਆਂ ਦੇ ਚੜ੍ਹਨ ਲਈ ਸਨ। ਜਦ ਵੀ ਕੂਕਿਆਂ ਦਾ ਜਲੂਸ ਨਿਕਲਦਾ, ਤਦ ਸਭ ਤੋਂ ਅਗੇ ਨਗਾਰਚੀ ਨਗਾਰੇ ਵਜਾਂਦੇ ਅਤੇ ਉਨ੍ਹਾਂ ਦੇ ਪਿਛੇ ਨਿਸ਼ਾਨਾਂ ਵਾਲੇ ਨਿਸ਼ਾਨ ਚੁੱਕ ਕੇ ਤੁਰਦੇ। ਇਸ ਮੇਲੇ ਤੇ ਕੋਈ ੮ ਹਜ਼ਾਰ ਕੂਕੇ ਆਏ ਹੋਏ ਸਨ। ਜਿਨ੍ਹਾਂ ਵਿਚੋਂ ਦੋ ਤਿਹਾਈ ਮਰਦ ਸਨ ਅਤੇ ਇਕ ਤਿਹਾਈ ਇਸਤ੍ਰੀਆਂ ਤੇ ਬੱਚੇ।"...



Sri Satguru Jagjit Singh Ji eLibrary NamdhariElibrary@gmail.com

IATA

# GOLDEN HOLIDAYS

## To

## Thailand, Malayasia, Singapore
## Hongkong, Japan, Europe & U. S. A.

*TRAVEL WITHOUT WORRY*
*TRAVEL THE KWICK WAY*

*We assist in Passports, Visas,*
*Planning your itineraries Reservations,*
*Air Tickets—International*
*& Domestic,*
*Hotels & Car Hire,*

*for all your Travel & Tour requirements*

*Contact :*

**Kwick TRAVELS PVT. LTD.**
2108, DESH BANDHU GUPTA ROAD.
KAROL - BAGH, NEW - DELHI - 110005 (INDIA)
Phones : 562588, 569206, 579646, 579648

Cable : KWICKAIR.



Sri Satguru Jagjit Singh Ji eLibrary NamdhariElibrary@gmail.com

# ਦੋ

## ਸੁਆਗਤੀ ਭਾਸ਼ਣ

**"ਪੂਨਮ ਬਿਸਕੁਟ ਪ੍ਰਾਈਵੇਟ ਲਿਮਟਿਡ" ਔਰੰਗਾਬਾਦ ਫੈਕਟਰੀ ਦੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਸੰਪੰਨ ਹੋਏ ਉਦਘਾਟਨ ਸਮੇਂ ਸ: ਹਰਭਜਨ ਸਿੰਘ ਵਲੋਂ ੯ ਫ਼ਰਵਰੀ ੧੯੯੫ ਨੂੰ ਕੀਤਾ ਗਿਆ ਸੁਆਗਤੀ ਭਾਸ਼ਨ।**

ਪਰਮ ਪੂਜਯ ਸ੍ਰੀ ਸਤਿਗੁਰੂ ਜੀ ਦੇ ਪਾਵਨ ਚਰਨਾਂ ਵਿਚ ਸੀਸ ਝੁਕਾ ਕੇ ਉਹਨਾਂ ਦੇ ਸੁਆਗਤ ਭਾਸ਼ਣ ਦੀ ਆਗਿਆ ਚਾਹੁੰਦਾ ਹਾਂ।

ਮੰਚ ਤੇ ਸੁਸ਼ੋਭਿਤ ਅਤਿਥੀਗਨ, ਸੰਤ ਮੰਡਲੀ, ਨਗਰ ਦੇ ਗਨ ਮਾਨਯ ਨਿਮੰਤ੍ਰਿਤ ਭਰਾਵੋ ਅਤੇ ਭੈਣੋ।

ਸਤਿਗੁਰੂ ਜੀ ਦੀ ਹਜ਼ੂਰੀ ਵਿਚ ਅੱਜ ਦੇ ਸ਼ੁਭ ਅਵਸਰ ਤੇ ਆਪ ਦਾ ਹਾਰਦਿਕ ਸਵਾਗਤ ਕਰਦੇ ਹੋਏ ਮੈਨੂੰ ਬਹੁਤ ਪਰਸੰਨਤਾ ਹੋ ਰਹੀ ਹੈ। ਸਤਿਗੁਰੂ ਜੀ ਦੇ ਸ਼ੁਭ ਕਰ ਕਮਲਾਂ ਦੁਆਰਾ ਪੂਨਮ ਬਿਸਕੁਟ ਪ੍ਰਾਈਵੇਟ ਲਿਮਟਿਡ ਫੈਕਟਰੀ ਦਾ ਉਦਘਾਟਨ ਸੰਪਨ ਹੋਇਆ ਹੈ। ਕੰਪਨੀ ਦੇ ਇਤਿਹਾਸ ਵਿਚ ਨਵਾਂ ਅਧਿਆਏ ਸ਼ੁਰੂ ਹੋਇਆ ਹੈ। ਪੂਨਮ ਬਿਸਕੁਟ ਕੰਪਨੀ ਅਜੇ ਨਵੀਂ ਨਵੀਂ ਸ਼ੁਰੂ ਹੋ ਰਹੀ ਹੈ ਪਰ ਇਸ ਕੰਪਨੀ ਦੀ ਜਨਮ ਦਾਤੀ (Mother concern) ਹਰਭਜਨ ਸਰਬਜੀਤ ਐਂਡ ਐਸੋਸੀਏਟਸ ਕਾਫੀ ਪੁਰਾਣੀ ਕੰਪਨੀ ਹੈ। ਹਰਭਜਨ ਸਰਬਜੀਤ ਐਂਡ ਐਸੋਸੀਏਟ ਉਦਯੋਗ ਸਮੂਹ ਨਾ ਕੇਵਲ ਮਰਾਠਵਾੜਾ ਖੇਤਰ ਵਿਚ ਸਗੋਂ ਦੇਸ਼ ਭਰ ਵਿਚ ਵਿਰਾਟ ਸਿੰਚਾਈ ਪਰਕਲਪਾਂ...ਦੇ ਨਿਰਮਾਣ ਕਾਰਜ ਵਾਸਤੇ ਸਰਬ ਪ੍ਰੀਚਿਤ ਹੈ। ਸਤਿਗੁਰੂ ਜੀ ਦੀ ਅਪਾਰ ਕ੍ਰਿਪਾ ਦੁਆਰਾ ਅਸੀਂ ਲੱਗ ਭੱਗ ਸੰਨ ੧੯੭੩ ਤੋਂ ਨਿਰਮਾਣ ਕਾਰਜਾਂ ਵਿਚ ਲਗੇ ਹੋਏ ਹਾਂ। ਪਿਛਲੇ ਦਸ ਬਾਰਾਂ ਸਾਲਾਂ ਵਿਚ ਲੰਮੀ ਰੇਲ ਲਾਈਨਾਂ, ਵਿਰਾਟ ਸਿੰਚਾਈ ਪਰਿਯੋਜਨਾਂ ਨਹਿਰਾਂ ਅਤੇ ਭੂਮੀ ਹੇਠ ਸੁਰੰਗਾਂ ਦੇ ਸਾਹਸ ਪੂਰਨ ਕਾਰਜ ਕੰਪਨੀ ਨੇ ਪੂਰੇ ਕੀਤੇ ਹਨ। ਸਤਿਗੁਰੂ ਜੀ ਦੀ ਪ੍ਰੇਰਨਾ ਨਾਲ ਸੰਕਲਪ-ਸੰਘਰਸ਼ ਅਤੇ ਸਫਲਤਾ ਦੀ ਤ੍ਰਿਮੂਰਤੀ ਅਸੀਂ ਪਾਰ ਕਰਦੇ ਰਹੇ।

ਕੁਝ ਸਾਹਸ ਪੂਰਨ ਕਾਰਜਾਂ ਦਾ ਸੰਖੇਪ ਪੂਰਵਕ ਜ਼ਿਕਰ ਕਰਨਾ ਚਾਹਾਂਗਾ।



—ਸਿਰਾਰਾ ਵਿਸ਼ਗਪੁਰੀ ਵਿਚ ਦੁਰਗਮ ਪਹਾੜਾਂ ਨੂੰ ਕੱਟ ਕੇ ਤੀਸਰੀ ਰੇਲਵੇ ਲਾਈਨ ਵਛਾਉਣ ਦੇ ਕੰਮ ਪੂਰੇ ਕੀਤੇ।

—ਕੋਟਾ ਰਾਜਸਥਾਨ ਵਿਚ ਚੰਬਲ ਨਦੀ ਦੇ ਕੰਢੇ ਕੋਟਾ ਤਾਪ ਬਿਜਲੀ ਘਰ ਦੇ ਵਾਸਤੇ ਪਾਣੀ ਦੇ ਹੇਠ ਨਮੀ ਵਿਚ ਫੈਲੀ ੨੯ ਮੀਟਰ ਗਹਿਰੀ ਚਟਾਨ ਨੂੰ ਕੱਟਣ ਦਾ ਮੁਸ਼ਕਲ ਕੰਮ ਪੂਰਾ ਕੀਤਾ। ਇਹਨਾਂ ਦੋਹਾਂ ਕੰਮਾਂ ਦਾ ਉਦਘਾਟਨ ਪਰਮ ਪੂਜਯ ਸ੍ਰੀ ਸਤਿਗੁਰੂ ਜੀ ਦੇ ਕਰ ਕਮਲਾਂ ਦੁਆਰਾ ਸੰਪੰਨ ਹੋਇਆ ਸੀ। ਉਨ੍ਹਾਂ ਦੀ ਕ੍ਰਿਪਾ ਨਾਲ ਕੰਪਨੀ ਸਫਲਤਾ ਦੀਆਂ ਮੰਜ਼ਲਾਂ ਤੈਅ ਕਰ ਰਹੀ ਹੈ। ਇਹ ਕਹਿੰਦਿਆਂ ਮੈਨੂੰ ਖੁਸ਼ੀ ਹੋ ਰਹੀ ਹੈ ਕਿ ਏਸ਼ੀਆ ਖੰਡ ਵਿਚ ਸਭ ਤੋਂ ਵੱਡੀ ਲਿਫਟ ਇਰੀਗੇਸ਼ਨ ਪਰਯੋਜਨਾ ਨੰਦੇੜ ਜ਼ਿਲੇ ਵਿਚ ਵਿਸ਼ਨੂਪੁਰੀ ਪ੍ਰਕਲਪ ਨਿਰਮਾਣ ਕਾਰਜ ਪੂਰਾ ਕਰਨ ਵਿਚ ਸਾਡੀ ਕੰਪਨੀ ਲਗੀ ਹੋਈ ਹੈ। ਇਸ ਦੇ ਨਾਲ ਹੀ ਨੰਦੇੜ ਤੋਂ ਤੀਹ ਕਿਲੋਮੀਟਰ ਦੂਰ ਵਾਰੰਗਾ ਪਿੰਡ ਦੇ ਕੋਲ ਅਪਰ ਪੇਨ ਗੰਗਾ ਪ੍ਰਕਲਪ ਦੀ ਨਹਿਰ ਦਾ ਪਾਣੀ ਗੋਦਾਵਰੀ ਘਾਟੀ ਦੇ ਖੇਤਰ ਵਿਚ ਮਿਲਾਣ ਵਾਸਤੇ ਢਾਈ ਕਿਲੋਮੀਟਰ ਲੰਮੀ ਜ਼ਮੀਨ



Sri Satguru Jagjit Singh Ji eLibrary NamdhariElibrary@gmail.com

ਦੇਸ਼ ਸੁਰੰਗ ਖੋਦਣ ਦਾ ਕੰਮ ਵੀ ਚਲ ਰਿਹਾ ਹੈ। ਇਹਨਾਂ ਦੋਹਾਂ ਕੰਮਾਂ ਦਾ ਉਦਘਾਟਨ ਵੀ ਸ੍ਰੀ ਸਤਿਗੁਰੂ ਜੀ ਦੇ ਸ਼ੁਭ ਹਸਤਾ ਦੁਆਰਾ ਹੋਇਆ ਸੀ। ਦੇਸ਼ ਦੀ ਜਲ ਸੰਪਤੀ ਅਤੇ ਕ੍ਰਿਸ਼ੀ ਵਿਕਾਸ ਵਿਚ ਅਪਣਾ ਵਿਨਮ੍ਰ ਯੋਗਦਾਨ ਕੰਪਨੀ ਦੇ ਰਹੀ ਹੈ। ਇਸ ਦਿਸ਼ਾ ਵਲ ਪਹਿਲ ਕਰਦੇ ਹੋਏ ਸ੍ਰੀ ਸਤਿਗੁਰੂ ਜੀ ਨੇ ਸਾਨੂੰ ਬਿਸਕੁਟਾਂ ਵਰਗੇ ਪਰਕਲਪ ਨੂੰ ਖੜਾ ਕਰਨ ਦਾ ਆਦੇਸ਼ ਦਿਤਾ। ਇਨ੍ਹਾਂ ਦੀ ਇੱਛਾ ਸਿਰ ਅੱਖਾਂ ਤੇ। ਅਸਾਂ ਪੂਨਮ ਬਿਸਕੁਟ ਪ੍ਰਾਈਵੇਟ ਲਿਮਿਟਿਡ ਨਿਰਮਾਨ ਕੀਤਾ ਅਤੇ ਅੱਜ ਦੇ ਇਸ ਸ਼ੁਭ ਅਵਸਰ ਤੇ ਇਸ ਫੈਕਟਰੀ ਦਾ ਸ਼ੁਭਾਰੰਭ ਹੁੰਦਾ ਹੈ। ਫੈਕਟਰੀ ਦਾ ਨਾਮ ਪੂਨਮ ਆਪ ਦਾ ਦਿਤਾ ਹੋਇਆ ਹੈ।

ਮਿਤਰੋ ਇਹ ਕੰਮ ਸਾਡੇ ਵਾਸਤੇ ਨਵਾਂ ਹੈ। ਅਸੀਂ ਲੋਕ ਜ਼ਮੀਨ ਪਹਾੜ, ਜਲ ਸਿੰਚਾਈ ਵਰਗੀ ਅਚਲ ਸੰਪਤੀ ਨੂੰ ਆਕਾਰ ਦੇਣ ਵਾਲੇ ਠੇਕੇਦਾਰ ਲੋਗ ਹਾਂ। ਸ੍ਰੀ ਸਤਿਗੁਰੂ ਜੀ ਦੇ ਆਦੇਸ਼ ਅਨੁਸਾਰ ਸ਼ਕਰ, ਆਟਾ ਆਦਿਕ ਅੰਨ ਸੰਪਦਾ ਨੂੰ ਆਕਾਰ ਦੇਣ ਵਿਚ ਪਹਿਲ ਕਰ ਰਹੇ ਹਾਂ। ਅਸਾਂ ਅਪਣੇ ਹਰ ਕੰਮ ਵਿਚ ਆਚਰਨ ਦੀ ਸ਼ੁਧਤਾ ਤਾਂ ਰੱਖੀ ਹੀ ਹੈ ਨਿਰਮਾਨ ਵਿਚ ਕੁਆਲਟੀ ਨੂੰ ਸੁਰੱਖਿਅਤ ਰਖਣ ਦੀ ਪੂਰੀ ਕੋਸ਼ਿਸ਼ ਕੀਤੀ ਹੈ। ਪੂਨਮ ਬਿਸਕੁਟ ਕੁਆਲਟੀ ਬਿਸਕੁਟ ਬਨਾਣ ਵਾਲੀ ਫੈਕਟਰੀ ਹੈ। ਇਸ ਫੈਕਟਰੀ ਦੀ ਸਮਰਥਾ ਤਿੰਨ ਸ਼ਿਫਟਾਂ ਵਿਚ ੧੫ ਟਨ ਮਾਲ ਤਿਆਰ ਕਰਨ ਦੀ ਹੈ। ਫਿਲਹਾਲ ਮਿਠੇ ਬਿਸਕੁਟ ਅਸੀਂ ਬਣਾ ਰਹੇ ਹਾਂ। ਅਗੇ ਚਲਕੇ ਨਮਕੀਨ ਬਿਸਕੁਟ ਦਾ ਤਿੰਨ ਸ਼ਿਫਟਾਂ ਵਿਚ ੧੨ ਟਨ ਦਾ ਪਲਾਂਟ ਚਾਲੂ ਕਰਨ ਦਾ ਵਿਚਾਰ ਹੈ। ਸ੍ਰੀ ਸਤਿਗੁਰੂ ਜੀ ਦੀ ਅਸੀਸ ਤੇ ਕ੍ਰਿਪਾ ਸਦਕਾ ਅਸੀਂ ਨਵੀਂ ਦਿਸ਼ਾ ਵਲ ਸਫਲ ਹੋਵਾਂਗੇ, ਸਾਨੂੰ ਪੂਰਾ ਵਿਸ਼ਵਾਸ ਹੈ। ਪ੍ਰਤੱਖ ਜਾਂ ਅਪ੍ਰਤੱਖ ਤਰਰੀਕਨ ਚਾਰ ਪੰਜ ਸੌ ਲੋਕਾਂ ਨੂੰ ਰੋਜ਼ਗਾਰ ਦੇਣ ਦਾ ਅਵਸਰ ਮਿਲ ਰਿਹਾ ਹੈ। ਸਾਡਾ ਸੰਚਾਲਕ ਮੰਡਲ, ਕਰਮਚਾਰੀ ਗਣ, ਵਿਪਾਰੀ ਭਰਾ ਸਭਨਾਂ ਦਾ ਪੂਰਨ ਸਹਿਯੋਗ ਸਾਨੂੰ ਮਿਲਦਾ ਰਹੇਗਾ। ਸਤਿਗੁਰੂ ਜੀ ਨੂੰ ਪ੍ਰਨਾਮ ਕਰਕੇ ਮੁੜ ਇਕ ਵਾਰ ਫਿਰ ਮੈਂ ਆਪ ਦਾ ਹਿਰਦੇ ਚੋਂ ਸਵਾਗਤ ਕਰਦਾ ਹਾਂ।

ਇਸੇ ਤਰ੍ਹਾਂ ਸੇਵਾ ਦਾ ਮੌਕਾ ਦੇਵੋ ਇਹ ਪ੍ਰਾਰਥਨਾ ਹੈ

ਸਤਿ ਸ੍ਰੀ ਅਕਾਲ

## ਸ: ਹਰਭਜਨ ਸਿੰਘ ਵਲੋਂ ਵਿਸ਼ਨੂਪੁਰੀ ਨੰਦੇੜ ਵਿਖੇ ੧੧ ਫਰਵਰੀ ੧੯੯੫ ਨੂੰ ਰਾਈਜ਼ਿੰਗਮੇਨ ਦੇ ਉਦਘਾਟਨ ਬਾਅਦ ਕੀਤਾ ਗਿਆ ਸੁਆਗਤੀ ਭਾਸ਼ਨ।

ਪਰਮ ਪੂਜਯ ਸ੍ਰੀ ਸਤਿਗੁਰੂ ਜੀ

ਪਰਮ ਸ਼ਰਧੇਅ ਸ੍ਰੀ ਮਹਾਰਾਜ ਜੀ

ਨਗਰ ਦੇ ਗਨ ਮਾਨੀਯ ਨਾਗਰਿਕ ਭਰਾਵੋ ਤੇ ਭੈਣੋਂ। ਪਰਮ ਪੂਜਯ ਸ੍ਰੀ ਸਤਿਗੁਰੂ ਜੀ ਨੇ ਕ੍ਰਿਪਾ ਕੀਤੀ ਅਤੇ ਅੱਠ ਤਾਰੀਖ ਤੋਂ ਸਾਨੂੰ ਸੇਵਾ ਦਾ ਅਵਸਰ ਦਿਤਾ। ਸਾਡੀ ਪੂਨਮ ਬਿਸਕੁਟ ਫੈਕਟਰੀ ਦਾ ਉਦਘਾਟਨ ਸਤਿਗੁਰੂ ਜੀ ਦੇ ਸ਼ੁਭ ਕਰ ਕਮਲਾਂ ਦੁਆਰਾ ਹੋਇਆ ਅਤੇ ਅੱਜ ਇਥੇ ਗੋਦਾਵਰੀ ਦੇ ਕਿਨਾਰੇ ਉਹਨਾਂ ਦੇ ਪੁਨੀਤ ਚਰਨ ਪਏ ਹਨ। ਅੱਜ ਰਾਈਜ਼ਿੰਗ ਮੇਨ ਨਲ ਦੇ ਕੰਮ ਦਾ ਸ਼ੁਭ ਆਰੰਭ ਸੰਪੰਨ ਹੋਇਆ ਹੈ। ਏਸ਼ੀਅਨ ਖੰਡ ਵਿਚ ਸਭ ਤੋਂ ਵਡੀ ਲਿਫਟ ਇਰੀਗੇਸ਼ਨ ਸਕੀਮ (ਨੀਵੇਂ ਦਰਿਆ ਤੋਂ ਪੰਪਾਂ ਰਾਹੀਂ ਪਾਣੀ ਉਚਾ ਚੁਕ ਕੇ ਖੇਤਾਂ ਵਿਚ ਪਹੁੰਚਾਉਣਾ) ਪਰਕਲਪ ਦੇ ਨਾਲ ਜੁੜਿਆ ਹੋਇਆ ਇਹ ਕਾਰਜ ਇਸ ਖੇਤਰ ਦੀ ਕਿਸਾਨੀ ਸੰਪਤੀ ਵਿਚ ਵਾਧਾ ਕਰੇਗਾ।

ਜਿਸ ਦਿਨ ਤੋਂ ਸਾਡੀ ਕੰਪਨੀ ਠੇਕੇਦਾਰੀ ਦੇ ਧੰਦੇ ਵਿਚ ਲਗੀ ਹੈ ਸਤਿਗੁਰੂ ਜੀ ਦੀ ਕ੍ਰਿਪਾ ਸਾਡੇ ਤੇ ਹੁੰਦੀ ਰਹੀ ਹੈ। ਉਹਨਾਂ ਦੀ ਪ੍ਰੇਰਨਾ ਅਤੇ ਆਸ਼ੀਰਵਾਦ ਨਾਲ ਅਸੀਂ ਪ੍ਰਗਤੀ ਦੀਆਂ ਮੰਜ਼ਲਾਂ ਹਮੇਸ਼ਾ ਪਾਰ ਕਰਦੇ ਜਾ ਰਹੇ ਹਾਂ। ੧੯੭੮ ਵਿਚ ਜਦੋਂ ਇਗਤਪੁਰੀ ਵਿਚ ਅਸਾਂ ਕੰਮ ਸ਼ੁਰੂ ਕੀਤਾ ਤਦ ਸਾਡੀ ਵਾਰਸ਼ਕ ਟਰਨ ਓਵਰ ਛੇ ਤੋਂ ਸਤ ਲਖ ਦੇ ਵਿਚ ਸੀ। ਮੈਨੂੰ ਇਹ ਕਹਿੰਦਿਆਂ ਹੋਇਆਂ ਖੁਸ਼ੀ ਹੋ ਰਹੀ ਹੈ ਕਿ ਸਤਿਗੁਰੂ ਜੀ ਦੀ ਅਸੀਮ ਕ੍ਰਿਪਾ ਨਾਲ ਸਿਰਫ ਸਤ ਸਾਲਾਂ ਵਿਚ ਅਜ ੧੯੯੫ ਵਿਚ ਕੰਪਨੀ ਦਾ ਸਾਲਾਨਾ ਟਰਨਓਵਰ ਛੇ ਤੋਂ ਸਤ ਕਰੋੜ ਦੇ ਵਿਚ ਹੈ ਅਰਥਾਤ ਸੌ ਗੁਣਾਂ ਵਧ ਗਈ ਹੈ। ਇਸ ਸਾਲ ਅਸਾਂ ਸਾਢੇ ਛੇ ਕਰੋੜ ਦਾ ਕੰਮ ਕੀਤਾ ਹੈ। ਮੈਂ ਨਿਮਰਤਾ ਨਾਲ ਅਰਜ਼ ਕਰਨਾ ਚਾਹਾਂਗਾ ਕਿ ਸਾਡੇ ਕਿਸੇ ਵੀ ਕੰਮ ਵਿਚ ਜਦੋਂ ਜਦੋਂ ਵੀ ਕੋਈ ਕਠਿਨਾਈ ਉਲਝਣ ਜਾਂ ਸਮੱਸਿਆ ਪੈਦਾ ਹੋਈ ਹੈ, ਸਤਿਗੁਰੂ ਜੀ ਸਾਡੀ ਸਹਾਇਤਾ ਦੇ ਵਾਸਤੇ ਆਪਣੀ ਕ੍ਰਿਪਾ ਦੀ ਨਜ਼ਰ ਸਾਡੇ ਤੇ ਅਨਾਇਤ ਕਰਦੇ ਹਨ। ਹਰ ਮੁਸ਼ਕਲ ਆਪਣੇ ਆਪ ਆਸਾਨ ਹੋ ਜਾਂਦੀ ਹੈ। ਜੋ ਅਜ ਰਾਈਜ਼ਿੰਗ ਮੇਨ ਕੰਮ ਦਾ ਉਦਘਾਟਨ ਹੋਇਆ, ਜਿਸ ਦਿਨ



Sri Satguru Jagjit Singh Ji eLibrary NamdhariElibrary@gmail.com

ਉਸ ਦਾ ਟੈਂਡਰ ਸੀ ਮੈਨੂੰ ਉਸੇ ਰਾਤ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਹੋਏ । ਮੈਂ ਅਜੇ ਤਕ ਕਿਸੇ ਨੂੰ ਦਸਿਆ ਤਕ ਵੀ ਨਹੀਂ । ਮੈਂ ਆਪਣੇ ਸਾਥੀਂ ਲੋਕਾਂ ਨਾਲ ਕੇਵਲ ਏਨੀ ਗਲ ਕੀਤੀ ਕਿ ਮੈਨੂੰ ਏਨਾ ਹੀ ਇਸ਼ਾਰਾ ਹੋਇਆਂ ਹੈ । ਸਭ ਉਂਗਲੀਆਂ ਦਾ ਹੀ ਇਸ਼ਾਰਾ ਹੋਇਆ ਹੈ ਜੋ ਮੈਂ ਉਹਨਾਂ ਨੂੰ ਦਸਿਆ । ਸਾਥੀ ਕਹਿਣ ਲਗੇ ਰੇਟ ਉਪਰ ਹੀ ਭਰਨਾ ਹੈ ਥਲੇ ਨਹੀਂ ਭਰਨਾ । ਮੈਂ ਉਹਨਾਂ ਨੂੰ ਕਿਹਾ ਜੇ ਕੰਮ ਲੈਣਾ ਹੈ ਤਾਂ ਰੇਟ ਏਨਾ ਹੀ ਭਰਨਾ ਹੈ. ਉਪਰ ਨਹੀਂ ਭਰਨਾ, ਅਗੋਂ ਤੁਸਾਂ ਲੋਕਾਂ ਦੀ ਮਰਜ਼ੀ ਹੈ । ਕੰਮ ਨਹੀਂ ਲੈਣਾ ਤਾਂ ਤੁਹਾਡੀ ਮਰਜ਼ੀ ।

ਜਦੋਂ ਰੇਟ ਭਰਿਆ ਗਿਆ ਤਾਂ ਸਾਡੇ ਰੇਟਾਂ ਅਤੇ ਦੂਜੇ ਪ੍ਰਤਿਯੋਗੀਆਂ ਵਿਚ ਬਹੁਤ ਥੋੜ੍ਹਾ ਫਰਕ ਸੀ । ਇਹ ਸਭ ਕੁਝ ਸ੍ਰੀ ਸਤਿਗੁਰੂ ਜੀ ਦੀ ਕ੍ਰਿਪਾ ਦੁਆਰਾ ਹੀ ਸੰਪੰਨ ਹੋਇਆ ਹੈ । ਕੋਈ ਕੰਮ ਐਸਾ ਨਹੀਂ ਜੋ ਅਸਾਂ ਸ੍ਰੀ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਲੈਣਾ ਚਾਹਿਆ ਹੋਵੇ ਤੇ ਉਹ ਸਾਨੂੰ ਨਾ ਮਿਲਿਆ ਹੋਵੇ । ਸਾਡੇ ਤੇ ਆਪ ਜੀ ਦੀ ਕ੍ਰਿਪਾ ਹੈ । ਸਤਿਗੁਰੂ ਜੀ ਦੇ ਆਦੇਸ਼ਾਂ ਨੂੰ ਬੜੀ ਨਿਮਰਤਾ ਪੂਰਬਕ ਪਾਲਨ ਕਰਨ ਦੀ ਕੋਸ਼ਿਸ਼ ਵਿਚ ਅਸੀਂ ਰਹਿੰਦੇ ਹਾਂ । ਅਸੀਂ ਸੀਮਤ ਹਾਂ ਸਾਡੀਆਂ ਸੀਮਾਵਾਂ ਹਨ । ਸਤਿਗੁਰੂ ਜੀ ਅਸੀਮ ਹਨ ਫਿਰ ਵੀ ਅਸੀਂ ਯਤਨ ਕਰਦੇ ਹਾਂ ਕਿ ਆਪਣੀਆਂ ਸੀਮਾਵਾਂ ਦੇ ਅੰਦਰ ਉਨ੍ਹਾਂ ਦੇ ਆਦੇਸ਼ਾਂ ਦਾ ਪਾਲਨ ਕਰੀਏ । ਉਹਨਾ ਦਾ ਮੁਖ ਆਦੇਸ਼ ਇਹ ਹੈ ਕਿ ਆਪਣੀ ਆਮਦਨ ਦਾ ੧੦ ਪ੍ਰਤੀ ਸੈਂਕੜਾ ਧਰਮ ਕਰਮ ਦੇ ਕਾਰਜਾਂ ਅਤੇ ਗਰੀਬਾਂ ਦੀ ਸੇਵਾ ਵਿਚ ਖਰਚ ਕਰੋ । ਦਿਨ ਵਿਚ ਢਾਈ ਮਾਲਾ ਨਾਮ ਸਿਮਰਨ ਦੀਆਂ ਕਰੋ । ਘਟੋ ਘੱਟ ਇਕ ਘੰਟਾ ਤਾਂ ਬਹੁਤ ਹੀ ਜ਼ਰੂਰੀ ਹੈ । ਵੈਸੇ ਤਾਂ ਢਾਈ ਮਾਲਾ ਦਾ ਹੁਕਮ ਹੀ ਹੈ ਪਰ ਢਾਈ ਮਾਲਾ ਕਰਨ ਵਿਚ ਪੰਜ ਘੰਟੇ ਲਗ ਜਾਂਦੇ ਹਨ ਚੰਗੀ ਤਰ੍ਹਾਂ ਹੋਣ ਤਾਂ । ਅਤੇ ਇਹ ਵਪਾਰੀ ਆਦਮੀ ਵਾਸਤੇ ਤਾਂ ਮੁਸ਼ਕਲ ਹੀ ਹੈ ਥੋੜਾ ਜਿਹਾ । ਇਸ ਵਾਸਤੇ ਸਤਿਗੁਰੂ ਜੀ ਨੇ ਇਕ ਘੰਟਾ ਘਟੋ ਘਟ ਫਿਰ ਵੀ ਰਖਿਆ ਹੈ । ਸਤਿਗੁਰੂ ਜੀ ਦਾ ਕਥਨ ਹੈ ਕਿ ਜੋ ਵਿਅਕਤੀ ਇਕ ਘੰਟਾ ਨਾਮ ਸਿਮਰਨ ਕਰੇਗਾ ਉਸ ਦੇ ਦੁੱਖ ਸੁਖ ਦਾ ਮੈਂ ਜ਼ਿਮੇਵਾਰ ਹਾਂ । ਸਤਿਗੁਰੂ ਜੀ ਦੇ ਚਰਨਾਂ ਵਿਚ ਮੇਰੀ ਅਰਦਾਸ ਹੈ ਆਪ ਮੈਨੂੰ ਪ੍ਰੇਰਣਾ ਦੇਣ ਕਿ ਮੈਂ ਆਪਣੀ ਆਮਦਨ ਦਾ ਨੱਬੇ ਪ੍ਰਤੀ ਸੈਂਕੜਾ ਧਰਮ ਕਾਰਜਾਂ ਅਤੇ ਗਰੀਬਾਂ ਦੀ ਸੇਵਾ ਵਿਚ ਖਰਚ ਕਰਾਂ ਅਤੇ ਦਸ ਪ੍ਰਤੀ ਸੈਂਕੜਾ ਆਪਣੇ ਪਰਿਵਾਰ ਵਾਸਤੇ ।

ਮੈਂ ਸਤਿਗੁਰੂ ਜੀ ਦੇ ਚਰਨਾਂ ਵਿਚ ਪ੍ਰਾਰਥਨਾ ਕਰਦਾ ਹਾਂ । ਅਸੀਂ ਉਹਨਾਂ ਦੇ ਹੁਕਮਾਂ ਨੂੰ ਪਾਲਨ ਦਾ ਭਰਪੂਰ ਜਤਨ ਕਰਾਂਗੇ । ਮੁੜ ਇਕ ਵਾਰ ਸਤਿਗੁਰੂ ਜੀ ਦੇ ਚਰਨਾਂ ਵਿਚ ਆਪਣੀ ਸ਼ਰਧਾ ਦੇ ਇਹ ਚਾਰ ਸ਼ਬਦ ਭੇਟ ਕਰਦਾ ਹਾਂ । ਆਪ ਸਾਰਿਆਂ ਲੋਕਾਂ ਦਾ ਧਨਵਾਦ ਕਰਦਾ ਹਾਂ ਅਤੇ ਆਸ ਕਰਦਾ ਹਾਂ ਆਪ ਸਾਰੇ ਲੋਕ ਏਸੇ ਤਰ੍ਹਾਂ ਸਾਨੂੰ ਸਹਿਯੋਗ ਦਿਓ ਅਤੇ ਦੇਸ਼ ਸੇਵਾ ਦਾ ਅਵਸਰ ਪ੍ਰਦਾਨ ਕਰੋ :

—ਧਨਵਾਦ

## ਹੰਕਾਰ ਨਵਿਰਤੀ

ਹਰਭਜਨ ਸਿੰਘ ਦਾ ਵਿਅਕਤਵ ਆਪ ਨੇ ਸੁਨਾ ਉਸ ਵਿਅਕਤਤੱਵ ਕੋ ਸੁਨ ਕਰ ਹਮ ਜੈਸੇ ਲੋਗੋਂ ਕਾ ਭੀ ਅਹੰਕਾਰ ਜਲ ਜਾਤਾ ਹੈ ਔਰ ਗੁਰੂ ਜੀ ਕੀ ਉਪੱਸਥਤੀ ਮੇਂ ਤੋ ਅਹੰਕਾਰ ਕੀ ਕੋਈ ਬਾਤ ਹੀ ਨਹੀਂ ਰਹਿਤੀ ।

—ਡਾ: ਭਗਵਾਨ ਦਾਸ ਵਰਮਾ

## ਚਾਨਣ ਮੁਨਾਰੇ

ਜਿਹੜੇ ਦੇਸ਼ ਦੀ ਆਜ਼ਾਦੀ ਲਈ ਕੁਰਬਾਨ ਹੋ ਗਏ, ਉਹਨਾਂ ਕੌਮੀ ਸ਼ਹੀਦਾਂ ਦੀ ਯਾਦ ਨੂੰ ਸਮਰਪਤ ਕਾਵਿ ਸੰਗ੍ਰਹਿ "ਚਾਨਣ ਮੁਨਾਰੇ" ਪੰਜਾਬੀ ਕਵੀ ਦਰਬਾਰਾਂ ਦੀਆਂ ਸਟੇਜਾਂ ਦੇ ਨਾਮਵਰ ਸ਼ਾਇਰ ਸ੍ਰੀ ਜੋਗਿੰਦਰ ਪਾਲ ਸੇਵਕ ਦਾ ਲਿਖਿਆ ਪ੍ਰਕਾਸ਼ਤ ਹੋਇਆ ਹੈ ਜਿਸ ਵਿਚ ਦੇਸ਼, ਦੇਸ਼ ਭਗਤਾਂ ਆਜ਼ਾਦੀ ਸੰਗਰਾਮੀ ਅਤੇ ਵਖ ਵਖ ਸੰਗਰਾਮੀਆਂ ਸਬੰਧੀ ੩੧ ਕਵਿਤਾਵਾਂ ਦਰਜ ਹਨ । ਡੂੰਘੇ ਵਿਚਾਰਾਂ ਅਤੇ ਜਜ਼ਬਾਤ ਵਿਚ ਭਿਜੀਆਂ ਇਹ ਕਵਿਤਾਵਾਂ ਬਹੁਤ ਸਾਰਥਕ ਜਾਪਨ ਹੈ ੧੫੨ ਤੋਂ ਵਧ ਸਫਿਆਂ ਦੀ ਪੱਕੀ ਜਿਲਦ ਅਤੇ ਤਸਵੀਰਾਂ ਜੜੀ ਇਹ ਪੁਸਤਕ ਦਰਸ਼ਨ ਪ੍ਰਕਾਸ਼ਨ ੩੩ ਸ਼ਿਵ ਨਗਰ ਜਵਾਲਾ ਫਲੋਰ ਮਿਲਜ਼ ਅੰਮ੍ਰਿਤਸਰ ਨੇ ਛਾਪੀ ਹੈ ਅਤੇ ਕੀਮਤ ੨੦ ਰੁਪਏ ਹੈ ।



Sri Satguru Jagjit Singh Ji eLibrary NamdhariElibrary@gmail.com

ਗੁਰੂ ਬਾਲਕ ਸਿੰਘ ਜੀ ਦੇ ਇਤਿਹਾਸ ਵਿਚੋਂ

# ਸਾਖੀ ਭਾਈ ਰਾਮ ਸਹਾਇ ਜੀ

—ਸੰਤ ਇੰਦਰ ਸਿੰਘ ਚਕ੍ਰਵਰਤੀ ਲਿਖਤ

ਉਠੋ ਨਗਰ ਵਿਚ ਇਕ ਭਾਈ ਰਾਮ ਸਹਾਇ ਨਾਮੀ ਪੁਰਸ਼ ਵਸਦਾ ਸੀ। ਇਕ ਦਿਨ ਸਤਿਗੁਰੂ ਜੀ ਨੇ ਯਾਦ ਕਰਕੇ ਬਚਨ ਕੀਤਾ ਕਿ ਪਿਛਲੇਰੇ ਜਨਮ ਦਾ ਸਾਡਾ ਉਸ ਨਾਲ ਦਰਸ਼ਨ ਦਾ ਇਕਰਾਰ ਹੈ। ਉਧਰ ਭਾਈ ਰਾਮ ਸਹਾਇ ਨੇ ਜਦੋਂ ਹਜ਼ੂਰੋਂ ਦੀ ਕੀਰਤੀ ਅਤੇ ਸਤਿਗੁਰਾਂ ਦੀ ਮਹਿਮਾ ਸੁਣੀ ਤਾਂ ਸਤਿਗੁਰਾਂ ਦੇ ਦਰਸ਼ਨ ਕਰਨ ਲਈ ਕਮਰ-ਕੱਸੇ ਲਾ ਲਏ। ਹਜ਼ੂਰ ਅਤੇ ਉਥੇ ਦੇ ਵਿਚਕਾਰ ਦਰਿਆ ਵਹਿੰਦਾ ਸੀ। ਬੇੜੀ ਪੈਂਦੀ ਨਹੀਂ ਸੀ। ਪਿਛੇ ਮੁੜਨਾ ਮੁਸ਼ਕਲ ਸੀ। ਲਾਚਾਰ ਦਰਿਆ ਵਿਚ ਠਿਲ੍ਹ ਪਏ ਅਤੇ ਦਿਲ ਵਿਚ ਸੰਕਲਪ ਧਾਰ ਲਿਆ ਕਿ ਜੇ ਸੱਚਾ ਗੁਰੂ ਹੋਸੀ ਤਾਂ ਆਪੇ ਪਾਰ ਲਾ ਦੇਸੀ। ਪਾਣੀ ਲੱਥ ਗਿਆ। ਪਾਰ ਲੰਘ ਗਿਆ। ਹਜ਼ੂਰ ਜਾ ਕੇ ਸਤਿਗੁਰਾਂ ਦੇ ਦਰਸ਼ਨ ਕਰਕੇ ਭਜਨ ਪੁਛਣ ਲਈ ਬੇਨਤੀ ਕੀਤੀ। ਸਤਿਗੁਰਾਂ ਕਿਹਾ ਸਵੇਰੇ ਮਿਲਸੀ। ਭਾਈ ਜੀ ਨੇ ਅਰਜ਼ ਕੀਤੀ ਕਿ ਦੀਨ ਦਯਾਲ ਜੀ ਅਜ ਤੀਕ ਦੇ ਪਿਛਲੇ ਸਾਸ ਤਾਂ ਬਿਰਥਾ ਗਏ ਹੀ ਹਨ ਹੁਣ ਤੁਹਾਡੀ ਸ਼ਰਨ ਆਕੇ ਤਾਂ ਐਵੇਂ ਨਾ ਜਾਣ। ਮੇਹਰ ਕਰੋ ਮੈਂ ਅਭਾਗੀ ਨੂੰ ਭਾਗ ਲਾਕੇ ਤਾਰੋ। ਸਤਿਗੁਰਾਂ ਕਿਹਾ ਕਿ ਦਰਿਆ ਵਾਲੀ ਗੱਲ ਭੁਲ ਗਈ? ਜੇ ਉਥੇ ਰੁੜ੍ਹ ਜਾਂਦਾ। ਇਹ ਬਚਨ ਸੁਣਦਾ ਹੀ ਵੈਰਾਗੀ ਹੋ ਗਿਆ। ਸਤਿਗੁਰੂ ਜੀ ਨੇ ਮੇਹਰ ਦੀ ਨਿਗਾਹ ਕਰਕੇ ਭਜਨ ਦੱਸ ਦਿਤਾ ਅਤੇ ਬਚਨ ਕੀਤਾ ਕਿ ਭਾਈ ਅਸੀਂ ਤੁਹਾਡੇ ਜਿਹਿਆਂ ਲਈ ਹੀ ਤੇ ਸੰਸਾਰ ਵਿਚ ਆਏ ਹਾਂ। ਬੱਚਾ ਤੂੰ ਬੜਾ ਬਲੀ ਹੋਵੇਂਗਾ। ਤੇਰੀ ਸਦੀਵ ਕਾਲ ਹੀ ਅਕਾਲ ਪੁਰਖ ਨਾਲ ਬਣੀ ਰਹੇਗੀ। ਭਾਈ ਜੀ ਕੁਝ ਦਿਨ ਸਤਿਗੁਰਾਂ ਦੀ ਹਜ਼ੂਰੀ ਵਿਚ ਰਹਿ ਕੇ ਨਾਮ ਅਭਿਆਸ ਕਰਦੇ ਰਹੇ ਅਤੇ ਫੇਰ ਆਗਿਆ ਲੈ ਕੇ ਆਪਣੇ ਨਗਰ ਉਠੋ ਵਿਖੇ ਆ ਗਏ।

ਭਾਈ ਰਾਮ ਸਹਾਇ ਜੀ ਹਰ ਰੋਜ਼ ਬਾਹਰ ਦਰਿਆ ਦੇ ਕੰਢੇ ਉਤੇ ਜਾਕੇ ਇਸ਼ਨਾਨ ਕਰਕੇ ਬੰਦਗੀ ਕੀਤਾ ਕਰਦੇ। ਇਕ ਦਿਨ ਸਮਾਧੀ ਲਾਈ ਵੇਂਕੜਾ ਮਾਣੀ ਬ੍ਰਹਮਾਨੰਦ ਵਿਚ ਲੀਨ ਹੋਏ ਭਜਨ ਕਰ ਰਹੇ ਸਨ। ਅਕਾਲ ਪੁਰਖ ਨੇ ਸਾਕਾਰ ਰੂਪ ਧਾਰਕੇ ਦਰਸ਼ਨ ਦਿਤੇ। ਸਮਾਧੀ ਖੁਲ੍ਹ ਗਈ। ਚਰਨਾਂ ਤੇ ਮੱਥਾ ਟੇਕਿਆ ਨਿਰੰਕਾਰ ਨੇ ਕਿਹਾ ਕੁਝ ਮੰਗ? ਭਾਈ ਜੀ ਨੇ ਕਿਹਾ ਆਪ ਸਦੀਵ ਕਾਲ ਮੇਰੇ ਕੋਲ ਅੰਗ ਸੰਗ ਰਿਹਾ ਕਰੋ। ਹੁਕਮ ਹੋਯਾ ਕੁਝ ਹੋਰ ਮੰਗ। ਆਪ ਜੀ ਨੇ ਫੇਰ ਕਿਹਾ ਕਿ ਦੀਨ ਦਯਾਲ ਜੀ ਕੇਵਲ ਆਪ ਜੀ ਦੇ ਦਰਸ਼ਨ ਦੀ ਹੀ ਮੰਗ ਹੈ। ਤਾਂ ਬਚਨ ਹੋਇਆ ਕਿ ਜਦ ਭਜਨ ਕਰਨ ਬੈਠਿਆ ਕਰੇਂਗਾ ਤਾਂ ਦਰਸ਼ਨ ਹੋ ਜਾਇਆ ਕਰੇਗਾ। ਏਹ ਆਖ ਨਿਰੰਕਾਰ ਜੀ ਅੰਤਰ ਧਿਆਨ ਹੋ ਗਏ। ਹੁਣ ਨਿਤਾਪ੍ਰਤੀ ਭਾਈ ਜੀ ਨੂੰ ਦਰਸ਼ਨ ਹੋ ਜਾਇਆ ਕਰੇ। ਇਕ ਦਿਨ ਭਾਈ ਜੀ ਸਮਾਧੀ ਲਾਈ ਬੈਠੇ ਸਨ। ਇਕ ਬਕਰੀ ਦਾ ਬੱਚਾ ਆ ਕੇ ਭਾਈ ਜੀ ਨਾਲ ਖਹਿਣ ਲਗ ਪਿਆ। ਭਾਈ ਜੀ ਦੀ ਸਮਾਧੀ ਭੰਗ ਹੋ ਗਈ। ਆਪ ਜੀ ਨੇ ਮੇਮਨੇ ਨੂੰ ਹਟਾ ਦਿਤਾ। ਫਿਰ ਸਮਾਧੀ ਵਿਚ ਲੀਨ ਹੋ ਗਏ। ਉਹੀ ਮੇਮਨਾ ਆਕੇ ਫੇਰ ਖਹਿਣ ਲਗ ਪਿਆ। ਆਪ ਜੀ ਨੇ ਫੇਰ ਹਟਾ ਦਿਤਾ। ਤੀਜੀ ਵਾਰ ਫੇਰ ਸਮਾਧੀ ਲਾਈ ਤਾਂ ਇਹ ਬਕਰਾ ਫੇਰ ਆ ਗਿਆ। ਹੁਣ ਭਾਈ ਜੀ ਨੇ ਉਸ ਦੇ ਇਕ ਪੱਥਰ ਚੁੱਕ ਮਾਰਿਆ। ਮੇਮਨਾ ਚਲਾ ਗਿਆ। ਮੁੜ ਨਾ ਆਇਆ। ਆਪ ਜੀ ਨੇ ਸਮਾਧੀ ਲਾਈ ਪਰ ਦਰਸ਼ਨ ਨਾ ਹੋਇਆ। ਬਥੇਰਾ ਜਤਨ ਕੀਤਾ ਵੈਰਾਗੀ ਹੋ ਗਏ। ਸਾਰੀ ਰਾਤ ਰੋਂਦਿਆਂ ਗੁਜ਼ਾਰੀ ਪਰ ਦਰਸ਼ਨ ਨਾ ਹੀ ਹੋਇਆ। ਦਿਨ ਚੜ੍ਹ ਆਇਆ ਬਾਹਰੋਂ ਬਾਹਰ ਹੀ ਹਜ਼ੂਰ ਨੂੰ ਚਲ ਪਏ। ਹਜ਼ੂਰ ਪੁੱਜ ਸਤਿਗੁਰਾਂ ਦੇ ਚਰਨਾਂ ਤੇ ਢਹਿ ਕੇ ਵੈਰਾਗ ਕਰਨ ਲੱਗ ਪਏ। ਗੁਰੂ ਜੀ ਨੇ ਧੀਰਜ ਦਿੰਦਿਆਂ ਹੋਇਆਂ ਪੁਛਿਆ ਕਿ ਕਿਉਂ ਭਾਈ ਰਾਮ ਸਹਾਇ ਕੀ ਗੱਲ ਹੈ? ਆਪ ਜੀ ਨੇ ਦਰਸ਼ਨ ਦੀ ਅਤੇ ਮੇਮਨੇ ਵਾਲੀ ਸਾਰੀ ਵਾਰਤਾ ਕਹਿ ਸੁਣਾਈ। ਗੁਰੂ ਜੀ ਸੁਣਕੇ ਕਿਹਾ ਕਿ ਭਾਈ ਜੀ ਤੂੰ ਗਲਤੀ ਦਾ ਸ਼ਿਕਾਰ ਹੋਇਆ ਹੈਂ। ਏਹ ਕੋਈ ਜ਼ਰੂਰੀ ਨਹੀਂ ਜੁ ਤੈਨੂੰ ਇਕ ਰੂਪ ਵਿਚ ਦਰਸ਼ਨ ਹੋਇਆ ਕਰਨ। ਸਭ ਘਟ ਵਿਚ ਉਹ ਆਪ ਹੀ ਤਾਂ ਪਿਆ ਵਸਦਾ ਹੈ। 'ਘਟ ਘਟ ਮਾਧੋ ਜੀਆ' ਤੁਸੀਂ ਪੜ੍ਹਦੇ ਹੋ ਪਰ ਪਛਾਣਿਆ ਨਹੀਂ। ਉਹਨਾਂ ਤੁਹਾਡੇ ਨਾਲ ਪਿਆਰ ਕੀਤਾ ਤੁਸਾਂ ਪੱਥਰ ਮਾਰੇ। ਰੱਬ ਨੂੰ ਗੁੱਸੇ ਤਾਂ ਤੁਸੀਂ ਆਪ ਕਰ



Sri Satguru Jagjit Singh Ji eLibrary NamdhariElibrary@gmail.com



ਨਾਮਧਾਰੀ ਇਤਿਹਾਸ ਦੀ ਝਾਕੀ :—ਮਾਲੇਰਕੋਟਲਾ ਵਿਚ ਤੋਪਾਂ ਅਗੇ ਸ਼ਹੀਦ ਹੋ ਰਹੇ ਨਾਮਧਾਰੀਆਂ ਦੀ ਤਸਵੀਰ ਸ੍ਰੀਮਤੀ ਇੰਦਰਾ ਗਾਂਧੀ ਨੂੰ ਵਿਖਾ ਰਹੇ ਗਿਆਨੀ ਜ਼ੈਲ ਸਿੰਘ ਜੀ।

ਲਿਆ। ਤੁਹਾਡੇ ਦਿਲ ਵਿਚ ਹਿੰਸਾ ਦੇ ਇਹ ਭਾਵ ਪੈਦਾ ਹੀ ਕਿਉਂ ਹੋਣ। ਭਾਈ ਜੀ ਨੇ ਅਰਜ਼ ਕੀਤੀ ਕਿ ਮਹਾਰਾਜ ਹੁਣ ਮੈਂ ਕਿਵੇਂ ਕਰਾਂ ਕੋਈ ਅਜੇਹਾ ਉਪਾਉ ਦਸੋ ਜਿਸ ਕਰਕੇ ਫੇਰ ਮੇਰੇ ਤੇ ਦਯਾਲ ਹੋਣ ਅਤੇ ਮੈਨੂੰ ਦਰਸ਼ਨ ਦੀ ਕ੍ਰਿਪਾਲਤਾ ਹੋਵੇ। ਗੁਰੂ ਜੀ ਨੇ ਬਚਨ ਕੀਤਾ ਕਿ ਜਾਹ ਜਿਸਨੂੰ ਪੱਥਰ ਮਾਰੇ ਸੀ ਪਹਿਲੇ ਉਸ ਨੂੰ ਮਨਾ, ਮਾਫੀ ਮੰਗ ਰਾਜ਼ੀ ਕਰ। ਉਸਦੇ ਰਾਜ਼ੀ ਹੋਣ ਨਾਲ ਤੇਰੇ ਕਾਰਜ ਰਾਸ ਹੋ ਜਾਣਗੇ ਅਤੇ ਤੈਨੂੰ ਦਰਸ਼ਨ ਪ੍ਰਾਪਤੀ ਹੋ ਜਾਸੀ। ਭਾਈ ਜੀ ਨੇ ਆਗਿਆ ਮੰਗੀ। ਗੁਰੂ ਜੀ ਨੇ ਕਿਹਾ ਕਿ ਇਕ ਬਚਨ ਹੋਰ ਸੁਣੋ। ਭਜਨ ਬੰਦਗੀ ਜਾਂ ਕਿਸੇ ਵਿਘਨ ਸਬੰਧੀ ਹੁਣ ਕੋਈ ਸ਼ੰਕਾ ਫੁਰੇ ਤਾਂ ਏਥੇ ਔਣ ਦੀ ਖੇਚਲ ਨਾ ਕਰਿਆ ਕਰੋ ਸਗੋਂ ਦਰਿਆਓਂ ਪਾਰ ਹੀ, ਭਾਈ ਧਨੀ ਰਾਮ ਜੀ ਜੰਡੇ ਵਾਲਿਆਂ ਕੋਲ ਜਾ ਕੇ ਨਵਿਰਤ ਕਰਿਆ ਕਰੋ। ਆਗਿਆ ਮੰਨ ਕੇ ਭਾਈ ਰਾਮ ਸਹਾਇ ਜੀ ਉਥੇ ਆ ਗਏ। ਬਕਰੇ ਦੀ ਤਲਾਸ਼ ਕੀਤੀ, ਚੂਰੀ ਕੁਟੀ ਖੰਡ ਪਾਈ, ਜੌਂ ਤੇ ਛੋਲੇ ਰਲਾਏ। ਗੜਵਾ ਜਲ ਦਾ ਲਿਆ। ਬਕਰਾ ਲੱਭ ਕੇ ਪਹਿਲਾਂ ਉਸ ਦੇ ਚਰਨਾਂ ਵਿਚ ਮੱਥਾ ਟੇਕਿਆ। ਫੇਰ ਸਭ ਕੁਝ ਖੁਆ ਕੇ, ਹੱਥ ਜੋੜ ਗਲ ਵਿਚ ਪਲਾ ਪਾ ਕੇ ਉਸਤੋਂ ਮਾਫੀ ਮੰਗੀ। ਇਹ ਕੌਤਕ ਤੱਕ ਲੋਕ ਝਲਾ ਆਖ ਹੁਜਤਾਂ ਕਰਨ ਲਗੇ ਪਰ ਰੱਬ ਦੇ ਸੱਚੇ ਆਸ਼ਕਾਂ ਨੂੰ ਇਹਨਾਂ ਗੱਲਾਂ ਦੀ ਕੀ ਪ੍ਰਵਾਹ। ਉਹਨਾਂ ਤਾਂ ਆਪਣੇ ਮਹਿਬੂਬ ਨੂੰ ਖੁਸ਼ ਕਰਨਾ ਹੈ। ਉਹ ਜਿਵੇਂ ਰਾਜ਼ੀ ਹੋਵੇ ਤਿਵੇਂ ਕਰਨਾ ਉਹਨਾਂ ਦਾ ਧਰਮ ਹੈ। ਇਹ ਉਹਨਾਂ ਦੀ ਇਜ਼ਤ ਹੈ ਏਹੀ ਉਹਨਾਂ ਦੀ ਵਡਿਆਈ ਹੈ। ਭਾਈ ਜੀ ਨੇ ਮੇਮਨੇ ਨੂੰ ਪ੍ਰਸੰਨ ਕਰਕੇ ਜਾਂ ਫਿਰ ਸਮਾਧੀ ਲਾਈ ਤਾਂ ਬਿਰਤੀ ਜੁੜ ਗਈ ਅਤੇ ਦਰਸ਼ਨ ਹੋ ਗਿਆ। ਫਿਰ ਹਰ ਰੋਜ਼ ਇਕ ਰਸ ਹੁੰਦਾ ਰਿਹਾ ਕਦੀ ਵੀ ਕੋਈ ਵਿਘਨ ਮੁੜ ਨੇੜੇ ਨਾ ਆਇਆ।



Sri Satguru Jagjit Singh Ji eLibrary NamdhariElibrary@gmail.com

# ਨਾਮਧਾਰੀ ਅੰਦੋਲਨ

– ਜੁਗਿੰਦਰ ਪਾਲ ਸੇਵਕ

ਜਦੋਂ ਸ਼ੇਰੇ ਪੰਜਾਬ ਦੀ ਚਿਤਾ ਅੰਦਰ,
ਰਾਜ ਭਾਗ ਸੜ ਗਿਆ ਪੰਜਾਬੀਆਂ ਦਾ।
ਵਰਤੀ ਭੁੱਟ ਇਸ ਬਾਗ਼ ਤੇ ਖ਼ਿਜ਼ਾਂ ਬਣ ਕੇ,
ਜੋਬਨ ਤ੍ਰਿੱਠ ਗਿਆ ਫੁੱਲਾਂ ਗੁਲਾਬੀਆਂ ਦਾ।
ਹਥੀਂ ਰਿੰਦਾਂ ਮੈਖ਼ਾਨੇ ਨੂੰ ਫੂਕ ਦਿਤਾ,
ਬਣ ਰਿਹਾ ਨਸ਼ਾ ਜ਼ੱਦ ਅੱਗ ਸ਼ਰਾਬੀਆਂ ਦਾ।
ਘਰ ਦੇ ਮਾਲਕ ਦਲ੍ਹੀਜਾਂ ਵਿਚ ਰੋਣ ਖੜਿ ਕੇ,
ਗੁੱਛਾ ਹੱਥਾਂ ਚੋਂ ਡਿੱਗ ਪਿਆ ਚਾਬੀਆਂ ਦਾ।
ਪਛਮ ਚੜ੍ਹ ਗਿਆ ਪੂਰਬ ਦੇ ਮੋਢਿਆਂ ਤੇ,
ਮਿੱਟੀ ਵਿਚ ਮਿਲ ਗਏ ਅਣਖ ਆਨ ਵਾਲੇ।
ਨੱਚਣ ਗ਼ੈਰ ਦੇ ਲਗੀ ਇਸ਼ਾਰਿਆਂ ਤੇ,
ਪੱਲ ਵਿਚ ਵੱਟ ਗਏ ਪੱਗਾਂ ਵਟਾਣ ਵਾਲੇ।
ਰਖਸ਼ਾ ਗਏ ਨਸੀਬ ਦੀ ਕੌਣ ਕਰਦਾ,
ਚੁੱਕੀ ਦੇਸ ਵਿੱਚ ਅੱਤ ਬਦੇਸੀਆਂ ਨੇ।
ਕੜੀਆਂ ਵਰਗੇ ਸਿਖ ਤੇ ਜੁਆਨ ਢਾਏ,
ਢਾਹੀ ਕੌਮ ਦੀ ਛੱਤ ਬਦੇਸ਼ੀਆਂ ਨੇ।
ਚੂਪੀ ਲਾਲੀਂ ਪੰਜਾਬ ਦੇ ਮੁਖੜੇ ਤੋਂ,
ਚੱਟ ਲਈ ਤੇਗ਼ ਨਾਲ ਰੱਤ ਬਦੇਸ਼ੀਆਂ ਨੇ।
ਕੋਹਿਨੂਰ ਹੀਰਾ ਲਾਹ ਕੇ ਤਾਜ ਵਿਚੋਂ,
ਰੋਲੀ ਪੈਰਾਂ ਵਿਚ ਪੱਤ ਬਦੇਸ਼ੀਆਂ ਨੇ।
ਹੋ ਗਏ ਸੱਲ ਤੇ ਜ਼ਖਮ ਪੰਜਾਬੀਆਂ ਦੇ,
ਸੱਟਾਂ ਵਜੀਆਂ ਦੇਸ਼ ਦੀਵਾਨਿਆਂ ਨੂੰ।
ਸੜਨੇ ਵਾਸਤੇ ਕੌਮ ਦੀ ਸ਼ਮ੍ਹਾਂ ਉਤੇ,
ਹਾਕਾਂ ਮਾਰਦੀ ਅਣਖ ਪਰਵਾਨਿਆਂ ਨੂੰ।
ਅੰਦਰ ਅੰਦਰ ਜਿਹੜਾ ਧੂੰਆਂ ਧੁਖਦਾ ਸੀ,
ਭਾਂਬੜ ਬਣ ਕੇ ਉਹ ਸ਼ੋਲਾ ਭੜਕ ਉਠਿਆ।
ਝੰਡਾ ਜਿਨ੍ਹਾਂ ਜਮਰੌਦ ਤੇ ਗੱਡਿਆ ਸੀ,
ਝੰਡਾ ਗ਼ੈਰ ਦਾ ਉਨ੍ਹਾਂ ਨੂੰ ਰੜਕ ਉਠਿਆ।
ਲਹੂ ਜਿਨ੍ਹਾਂ ਅਜ਼ਾਦੀ ਲਈ ਡੋਲ੍ਹਿਆ ਸੀ,
ਲਹੂ ਉਨ੍ਹਾਂ ਜੁਆਨਾਂ ਦਾ ਗੜਕ ਉਠਿਆ।
ਖੁਲ੍ਹੇ ਅੰਬਰੀਂ ਭਰੀਆਂ ਉਡਾਰੀਆਂ ਜਿਨ੍ਹ,
ਬਾਜ਼ ਪਿੰਜਰੇ ਵਿੱਚ ਪੈ ਕੇ ਫੜਕ ਉਠਿਆ।
ਭੈਣੀ ਸਾਹਿਬ ਤੋਂ ਇਕ ਆਵਾਜ਼ ਉੱਠੀ,
ਘੁਟ ਸਬਰ ਦਾ ਨਹੀਂ ਭਰਿਆ ਜਾ ਸਕਦਾ।
ਗਏ ਬੁਰਜਾਂ ਦੇ ਕਿੱਲੇ ਤੋਪ ਬੱਧੀ,
ਹੁਣ ਤੇ ਪੱਲ ਭਰ ਨਹੀਂ ਜਰਿਆ ਜਾ ਸਕਦਾ।
ਦੇਸ਼ ਵਿਚੋਂ ਬਦੇਸੀ ਨੂੰ ਕਢਣੇ ਲਈ,
ਕਸਮਾਂ ਖਾਈਆਂ ਦੇਸ਼ ਪੁਜਾਰੀਆਂ ਨੇ।
ਰਸਤੇ ਨਾਪੇ ਗਏ ਨੇਜ਼ਿਆਂ ਬਰਛਿਆਂ ਨਾਲ,
ਲਿਖੇ ਲਹੂ ਨਾਲ ਲੇਖ ਲਿਖਾਰੀਆਂ ਨੇ।
ਰਣ ਵਿਚ ਜੁਝਣ ਲਈ ਜੀਤ ਜੁਝਾਰ ਵਾਂਗੂੰ,
ਸੌਦੇ ਸਿਰਾਂ ਦੇ ਕੀਤੇ ਬਿਉਪਾਰੀਆਂ ਨੇ।
ਚੀਨੀ ਵਾਲੇ ਗੁਰੂ ਦੇਵ ਦੀ ਸੱਦ ਉਤੇ,
ਕਫ਼ਨ ਸਿਰ ਬੱਧੇ ਨਾਮਧਾਰੀਆਂ ਨੇ।
ਚਿੱਟਾ ਸਾਫ਼ਾ ਦਸਮੇਸ਼ ਨੇ ਬਖ਼ਸ਼ਿਆ ਜੋ,
ਚਿੱਟਾ ਸਾਫ਼ਾ ਸੰਭਾਲ ਕੇ ਰੱਖਣਾ ਹੈ।
ਹਿੰਦ ਵਿੱਚ ਦੀਵਾ ਆਜ਼ਾਦੀ ਦਾ ਖ਼ੂਨ ਪਾ ਕੇ,
ਅਸਾਂ ਆਸ਼ਕਾਂ ਬਾਲ ਕੇ ਰੱਖਣਾ ਹੈ।
ਹਲਚਲ ਪੈ ਗਈ ਸਾਰੇ ਹੀ ਦੇਸ਼ ਅੰਦਰ,
ਬਦਲੇ ਲਈ ਕਾਨੂੰਨ ਤਿਆਰ ਹੋਇਆ।
ਨੱਚਿਆ ਨਸ਼ਾ ਹਕੂਮਤ ਦਾ ਕੂਰ ਬਣਕੇ,
ਪੱਲ ਵਿੱਚ ਆਪਿਓਂ ਬਾਹਰ ਹੰਕਾਰ ਹੋਇਆ।
ਈਸਾ ਮੂਸਾ ਫਿਰ ਨਫ਼ਰਤ ਦੀ ਅੱਗ ਅੰਦਰ,
ਸੜ ਬੁਝ ਕੇ ਲਾਲ ਅੰਗਿਆਰ ਹੋਇਆ।
ਪਰਖਣ ਵਾਸਤੇ ਸਿਦਕ ਪਰਵਾਨਿਆਂ ਦਾ,
ਨਾਮਧਾਰੀਆਂ ਤੇ ਸਿੱਧਾ ਵਾਰ ਹੋਇਆ।
ਰਾਮਬਾਗ਼ ਤੋਂ ਬਾਹਰ ਇਤਿਹਾਸ ਕਹਿੰਦਾ,
ਹੋ ਗਏ ਸਿਰ ਗ਼ਰੂਰ ਦੇ ਚੂਰ ਦੇਖੇ।
ਪੀਂਘਾਂ ਪਿਪਲਾਂ ਨਾਲ ਪਾਈਆਂ ਆਸ਼ਕਾਂ ਨੇ,
ਜੱਗ ਨੇ ਝੂਟਦੇ ਨਵੇਂ ਮਨਸੂਰ ਦੇਖੇ।
ਖੁਕ ਖੁਕ ਲਾਲੀ ਸੀ ਮੂੰਹ ਤੇ ਸਾਬਰਾਂ ਦੇ,
ਮੂੰਹ ਤੇ ਜਾਬਰਾਂ ਦੇ ਜੰਦਰੇ ਵੱਜ ਗਏ ਸੀ।



Sri Satguru Jagjit Singh Ji eLibrary NamdhariElibrary@gmail.com

ਲਾੜੀ ਮੌਤ ਵਿਆਹੁਣ ਲਈ ਤੋਪ ਅੱਗੇ,
ਸੂਰੇ ਜਾਂਞੀਆਂ ਵਾਂਗਰਾਂ ਮੱਲ ਗਏ ਸੀ।
ਹੱਥੋਂ ਮਰ ਕੇ ਵੀ ਹੈ ਨਹੀਂ ਮੈਦਾਨ ਦਿੱਤਾ,
ਓੜਕ ਜ਼ਾਲਮ ਮੈਦਾਨ 'ਚੋਂ ਭੱਜ ਗਏ ਸੀ।
ਸ਼ਮਸ ਵਾਂਗ ਲੁਹਾ ਕੇ ਖਲ ਆਸ਼ਕ,
ਪੜਦੇ ਧਰਮ ਤੇ ਕੌਮ ਦੇ ਕੱਜ ਗਏ ਸੀ।
ਰਿਹਾ ਬਾਲਕ ਇਕ ਦ੍ਰਿੜ੍ਹ ਪ੍ਰਹਿਲਾਦ ਵਾਂਗੂ,
ਜਿਸ ਨੂੰ ਵੇਖ ਕੇ ਦੰਗ ਅੰਗਰੇਜ਼ ਹੋਇਆ।
ਪੁੱਠੀ ਖਲ ਲੁਹਾ ਕੇ ਵੀ ਹੱਸਦਾ ਰਿਹਾ,
ਜਿੰਦਾ ਮੁੜ ਕੇ ਸ਼ਮਸ ਤਬਰੇਜ਼ ਹੋਇਆ।
ਰਾਮ ਸਿੰਘ ਸਤਿਗੁਰੂ ਦੀਆਂ ਬਖ਼ਸ਼ਸ਼ਾਂ ਨੇ,
ਲੱਖਾਂ ਜ਼ੱਰੇ ਸਿਤਾਰੇ ਬਣਾ ਦਿਤੇ।
ਕੱਚੇ ਸੂਤਰ ਦੀ ਤੰਦ ਤਲਵਾਰ ਬਣ ਗਈ,
ਗਲ ਦੇ ਜੰਞੂ ਦੁ-ਧਾਰੇ ਬਣਾ ਦਿਤੇ।
ਥਾਲੀ ਆਰਤੀ ਦੀ ਬਣੀ ਹੋਈ ਚਾਲ ਵੇਖੀ,
ਫੁਲ ਸੀ ਲਾਲ ਅੰਗਿਆਰੇ ਬਣਾ ਦਿਤੇ।
ਉਸ ਨੇ ਇੱਕ ਤੂਫਾਨਾਂ ਦੀ ਚੀਰ ਦਿਤੀ,
ਭੰਵਰਾਂ ਵਿਚ ਕਿਨਾਰੇ ਬਣਾ ਦਿਤੇ।

ਨਾਮਧਾਰੀਆਂ ਜੁਝ-ਬਹਾਰੀ ਫੜ ਕੇ,
ਮੁਲਾਂ ਖੰਡਿਆਂ ਨੂੰ ਰਾਹ 'ਚੋਂ ਹੂੰਝਿਆ ਸੀ।
ਹੱਕ ਲਈ ਨਾਅਰਾ ਜੋ ਮਾਰਿਆ ਆਸ਼ਕਾਂ ਨੇ,
ਬਣ ਕੇ ਨਾਅਰਾ ਆਜ਼ਾਦੀ ਦਾ ਗੂੰਜਿਆ ਸੀ।
ਉਹੋ ਲਹਿਰ ਆਜ਼ਾਦੀ ਦੀ ਲਹਿਰ ਬਣ ਗਈ,
ਜਿਹੜੀ ਲਹਿਰ ਤੋਰੀ ਨਾਮਧਾਰੀਆਂ ਨੇ।
ਇਸ਼ਕ ਦੇਸ਼ ਲਈ ਜੋਤ ਚੜ੍ਹਾ ਦਿਤਾ,
ਹੋ ਕੇ ਪੱਗੀ ਪੱਗੀ ਨਾਮਧਾਰੀਆਂ ਨੇ।
ਸੀਨਾ ਤਾਣ ਕੇ ਵਤਨ ਦੀ ਆਬਰੂ ਲਈ,
ਰੋਕੀ ਸੀਨਾਜ਼ੋਰੀ ਨਾਮਧਾਰੀਆਂ ਨੇ।
ਲਾਲੀ ਆਈ ਜੋ ਕੌਮ ਦੇ ਮੁਖੜੇ ਤੇ,
ਇਸ ਵਿੱਚ ਰੱਤ ਘੋਲੀ ਨਾਮਧਾਰੀਆਂ ਨੇ।
ਖੂਨ ਬੋਲ ਉਠਿਆ ਨਾਮਧਾਰੀਆਂ ਦਾ,
ਹੱਲ ਸਿਰਾਂ ਨਾਲ 'ਸੇਵਕ' ਸੁਆਲ ਹੋਇਆ।
ਨਾਮਧਾਰੀਆਂ ਦੀ ਚਮਕ ਦਮਕ ਸਾਰੀ,
ਮੁਖੜਾ ਕੌਮ ਦਾ ਜੋ ਸੂਹਾ ਲਾਲ ਹੋਇਆ।

(ਪੁਸਤਕ ਚਾਨਣ ਮੁਨਾਰੇ ਵਿਚੋਂ)



ਪਿੰਡ ੧੭-ਓ ਕੰਜਾ ਨਗਰ ਰਾਜਸਥਾਨ ਵਿਚ ਪਿਛਲੇ ਜਪ ਪ੍ਰਯੋਗ ਸਮੇਂ ਕਵੀ ਦਰਬਾਰ ਸੁਣ ਰਹੀਆਂ ਸੰਗਤਾਂ



Sri Satguru Jagjit Singh Ji eLibrary NamdhariElibrary@gmail.com

THE TRADERS' BANK LTD.
COMPLETES
50
(1933–1983)
YEARS OF DEDICATED SERVICE TO THE NATION

WE PAY 0 25% MORE INTEREST ON SAVINGS
AND TERM DEPOSITS
UPTO 3 YEARS THAN OTHER SCHEDULED
COMMERCIAL BANKS

*Invest in our attractive deposit schemes*
*and grow with the growing Bank*

Branches in : PUNJAB, HARYANA, U. P. & DELHI

THE TRADERS' BANK LTD.
(Regd. & H. O. H-72, Connought Circus, New Delhi).

(Scheduled Bank)

S. PARKASH SINGH
General Manager

S. SHER SINGH SINDHU
Chairman



Sri Satguru Jagjit Singh Ji eLibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ





## ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਰੰਗ ਰੂਪਾਂ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪੱਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ।

## ਨਾਮਧਾਰੀ ਏਜੰਸੀਜ਼

੨/੨੦੬੯, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ,
ਚਾਂਦਨੀ ਚੌਂਕ, ਦਿਲੀ-੧੧੦੦੦੬

**Manufacturers & Suppliers of :**

**TUKRIDAR PRINTED SHAMIANAS & KANATS**
**FOR ALL KINDS, IN ATTRACTIVE AND GUARANTEED FAST COLOURS**
**WOODEN & STEEL FURNITURE**
**& PADESTALFAN ETC.**

Phones : Office : 258411
„ : 250345
Resi. : 213054

**PLEASE CONTACT**

# Namdhari Agencies

2/2068 CHAH ANDARA, (Behind Jubilee Cinema)
CHANDNI CHOWK, DELHI-110006.



Sri Satguru Jagjit Singh Ji eLibrary NamdhariElibrary@gmail.com

REPUTED MANUFACTURERS OF:

SUPERIOR QUALITY

SINGLE BARREL &

DOUBLE BARREL

B. L. 12 BORE

# GUNS

Grams : SNIPER Phone : 3805

## MODERN GUN WORKS

Opp. Industrial Estate,
JAMMU CANTT.

---

With best compliments from :-

## *NAMDHARI BROTHERS*

Prop. S AJIT SINGH
*Main Bazar, DALTONGANJ (Bihar)*
Dealers : KIRLOSKAR DIESEL ENGINE P. S. G. ELECTRIC MOTORS, ELECTRICAL APPLIANCES STAINLESS STEEL PARTS, PRESSURE COOKERS AND AGRICULTURAL IMPLIMENTS

---

WITH BEST COMPLIMENTS FROM :

## *New Namdhari Cloth House*

. WHOLE SALE CLOTH DEALERS

*Main Bazar DALTONGANJ (Bihar)*



Sri Satguru Jagjit Singh Ji eLibrary NamdhariElibrary@gmail.com

੧ੳ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# RAJPAL

## The Leading Name in Construction Machinery



CONCRETE MIXER 10/7 CFT



CONCETE MIXER 7/5

Manufacturers of

- Concrete Mixers of all Sizes
- Pan Mixers
- Vibrators of all Types
- Tower Hoists
- Hydraulic Press
- Spare Parts of all Makes Concrete Mixers

Phones : Office : 536093
Factory : 501973
Resi. : 505454

# BALWANT SINGH & SONS

Office : 4E/11 JHANDEWALA EXTN.
NEW DELHI-110055

Factory : A 2/3, MAYA PURI, PHASE II
Opp. C-70 NEW DELHI

Sri Satguru Jagjit Singh Ji eLibrary NamdhariElibrary@gmail.com

# ਸਤਿਗੁਰ ਕੀ ਐਸੀ ਵਡਿਆਈ

(ਪੂਨਮ ਬਿਸਕੁਟ ਫੈਕਟਰੀ ਦਾ ਉਦਘਾਟਨ)

—ਜਗਦੀਸ਼ ਸਿੰਘ

ਗੁਰੂ ਨਾਨਕ ਦੇਵ ਜੀ ਦੁਆਰਾ ਧਨਾਸਰੀ ਰਾਗ ਵਿਚ ਦਰਜ ਹੈ "ਸਤਿਗੁਰ ਕੀ ਐਸੀ ਵਡਿਆਈ ਪੁਤ੍ਰ ਕਲਤ੍ਰ ਵਿਚੇ ਗਤਿ ਪਾਈ"। ਪਿਛਲੇ ਦਿਨੀਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਇਕ ਅਜਿਹੇ ਸਿਖ ਦੀ ਵਡਿਆਈ, ਵੇਖੀ ਜੋ ਸਭ ਕੁਝ ਸਤਿਗੁਰ ਦਾ ਸਮਝਦਾ ਹੈ ਅਤੇ 'ਅੰਜਨ ਮਾਹਿ ਨਿਰੰਜਨ ਰਹੀਐ' ਦੇ ਗੁਰ ਵਾਕ ਦਾ ਸਾਕਾਰ ਸਰੂਪ ਵੀ ਹੈ।

੯ ਫਰਵਰੀ ਔਰੰਗਾਬਾਦ ਵਿਚ ਪੂਨਮ ਬਿਸਕੁਟ ਪ੍ਰਾਈਵੇਟ ਲਿਮਿਟਿਡ ਦਾ ਉਦਘਾਟਨ ਸੀ। ਇਹ ਫੈਕਟਰੀ ਜੋ ਲਗਪਗ ਇਕ ਕਰੋੜ ਰੁਪੇ ਦੀ ਲਾਗਤ ਨਾਲ ਬਣੀ ਹੈ ਦੇ ਮੁਖੀ ਸ: ਹਰਭਜਨ ਸਿੰਘ ਜੀ ਨੇ ਇਸ ਸਬੰਧ ਵਿਚ ਉਥੇ ਭਾਰੀ ਸਮਾਗਮ ਕੀਤਾ ਅਤੇ ਫੇਰ ਉਹ ਸਾਨੂੰ ਔਰੰਗਾਬਾਦ ਤੋਂ ਨੰਦੇੜ ਆਪਣੇ ਕੰਮ ਤੇ ਲੈ ਗਏ ਜਿਥੇ ਕਿ ਉਹਨਾਂ ਦੀ ਕੰਪਨੀ ਹਰਭਜਨ ਸਰਬਜੀਤ ਐਂਡ ਐਸੋਸੀਏਟ ਨੇ ਗੋਦਾਵਰੀ ਦਰਿਆ ਦੇ ਉਤੇ ਲੋਇਰ ਗੋਦਾਵਰੀ ਵਿਸ਼ਨੂੰਪੁਰੀ ਪ੍ਰਾਜੈਕਟ ਦਾ ਕਰੋੜਾਂ ਰੁਪਿਆ ਦਾ ਠੇਕਾ ਲਿਆ ਹੋਇਆ ਹੈ। ਉਥੇ ਨਵੇਂ ਕੰਮ ਰਾਈਜ਼ਿੰਗ-ਮੇਨ ਦਾ ਮਹੂਰਤ ਸੀ। ਨਦੇੜ ਤੋਂ ਹੀ ਕੋਈ ੩੦ ਕਿਲੋਮੀਟਰ ਦੂਰ ਵਾਰੰਗਾ ਪਿੰਡ ਕੋਲ ਢਾਈ ਕਿਲੋਮੀਟਰ ਲੰਬੀ ਸੁਰੰਗ ਬਣਾਈ ਜਾ ਰਹੀ ਹੈ ਅਪਰ ਪੇਨਗੰਗਾ ਪ੍ਰਾਜੈਕਟ ਹੇਠ ਜਿਹੜੀ ਸਾਢੇ ਚਾਰ ਕਰੋੜ ਰੁਪਏ ਦਾ ਪ੍ਰਾਜੈਕਟ ਹੈ, ਅਸੀਂ ਉਥੋਂ ਦੀ ਯਾਤਰਾ ਵੀ ਕੀਤੀ।

ਸ: ਹਰਭਜਨ ਸਿੰਘ ਜੀ ਦੀ ਸਤਿਗੁਰੂ ਜਗਜੀਤ ਸਿੰਘ ਤੇ ਅਗਾਧ ਸ਼ਰਧਾ ਹੈ। ਠੀਕ ਗਲ ਇੰਜ ਕਹਾਂਗੇ ਕਿ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਰਭਜਨ ਸਿੰਘ ਤੇ ਅਪਾਰ ਕ੍ਰਿਪਾ ਵਰਸਦੀ ਹੈ।

ਇਹੀ ਕਾਰਨ ਹੈ ਕਿ ਜਦੋਂ ਹਰਭਜਨ ਸਿੰਘ ਮੇਲਿਆਂ ਸਮਾਗਮਾਂ ਤੇ ਆਮ ਲੋਕਾਂ ਵਿਚ ਵੀ ਸਭਨਾਂ ਨੂੰ ਹਸ ਕੇ ਨਿਰਮਾਣਤਾ ਨਾਲ ਮਿਲਣ। ਜਦੋਂ ਉਹ ਆਮ ਸੰਗਤਾਂ ਵਿਚ ਹੀ ਥਲੇ ਦਰੀਆਂ ਤੇ ਲੇਟ ਕੇ ਰਤ ਨੂੰ ਆਰਾਮ ਕਰਨ ਅਤੇ ਕੀਰਤਨ ਦੀ ਆਮ ਸੰਗਤਾਂ ਵਿਚ ਜਿਥੇ ਸਥਾਨ ਮਿਲੇ ਬੈਠ ਕੇ ਸੁਣਨ ਤਾਂ ਤੁਸੀਂ ਅੰਦਾਜ਼ਾ ਨਹੀਂ ਲਾ ਸਕਦੇ ਕਿ ਇਹ ਵਿਅਕਤੀ ਉਹ ਹੈ ਜਿਸ ਦੇ ਆਪਣੇ ਸਾਥੀਆਂ ਨਾਲ ਕਰੋੜਾਂ ਰੁਪਏ ਦੇ ਕੰਮ ਲੇਪਰ ਚਾੜ੍ਹੇ ਹਨ (ਚਾਹੇ ਉਹ ਰੇਲ ਟਰੈਕ ਵਛਾਉਣ ਦੇ ਹੋਣ, ਚਾਹੇ ਪਹਾੜ ਚੀਰਨ ਦੇ ਜਾਂ ਡੈਮ ਬਣਾਉਣ ਦੇ) ਜਾਂ ਇਹ ਸਜਣ ਕਿਸੇ ਬੈਂਕ ਦਾ ਡਾਇਰੈਕਟਰ ਵੀ ਹੈ।

ਸ: ਹਰਭਜਨ ਸਿੰਘ ਨੇ ਜਦੋਂ ਸੰਨ ੧੯੭੯ ਵਿਚ ਲਖਨਊ ਵਿਚ ਬਸੰਤ ਪੰਚਮੀ ਦਾ ਗੁਰਪੁਰਬ ਤੇ ਸੰਗੀਤ ਸੰਮੇਲਨ ਦਾ ਪ੍ਰੋਗਰਾਮ ਕਰਵਾਇਆ ਸੀ ਤਾਂ ਖਰਚਾ ਅੰਦਾਜ਼ੇ ਤੋਂ ਦੁਗਣਾ ਹੋ ਗਿਆ ਸੀ। ਔਰੰਗਾਬਾਦ ਵਿਚ ੧੯੮੦ ਵਿਚ ਜੋ ਸੰਗੀਤ-ਸੰਮੇਲਨ ਕੀਤਾ ਹਿੰਦੁਸਤਾਨ ਦੇ ਇਤਿਹਾਸ ਵਿਚ ਆਪਣੀ ਮਿਸਾਲ ਆਪ ਸੀ ਅਤੇ ਮਹਾਰਾਸ਼ਟਰ ਵਾਲੇ ਅਜੇ ਤਕ ਕਹਿੰਦੇ ਹਨ ਕਿ ਮਰਾਠਵਾੜਾ ਖੇਤਰ ਵਿਚ ਉਸ ਸੰਮੇਲਨ ਨੇ ਨਵੀਂ ਸਭਿਆਚਾਰਕ ਚੇਤਨਾ ਜਗਾ ਦਿਤੀ ਸੀ। ਅਤੇ ਹੁਣ ਵਾਲੇ ਪ੍ਰੋਗਰਾਮਾਂ ਵਿਚ ਵੀ ਬਹੁਤ ਖਰਚ ਆਇਆ ਸੀ ਪਰ ਹਰਭਜਨ ਸਿੰਘ ਜੀ ਨੂੰ ਨਾ ਤਾਂ ਉਦੋਂ ਖਰਚੇ ਦੀ ਪਰਵਾਹ ਸੀ ਜਦੋਂ ਉਹਨਾਂ ਦਾ ਕਾਰੋਬਾਰ ਮੁਢਲੀ ਪਧਰ ਤੇ ਸੀ ਤੇ ਨਾ ਹੁਣ ਜਦੋਂ ਉਹਨਾਂ ਨੇ ਚੋਖੀ ਤਰੱਕੀ ਕੀਤੀ ਹੈ। ਹਰਭਜਨ ਸਿੰਘ ਜੀ ਨੂੰ ਮਿਲਣ ਨਾਲ ਇਕ ਸੰਤ-ਸੇਵਕ ਵਰਗਾ ਪ੍ਰਭਾਵ ਪੈਂਦਾ ਹੈ। ਮਨ ਨੂੰ ਸ਼ਾਂਤੀ ਪ੍ਰਾਪਤ ਹੁੰਦੀ ਹੈ ਅਤੇ ਸਮਾਜ, ਧਰਮ, ਦੇਸ਼ ਵਾਸਤੇ ਕੁਝ ਕਰਨ ਦੀ ਪ੍ਰੇਰਨਾ ਮਿਲਦੀ ਹੈ। ਇਕ ਨਿਰਮਾਣ ਅਤੇ ਨਿਰਛਲ ਮਨ ਦਾ ਬਿੰਬ ਸਾਕਾਰ ਹੁੰਦਾ ਹੈ। ਉਹਨਾਂ ਦਾ ਦਾਅਵਾ ਹੈ ਕਿ ਮੈਨੂੰ ਸਭ ਕੁਝ ਸਤਿਗੁਰਾਂ ਦਾ ਦਿਤਾ ਹੈ ਅਤੇ ਇਹ ਸਤਿਗੁਰੂ ਦਾ ਹੀ ਹੈ। ਏਨਾ ਕੁਝ ਖਰਚ ਕੇ ਪ੍ਰਾਪਤ ਕੀ?

ਔਰੰਗਾਬਾਦ ਵਿਚ ਸੰਨ ੧੯੮੦ ਵਿਚ ਗਲਬਾਤ ਕਰਦਿਆਂ ਸ: ਹਰਭਜਨ ਸਿੰਘ ਨੇ ਕਿਹਾ ਸੀ "ਮੇਰਾ ਇਹ ਨਿਸਚਾ ਹੈ ਕਿ ਜਿਉਂ ਜਿਉਂ ਆਦਮੀ ਖਰਚ ਕਰੇ ਤਿਉਂ ਤਿਉਂ ਹੀ ਧਨ ਆਉਂਦਾ ਹੈ। ਤੇ ਖਰਚ ਅਜਿਹੇ ਕਾਰਜਾਂ ਤੇ ਕਰਨਾ ਚਾਹੀਦਾ ਹੈ ਜੋ ਚੰਗੇ ਹੋਣ। ਚੰਗੇ ਪਾਸੇ ਖਰਚ ਕੀਤਿਆਂ ਸਤਿਗੁਰੂ ਸਚੇ ਪਾਤਸ਼ਾਹ ਜੀ ਦੀਆਂ ਖੁਸ਼ੀਆਂ ਪ੍ਰਾਪਤ ਹੁੰਦੀਆਂ ਹਨ। ਉਹਨਾਂ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਵਾਸਤੇ ਕੋਈ ਵੀ ਖਰਚ ਜ਼ਿਆਦਾ ਨਹੀਂ।"



Sri Satguru Jagjit Singh Ji eLibrary NamdhariElibrary@gmail.com

ਇਸ ਵਾਰ ਕਹਿਣ ਲਗੇ ਜਗਦੀਸ਼ ਜੀ ਅਜ ਮੇਰਾ ਮਨ ਬਹੁਤ ਖੁਸ਼ ਹੋਇਆ ਹੈ। ਸਤਿਗੁਰਾਂ ਦੇ ਘਰ ਵਿਚ ਚੰਗੀ ਤਰ੍ਹਾਂ ਚਰਨ ਪਏ ਹਨ ਉਹਨਾਂ ਨੇ ਅਜ ਵਾਲੀਬਾਲ ਖੇਡਿਆ ਹੈ ਭੈਣੀ ਦੀ ਗਰਾਊਂਡ ਵਿਚ।"

ਅਸੀਂ ਔਰੰਗਾਬਾਦ ਤੋਂ ਨੰਦੇੜ ਜਾ ਰਹੇ ਸਾਂ ਵਿਸ਼ੇਸ਼ ਬਸ ਰਾਹੀਂ (ਇਸ ਬਸ ਵਿਚ ਹੀ ਸ੍ਰੀ ਸਤਿਗੁਰੂ ਜੀ, ਸ੍ਰੀ ਮਹਾਰਾਜ ਬੀਰ ਸਿੰਘ ਜੀ, ਹੋਰ ਗੁਰੂ ਪਰਿਵਾਰ ਅਤੇ ਸੰਗਤ ਵੀ ਸੀ। ਬਾਕੀ ਸੰਗਤ ਕਾਰਾਂ ਅਤੇ ਰੇਲ ਰਾਹੀਂ ਗਈ ਸੀ) ਤਾਂ ਕਹਿਣ ਲਗੇ ਅਜ "ਵੇਖੋ ਕਿੰਨਾ ਵਧੀਆ ਮੇਲਾ ਬਣਿਆ ਹੈ ਸਤਿਗੁਰੂ ਜੀ ਬਸ ਵਿਚ ਨਾਲ ਜਾ ਰਹੇ ਹਨ ਕਿੰਨਾ ਆਨੰਦ ਆ ਰਿਹਾ ਹੈ।"

ਫੈਕਟਰੀ ਤੋਂ ਵਾਪਸ ਆਉਂਦਿਆਂ ਕਹਿਣ ਲਗੇ "ਨਾਮਧਾਰੀਆਂ ਨੂੰ ਚਾਹੀਦਾ ਹੈ ਮਾਇਆ ਦਾ ਪਰਾਤ ਸਤਿਗੁਰਾਂ ਦੇ ਚਰਨਾਂ ਵਿਚ ਅਰਪਨ ਕਰ ਚੰਗਾ ਕੋਈ ਕੰਮ ਪੈਸੇ ਖੁਣੋਂ ਨਹੀਂ ਰੁਕਣਾ ਚਾਹੀਦਾ।"

ਸ: ਹਰਿਭਜਨ ਸਿੰਘ ਨੇ ਸੌਂਹ ਵੀ ਚੁਕ ਲਈ ਹੈ ਅਤੇ ਨਾਮ ਸਿਮਰਨ ਹਰ ਥਾਂ ਕਰਾਉਂਦੇ ਹਨ। ਆਪਣੇ ਵਰਕਰਾਂ ਵੀ ਪ੍ਰੇਰਦੇ ਹਨ ਕਿ ਇਕ ਘੰਟਾ ਨਾਮ ਸਿਮਰਨ ਜ਼ਰੂਰ ਕਰੋ ਭਾਵੇਂ ਉਹਨਾਂ ਦੇ ਵਕਤ ਵਿਚ ਹੀ ਕਰੋ।

ਨਵੀਂ ਸਥਾਪਤ ਹੋਈ ਪੂਨਮ ਬਿਸਕੁਟ ਫੈਕਟਰੀ ਵਿਚ ਲਗਾਤਾਰ ਦਿਨ ਰਾਤੀਂ ਨਾਮ ਸਿਮਰਨ ਦੀ ਵਰਨੀ ਚਾਲੂ ਹੈ। ੯ ਫਰਵਰੀ ਨੂੰ ਇਕ ਹਵਨ ਫੈਕਟਰੀ ਵਿਚ ਹੋਇਆ ਇਕ ੧੧ ਤਾਰੀਖ ਨੂੰ ਗੋਦਾਵਰੀ ਕੰਢਿਆ ਦੇ ਵਿਚ ਹੋਇਆ ਜਿਥੇ ਬਹੁਤ ਸੁੰਦਰ ਨਜ਼ਾਰਾ ਸੀ। ਮਿਠੀ ਮਿਠੀ ਧੁਪ ਵਿਚ ਗੋਦਾਵਰੀ ਸ਼ਾਂਤ ਅਤੇ ਨਿਰਮਲ ਲਗ ਰਹੀ ਸੀ। ਹਜ਼ਾਰਾਂ ਹੀ ਮਜ਼ਦੂਰ ਕੰਮ ਕਰ ਰਹੇ ਸਨ। ਬੁਲਡੋਜ਼ਰ ਅਰਥ ਮੂਵਰ ਟਰੱਕ ਅਤੇ ਕਰੇਨਾਂ ਚਲ ਰਹੀਆਂ ਸਨ ਵਿਚਕਾਰ ਚਿਟੇ ਕਪੜਿਆਂ ਵਾਲੇ ਸਿੰਘ ਹਵਨ ਕਰ ਰਹੇ ਸਨ।

੯ ਫਰਵਰੀ ਨੂੰ ਜਦੋਂ ਸਤਿਗੁਰੂ ਜਗਜੀਤ ਸਿੰਘ ਜੀ ਪੂਨਮ ਫੈਕਟਰੀ ਦੇ ਉਦਘਾਟਨ ਵਾਸਤੇ ਆਏ ਤਾਂ ਪੰਜ ਹਜ਼ਾਰ ਆਦਮੀ ਸੁਆਗਤ ਵਾਸਤੇ ਖੜਾ ਸੀ। ਸ਼ਹਿਰ ਦੇ ਸਭ ਅਫਸਰ, ਨੇਤਾ ਅਤੇ ਆਮ ਲੋਕ। ਫੈਕਟਰੀ ਦੇ ਕਾਰਕੁਨਾਂ ਵਲੋਂ ਹਾਰਦਿਕ ਸੁਆਗਤ ਕੀਤਾ ਗਿਆ। ਸੰਤ ਮਹਿੰਦਰ ਸਿੰਘ ਪੂਰਖਾ ਜੀ ਦੀ ਅਰਦਾਸ ਉਪਰੰਤ ਸਤਿਗੁਰਾਂ ਬਟਨ ਦਬਾਇਆ ਅਤੇ ਨਾਲ ਸ੍ਰੀ ਅਕਾਲ ਦੀਆਂ ਗੂੰਜਾਂ ਵਿਚ ਫੈਕਟਰੀ ਹਰਕਤ ਵਿਚ ਆ ਗਈ। ਆਏ ਹੋਰ ਪ੍ਰਤਿਸ਼ਠ ਸੱਜਨਾਂ ਨੇ ਵੀ ਨਾਰੀਅਲ ਤੋੜ ਤੋੜ ਕੇ ਮਹੂਰਤ ਵਿਚ ਸ਼ਮੂਲੀਅਤ ਕੀਤੀ। ਸ: ਹਰਭਜਨ ਸਿੰਘ ਨੇ ਇਕ ਮਹੀਨਾ ਤਿਆਰ ਫੈਕਟਰੀ ਖੜੀ ਰਖੀ ਤਾਂ ਕਿ ਮਹੂਰਤ ਸਤਿਗੁਰੂ ਜੀ ਹੀ ਕਰਨ।

ਇਹ ਬਹੁਤ ਹੀ ਸੁੰਦਰ ਫੈਕਟਰੀ ਸੀ। ਹਰ ਪਖੋਂ ਮੁਕੰਮਲ ਤੇ ਚਿਕਲਠਾਣਾ ਉਦਯੋਗਿਕ ਖੇਤਰ ਔਰੰਗਾਬਾਦ ਵਿਚ ਸਿਰਕੱਢ। ਫੈਕਟਰੀ ਵਿਚ ਇਕ ਵਿਸ਼ਾਲ ਖੂਹ ਵੀ ਲਾਇਆ ਗਿਆ ਹੈ ਇਸ਼ਨਾਨ ਵਾਸਤੇ।

ਪੰਡਾਲ ਹੋਲੇ ਦੇ ਸਮਾਗਮ ਵਾਂਗ ਬਣਿਆ ਸੀ। ਉਚੀ ਵਿਸ਼ਾਲ ਸਟੇਜ ਤੇ ਪਹਿਲਾਂ ੧੦੬ ਆਦਿ ਸ੍ਰੀ ਗ੍ਰੰਥ ਸਾਹਿਬ ਦੇ ਪਾਠਾਂ ਅਤੇ ਇਕ ਦਸਮ ਸ੍ਰੀ ਗ੍ਰੰਥ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ। ਫਿਰ ਸਮਾਰੋਹ ਸ਼ੁਰੂ ਹੋਇਆ ਜਿਸ ਦਾ ਮੁਖ ਆਕਰਸ਼ਨ ਭਾਰਤ ਦੇ ਸਿਰਮੌਰ ਸੰਗੀਤਕਾਰ ਉਸਤਾਦ ਅਮਜਦ ਅਲੀ ਦੀ ਸਰੋਦ ਤੇ ਵਿਖਿਆਤ ਤਬਲਾ ਵਾਦਕ ਜ਼ਾਕਰ ਹੁਸੈਨ ਦਾ ਤਬਲਾ ਸੀ। ਅਤੇ ਅੰਤ ਉਤੇ ਪੰਜ ਹਜ਼ਾਰ ਆਦਮੀਆਂ ਦੇ ਲੰਗਰ ਦਾ ਪਰਬੰਧ ਸੀ।

ਸੂਬਾ ਹਰਬੰਸ ਸਿੰਘ ਜੀ ਵਿਦਵਾਨ ਪੁਰਸ਼ ਹਨ, ਸ: ਹਰਭਜਨ ਸਿੰਘ ਜੀ ਦੇ ਪੁਰਾਣੇ ਸਾਥੀ ਉਹਨਾਂ ਨੂੰ ਵੀ ਲਖਨਊ ਤੋਂ ਔਰੰਗਾਬਾਦ ਹੀ ਪੱਕੇ ਤੌਰ ਤੇ ਸੱਦ ਲਿਆ ਗਿਆ ਹੈ। ਉਹਨਾਂ ਸਟੇਜ ਦਾ ਸੰਚਾਲਨ ਕੀਤਾ ਅਤੇ ਪਿਆਰੀ ਹਿੰਦੀ ਵਿਚ ਕਹੇ ਸ਼ਬਦਾਂ ਨਾਲ ਮਰਾਠਿਆਂ ਨੂੰ ਮੋਹੀ ਰੱਖਿਆ। ਫੈਕਟਰੀ ਏਰੀਆ ਵਿਚ ਵਾਰ ਵਾਰ ਵਜਦੇ ਘੁਗੂਆਂ ਵਿਚ ਪਹਿਲਾਂ ਇਸ ਖੇਤਰ ਦੇ ਪ੍ਰਸਿੱਧ ਸੰਗੀਤਕਾਰ ਸ੍ਰੀ ਨਾਥ ਨੇਲਕਰ ਜੋ ਕੇ ਸ਼ਿਸ਼ ਸ੍ਰੀ ਸ਼ਿਵ ਰਾਮ ਜੀ ਨੇ ਮੰਝੀ ਹੋਈ ਸੁੰਦਰ ਸੁਰੀਲੀ ਆਵਾਜ਼ ਵਿਚ ਆਲਾਪ ਉਚਾਰਿਆ:

ਗੁਰੂ ਬ੍ਰਹਮਾ ਗੁਰੂ ਵਿਸ਼ਨੂੰ: ਗੁਰੂ ਦੇਓ ਮਹੇਸ਼ਵਰਾ

ਅਤੇ ਫਿਰ "ਓਅੰਕਾਰ ਰੂਪਾ ਨਮਸਤੇ ਨਮਸਤੇ" ਭਜਨ ਗਾਇਆ। ਫੇਰ ਫੁਲਾਂ ਦੀਆਂ ਮਾਲਾਵਾਂ ਸਤਿਕਾਰ ਵਜੋਂ ਅਰਪਿਤ ਕੀਤੀਆਂ। ਸਤਿਕਾਰਥੀ ਸਨ:

੧. ਸ: ਹਰਭਜਨ ਸਿੰਘ ੨. ਸ੍ਰੀ ਗੋਬਿੰਦ ਭਾਈ ਸਰਾਫ ੩. ਸ੍ਰੀ ਹਿਆਲ ਕਿਸ਼ੋਰ ਸ਼ਰਮਾ ੪. ਡਾ: ਭਗਵਾਨ ਦਾਸ ਸ਼ਰਮਾ ੫. ਸੂਬਾ ਹਰਬੰਸ ਸਿੰਘ ਜੀ।



Sri Satguru Jagjit Singh Ji eLibrary NamdhariElibrary@gmail.com

ਉਸ ਵਾਅਦ ਸਵਾਗਤੀ ਤਕਰੀਰਾਂ ਵਿਚ ਸਭ ਤੋਂ ਪਹਿਲਾਂ ਸ: ਹਰਭਜਨ ਸਿੰਘ ਜੀ ਦਾ ਸਰਦਾ ਪੂਰਬਕ ਭਾਸ਼ਨ ਸੀ। ਉਹਨਾਂ ਦੇ ਦੋਵੇਂ ਭਾਸ਼ਨ ਵਖਰੇ ਵਖਰੇ ਛਾਪ ਰਹੇ ਹਾਂ। ਇਹਨਾਂ ਭਾਸ਼ਨਾਂ ਬਾਰੇ ਵਿਦਵਾਨ ਡਾ: ਭਗਵਾਨ ਦਾਸ ਵਰਮਾ ਨੇ ਕਿਹਾ ਸੀ :

"ਹਰਭਜਨ ਸਿੰਘ ਕਾ ਵਿਅਕਤਵ ਆਪ ਨੇ ਸੁਨਾ। ਇਸ ਵਿਅਕਤਵ ਕੋ ਸੁਣ ਕਰ ਹਮ ਜੈਸੇ ਲੋਗੋਂ ਕਾ ਭੀ ਅਹੰਕਾਰ ਜਲ ਜਾਤਾ ਹੈ ਔਰ ਗੁਰੂ ਜੀ ਕੀ ਉਪਸਥਿਤੀ ਮੇਂ ਤੋ ਅਹੰਕਾਰ ਕੀ ਕੋਈ ਬਾਤ ਹੀ ਨਹੀਂ ਰਹਿਤੀ ਹੈ।"

ਹਰਭਜਨ ਸਿੰਘ ਜੀ ਬਾਅਦ ਸ੍ਰੀ ਤੇਲਣ ਸਾਹਿਬ ਦੀ ਕਵਿਤਾ ਸੀ :

> "ਬਰਸਾ ਦੋ ਕੁਛ ਐਸਾ ਨੂਰ ਨੂਰਾਨੀ
> ਪੂਨਮ ਖਿਲਣ ਦੋ ਜੱਗ ਮੇਂ ਲਾਸਾਨੀ"

ਜਨ-ਜਾਗ੍ਰਿਤੀ ਦੇ ਉਚ ਨੇਤਾ ਸਾਸਤਰਾਂ ਵੇਦਾਂ ਦੇ ਵਕਤਾ ਪੰਡਿਤ ਗਿਆਨੇਂਦਰ ਸ਼ਰਮਾ ਨੇ ਕਿਹਾ :

> ਬਾਂਟ ਰਹੇ ਹੈਂ ਬਾਂਟਣੇ ਵਾਲੇ ਲੇ ਲੋ ਭਾਈ।

ਪ੍ਰਸਿੱਧ ਸੁਤੰਤਰਤਾ ਸੈਨਾਨੀ ਸ੍ਰੀ ਗੋਵਿੰਦ ਭਾਈ ਸਰਾਫ ਨੇ ਆਪਣੀ ਤਕਰੀਰ ਵਿਚ ਕਿਹਾ, ਹਰਭਜਨ ਸਿੰਘ ਆਪਣੀ ਡੇਰਟਰੀ ਵਲ ਧਿਆਨ ਤਾਂ ਦੇਣਗੇ ਹੀ ਮਰਾਠਵਾੜੇ ਦੇ ਉਦਯੋਗੀਕਰਨ ਵਲ ਵੀ ਹੱਥ ਵਟਾਉਣਗੇ। ਮਰਾਠਵਾੜਾ ਦਾ ਇਲਾਕਾ ਇਹ ਤਮੰਨਾ ਰਖਦਾ ਹੈ। ਹਿੰਦੀ ਸਾਹਿਤ ਦੇ ਵਿਦਵਾਨ ਕਈ ਭਾਸ਼ਾਵਾਂ ਦੇ ਗਿਆਤਾ ਡਾ: ਭਗਵਾਨ ਦਾਸ ਵਰਮਾ ਨੇ ਗੁਰੂ-ਸਿੱਖ ਪਰੰਪਰਾ ਤੇ ਵਿਦਵਤਾ ਪੂਰਨ ਵਿਖਿਆਨ ਕੀਤਾ। ਉਹਨਾਂ ਕਿਹਾ ਜੀਵਨ ਦੇ ਹਰ ਸੰਮਖੇ 'ਚ ਗੁਰੂ ਦਾ ਹੋਣਾ ਬਹੁਤ ਜ਼ਰੂਰੀ ਹੈ। ਗੁਰੂ ਪਰੰਪਰਾ ਖ਼ਤਮ ਹੋਣ ਨਾਲ ਮਾਨਵਤਾ, ਨੈਤਿਕਤਾ ਦੇਸ਼ ਚੋਂ ਮੁਕ ਰਹੀ ਹੈ—ਕਬੀਰ ਨੇ ਵੀ ਕਿਹਾ :

> ਗੁਰੁ ਗੋਬਿੰਦ ਦੋਨੋਂ ਖੜੇ ਕਾਕੇ ਲਾਗੂ ਪਾਇ
> ਬਲਿਹਾਰੀ ਗੁਰੂ ਆਪਣੇ ਜਿਨ ਗੋਬਿੰਦ ਦੀਆ ਮਿਲਾਏ

ਰਾਜ ਸਭਾ ਦੇ ਮੈਂਬਰ ਸ: ਹਰਵਿੰਦਰ ਸਿੰਘ ਹੰਸਪਾਲ ਨੇ ਸ: ਹਰਭਜਨ ਸਿੰਘ ਜੀ ਦੀ ਸਰਾਹਨਾ ਕੀਤੀ। ਨਾਮਧਾਰੀਆਂ ਦਾ ਇਤਿਹਾਸ ਮਹਾਰਾਜਾ ਰਣਜੀਤ ਸਿੰਘ ਤੋਂ ਲੈਕੇ ਅਬ ਤਕ ਦਸਿਆ। ਅਤੇ ਕੁਝ ਪਾਰਲੀਮੈਂਟ ਦੀਆਂ ਕਾਰਵਾਈਆਂ ਦਸੀਆਂ।

## ਸਤਿਗੁਰੂ ਜੀ ਦਾ ਪ੍ਰਵਚਨ

ਹਾਜ਼ਰ ਹਜ਼ਾਰਾਂ ਸਰੋਤਿਆਂ ਨੇ ਖ਼ਾਮੋਸ਼ੀ ਨਾਲ ਸਤਿਗੁਰੂ ਜੀ ਦਾ ਪ੍ਰਵਚਨ ਸਰਵਣ ਕੀਤਾ।

ਆਪ ਜੀ ਨੇ ਫ਼ੁਰਮਾਇਆ ਕਿ ਬਸੰਤ, ਰੁਤ ਹੈ ਇਸ ਵਿਚ ਹੀ ਸਤਿਗੁਰੂ ਰਾਮ ਸਿੰਘ ਜੀ ਦਾ ਅਵਤਾਰ ਹੋਇਆ। ਸਤਿਗੁਰੂ ਸ਼ਬਦ ਬਹੁਤ ਵਿਆਪਕ ਹੈ। ਜਿਵੇਂ ਆਕਾਸ਼ ਦੀ ਅਨੰਤਤਾ ਦਾ ਥਹੁ ਪਤਾ ਨਹੀਂ ਜਿਨਾ ਕੁ ਗਿਆਨ ਹੁੰਦਾ ਹੈ ਦਸਿਆ ਜਾਂਦਾ ਹੈ। ਸਮੁੰਦਰ ਅਸਗਾਹ ਹੈ ਜਿੰਨਾਂ ਕੁ ਵਿਗਿਆਨ ਨੂੰ ਪਤਾ ਲਗਦਾ ਹੈ ਦਸਦਾ ਹੈ ਇਵੇਂ ਹੀ ਸਤਿਗੁਰੂ ਦੀ ਅਨੰਤਤਾ ਦਾ ਥਹੁ ਪਤਾ ਲਾਉਣਾ ਕਠਨ ਹੈ ਜੋ ਕੁਝ ਵਿਗਿਆਨ ਦੀ ਸਮਝ ਵਿਚ ਆਉਂਦਾ ਹੈ ਉਹ ਹੀ ਦਸਿਆ ਜਾਂਦਾ ਤੇ ਜਿਵੇਂ ਸਿਪਰੀ ਦੇ ਪਹਾੜ ਵਿਚੋਂ ਕੀੜੀ ਕਿੰਨਾ ਕੁ ਚੱਖ ਸਕਦੀ ਹੈ। ਸਤਿਗੁਰੂ ਨਾਮ ਦਾ ਦਾਤਾ ਹੈ ਨਾਮ ਦੀ ਵਿਆਖਿਆ ਬਾਣੀ ਵਿਚ ਵਿਆਪਕ ਹੈ। ਬਾਣੀ ਵਿਚ ਵਿਆਪਕ ਹੈ। ਬਾਣੀ ਵਿਚ ਲਿਖਿਆ ਹੈ ਕਿ ਬ੍ਰਾਹਮਣ ਕੰਨਿਆ ਗਊ ਦਾ ਮਾਰਨਾ ਉਸ ਉਪਰ ਪਾਇਆ ਜਾਂਦਾ ਹੈ ਜਿਨ੍ਹਨੂੰ ਨਾਮ ਵਿਸਰ ਜਾਂਦਾ ਹੈ।

ਅਜ ਇਥੇ ਹਵਨ ਹੋਇਆ ਹੈ। ਬਾਣੀ ਵਿਚ ਹਵਨ ਦੀਆਂ ਸਿਫਤਾਂ ਲਿਖੀਆਂ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਕਿ ਅਸੀਂ ਹਵਨ ਇਸ ਵਾਸਤੇ ਕਰਦੇ ਹਾਂ ਕਿ ਸਾਰੀ ਸ੍ਰਿਸ਼ਟੀ ਸੁਖ ਪਾਉਂਦੀ ਹੈ।... [ਚਲਦਾ]



ਤਬਲੇ ਦੇ ਪ੍ਰਸਿਧ ਉਸਤਾਦ ਭਾਈ ਨਿਹਾਲ ਸਿੰਘ ਜੋ ਜਨਵਰੀ ਵਿਚ ਸ੍ਰੀ ਜੀਵਨ ਨਗਰ ਵਿਖੇ ਸਾਥੋਂ ਸਦਾ ਲਈ ਵਿਛੜ ਗਏ ਹਨ।



Sri Satguru Jagjit Singh Ji eLibrary NamdhariElibrary@gmail.com

HIGH CLASS GUN MANUFACTURERS

AND

REPAIRERS

# FREE INDIA GUN MANUFACTURERS

(Industrial Estate, Extention Area, Jammu Cantt.)

Phone No. 42452



(SINGLE BARREL OR DOUBLE BARREL) 12 Bore Guns

## Once Purchased Ever Purchased

AS
BEST QUALITY OF THE DAY
IS
OUR MOTTO
IN NEED CONTACT US FOR BARGAIN
WITH FULL CONFIDENCE




Sri Satguru Jagjit Singh Ji eLibrary NamdhariElibrary@gmail.com

# JANTA
## HYDRAULIC PRESSES

- Known for trouble free service
- More out put with less cost
- Satisfaction guaranteed
- Easy to operate
- Simple to maintain













JEW

**JANTA ENGINEERING WORKS**
G.T. ROAD, P.O. MOHAN NAGAR,
RAJINDER NAGAR, INDUSTRIAL AREA
GHAZIABAD (INDIA)
PHONE : 201286 (CONNECTED WITH DELHI)




Sri Satguru Jagjit Singh Ji eLibrary NamdhariElibrary@gmail.com

# ਬੀਤੇ ਦੀਆਂ ਪੈੜਾਂ

—ਪ੍ਰੀਤਮ ਸਿੰਘ ਕਵੀ

(ਲੜੀ ਜੋੜਨ ਲਈ ਵਰਿਆਮ ਦਾ ਜਨਵਰੀ ੧੯੮੫ ਅੰਕ ਵੇਖੋ)

**੧੩ ਜੁਲਾਈ ੧੯੭੮ ਵੀਰਵਾਰ ਚੰਡੀਗੜ੍ਹ**

**ਚਲਦਾ ਪ੍ਰਸੰਗ :—ਮੁਖ ਮੰਤਰੀ ਬਾਦਲ ਨਾਲ ਮੁਲਾਕਾਤ**

ਮਹਾਰਾਜ ਜੀ ਨੇ ਮੁਖ ਮੰਤਰੀ ਨੂੰ ਟਾਈਪ ਕੀਤਾ ਹੋਇਆ ਇਕ ਪੱਤਰ ਦਿੰਦਿਆਂ ਜ਼ਬਾਨੀ ਵੀ ਗੱਲਬਾਤ ਕੀਤੀ। ਜੋ ਉਸਨੇ ਉਤਰ ਦਿੱਤੇ, ਉਹ, ਮਹਾਰਾਜ ਜੀ ਦੀ ਜ਼ਬਾਨੀ, ਇੰਜ ਹਨ :

(੧) ਸੂਬੇ ਦੇ ਅਮਨ ਨੂੰ ਕਿਸੇ ਧਿਰ ਵਲੋਂ ਵੀ ਚੁਆਤੀ ਲਾਣ ਨਹੀਂ ਦਿਤੀ ਜਾਵੇਗੀ।

(੨) ਨਾਮਧਾਰੀਆਂ ਬਾਰੇ ਨਾ ਸਰਕਾਰ ਅਤੇ ਨਾ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਓਪਰੀ ਭਾਵਨਾ ਰਖਦੀ ਹੈ। ਸਗੋਂ ਇਹ ਤਾਂ ਸਭਨਾਂ ਦੇ ਹੀ ਆਦਰਯੋਗ ਹਨ।

(੩) ਅਖਬਾਰਾਂ ਵਾਲਿਆਂ ਨੂੰ ਅਗੇ ਵੀ ਆਖਿਆ ਹੈ ਕਿ ਉਹ ਫਿਰਕੂ ਖਬਰਾਂ ਨਾ ਉਛਾਲਣ, ਪਰ ਉਹ ਬੇ-ਲਗਾਮ ਹੁੰਦੇ ਹਨ, ਸਾਡੇ ਖ਼ਿਲਾਫ਼ ਵੀ ਉਟਪਟਾਂਗ ਲਿਖ ਮਾਰਦੇ ਹਨ, ਤਾਂ ਵੀ, ਫੇਰ ਇਕ ਵਾਰ ਸਭਨਾਂ ਨੂੰ ਸੂਚਿਤ ਕਰਾਂਗੇ ਕਿ ਉਹ ਜ਼ਾਬਤੇ ਵਿਚ ਰਹਿਣ ਅਤੇ ਸੂਬੇ ਦੇ ਅਮਨ ਨੂੰ ਖਲਲ ਵਿਚ ਨਾ ਪਲਟਣ ਦੇਣ।

(੪) ਗੁਰਦੁਆਰੇ ਬਣਾਣੇ ਤਾਂ ਹਰੇਕ ਦਾ ਅਧਿਕਾਰ ਹੈ। ਹਾਂ, ਅਸੀਂ ਉਨ੍ਹਾਂ ਲੋਕਾਂ ਨੂੰ ਜ਼ਰੂਰ ਰੋਕਾਂਗੇ ਜੋ ਪਰਸਪਰ ਦੁਸ਼ਮਣੀ ਪੈਦਾ ਕਰਦੇ ਤੇ ਭੜਕਾਂਦੇ ਹੋਣ।

ਇਸ ਤੋਂ ਉਪਰੰਤ ਸ: ਸੁਰਿੰਦਰ ਸਿੰਘ ਲੁਧਿਆਣਾ ਨੇ ਗਾਈਆਂ ਵਾਲੇ ਕੇਸ ਦੇ ਬਾਰੇ ਕਿਸੇ ਦੇ ਬਿਆਨ ਮੁਖ ਮੰਤਰੀ ਦੇ ਪੇਸ਼ ਕੀਤੇ ਜੋ ਉਹਨੇ ਸੰਬੰਧਤ ਅਧਿਕਾਰੀ ਨੂੰ ਆਵਾਜ਼ ਮਾਰ ਕੇ ਫੜਾ ਦਿਤੇ।



ਮਹਾਰਾਜ ਬੀਰ ਸਿੰਘ ਜੀ

ਤੀਜੀ ਗੱਲ ਨਾਮਧਾਰੀ ਸ਼ਹੀਦਾਂ ਦੀ ਅੰਮ੍ਰਿਤਸਰ ਵਾਲੀ ਜਗਹ ਬਾਰੇ ਹੋਈ, ਜਿਸ ਬਾਰੇ ਕੋਈ ਕੰਡੀਸ਼ਨ ਲਗੀ ਹੋਈ ਸੀ, ਉਹ ਵੀ ਚੀਫ ਮਨਿਸਟਰ ਨੇ ਹਟਾਉਣੀ ਮੰਨ ਲਈ।

੨੦ ਕੁ ਮਿੰਟ ਦੀ ਗੱਲਬਾਤ ਬਾਅਦ ਸ: ਬਾਦਲ ਨੇ ਉਠਕੇ ਮਹਾਰਾਜ ਜੀ ਨੂੰ ਵਿਦਾ ਕੀਤਾ।

**ਸ: ਚੀਮਾ ਨਾਲ ਮੁਲਾਕਾਤ**

੯-੩੦ ਵਜੇ ਤਕ ਅਸੀਂ ਵਿਹਲੇ ਹੋ ਕੇ ਤੁਰ ਪਏ। ਮਹਾਰਾਜ ਬੀਰ ਸਿੰਘ ਜੀ ਕਹਿਣ ਲਗੇ : ਟੌਹੜਾ ਜੀ ਦਾ ਇਕ ਮਿੱਤਰ ਏਥੇ ਵਜ਼ੀਰ ਹੈ, ਸ: ਰਣਧੀਰ ਸਿੰਘ ਚੀਮਾ, ਉਸਤੋਂ ਇਨ੍ਹਾਂ ਬਾਰੇ ਪਤਾ ਕਰੀ ਚੱਲੀਏ।

ਉਹਦੀ ਕੋਠੀ ਗਏ ਤਾਂ ਏਥੇ ਵੀ ਕੁਝ ਲੰਬੜਦਾਰ ਪਲੰਤੇ ਸਨ। ਅਸੀਂ ਸੂਚਨਾ ਭੇਜ ਇਕ ਸੈੱਡ ਰੂਮ ਵਿਚ ਪਈਆਂ ਤਿੰਨ ਕੁਰਸੀਆਂ ਉਤੇ ਜਾ ਬੈਠੇ। ਮਹਾਰਾਜ ਜੀ, ਮਾਸਟਰ ਜੀ ਤੇ ਇਹ ਲੇਖਕ ਹੀ ਅੰਦਰ ਗਏ ਸਨ।

੫ ਕੁ ਮਿੰਟ ਪਿਛੋਂ ਖੁਲ੍ਹੇ ਦਾੜ੍ਹੇ ਤੇ ਮਾਤਾ ਦਾਗੋ ਚਿਹਰੇ ਵਾਲਾ ਸਲੋਨਾ ਸ: ਰਣਧੀਰ ਸਿੰਘ ਮਨਿਸਟਰ ਪੀ.ਡਬਲੀਊ.



Sri Satguru Jagjit Singh Ji eLibrary NamdhariElibrary@gmail.com

ਤੀ. ਪੰਜਾਬ ਆ ਗਿਆ। ਪੀਲੀ ਫਿਫਟੀ, ਕਾਲੀ ਪਗੜੀ, ਭਰਪੂਰ ਜੁਆਨ, ਦਾੜ੍ਹੀ ਵਿਚ ਕੁਝ ਕੁਝ ਚਿਟੇ ਵਾਲ। ਮੁਸਕਰਾ ਕੇ ਆਦਰ ਪੂਰਵਕ ਮਹਾਰਾਜ ਜੀ ਨੂੰ ਮਿਲਿਆ। ਸਾਨੂੰ ਵੀ ਉਸ ਹੱਥ ਮਿਲਾਕੇ ਮੁਸਕਾਨਾਂ ਖਿਲੇਰੀਆਂ।

ਸ: ਚੀਮਾ ਨੇ ਮੁਸਕਰਾਂਦਿਆਂ ਕਿਹਾ : ਫੇਰ ਕੀ ਹੋਇਆ ਜੀ। ਅਸਾਂ ਤਾਂ ਆਪ ਜੀ ਦੀ ਸੇਵਾ ਕਰਨੀ ਹੀ ਕਰਨੀ ਹੈ। ਸਤਿਗੁਰੂ ਜੀ ਤਾਂ ਮੇਰੇ ਤੇ ਪ੍ਰਸੰਨ ਹਨ, ਮੈਨੂੰ ਪਤਾ ਹੈ। ਹੁਕਮ ਕਰੋ, ਨਿਰਸੰਕੋਚ ਦੱਸੋ, ਕੀ ਆਗਿਆ ਹੈ?

ਮਹਾਰਾਜ ਜੀ ਨੇ ਆਖਿਆ : ਪਹਿਲੀ ਗੱਲ ਤਾਂ ਇਹ ਕਿ ਜਿਸਦੇ ਖਿਲਾਫ ਤੁਸਾਂ ਫਿਕਰ ਕੀਤਾ ਹੈ, ਉਹ ਹੀ ਆਪ ਦੇ ਪਾਸ ਆਵੇਗਾ। ਜਿਸੇ ਨੇ ਆਉਣਾ ਸੀ, ਸੰਕੋਚ ਕਰ ਗਿਆ। ਕਸੂਰ ਉਹਦਾ ਵੀ ਨਹੀਂ ਸੀ।

ਮਨਿਸਟਰ ਨੇ ਕਿਹਾ : ਕੋਈ ਹਰਜ ਨਹੀਂ, ਉਹ ਵੀ ਆਵੇ, ਮੈਂ ਹਾਜ਼ਰ ਹਾਂ।

ਮਹਾਰਾਜ ਜੀ ਨੇ ਦੱਸਿਆ ਕਿ ਭੀੜ ਭਾਖੜਸੀ ਵਿਚੋਂ ਇਕ ਡਰੇਨ ਨਿਕਲਣ ਲਗੀ ਹੈ ਜੇ ਉਹ ਨਿਰੰਮੀ ਧਰਤੀ ਵਿਚੋਂ ਲੰਘੇ ਤਾਂ ਉਪਜਾਊ ਜ਼ਮੀਨ ਘੱਟ ਖਰਾਬ ਹੋਵੇਗੀ। ਦੂਜੇ ਉਹਨਾਂ ਵਲੋਂ ਜੋ ਸਰਵੇ ਕੀਤਾ ਗਿਆ ਹੈ ਉਸ ਅਨੁਸਾਰ ਕੰਮ ਦੀ ਜ਼ਮੀਨ ਵਧੇਰੇ ਖਰਾਬ ਹੋਵੇਗੀ।

ਸ: ਚੀਮਾ ਨੇ ਕਿਹਾ : ਮੈਨੂੰ ਇਸ ਬਾਰੇ ਕੋਈ ਪਤਾ ਨਹੀਂ। ਉਹ ਮਹਿਕਮਾ ਬਾਦਲ ਸਾਹਿਬ ਅਧੀਨ ਹੈ। ਪਰ ਤੁਸੀਂ ਮੈਨੂੰ ਲਿਖ ਕੇ ਭੇਜ ਦਿਓ, ਮੈਂ ਕੰਮ ਕਰਵਾ ਦਿਆਂਗਾ। ਮਹਾਰਾਜ ਜੀ : ਅਪਾਰ ਸਿੰਘ ਹੀ ਭੀੜ ਤੋਂ ਆਪ ਦੇ ਪਾਸ ਆਵੇਗਾ।

ਸ. ਟੌਹੜਾ ਬਾਰੇ ਪੁਛਿਆ ਗਿਆ ਤਾਂ ਉਸ ਦਸਿਆ ਅਜੇ ਤਾਂ ਆਉਣ ਦੀ ਕੋਈ ਖਬਰ ਨਹੀਂ। ਪਰ ਜੇ ਆਏ ਤਾਂ ੫ ਸੈਕਟਰ ਦੀ ਕੋਠੀ ਨੰ: ੩੦ ਵਿਚ ਐਸ. ਜੀ. ਪੀ. ਸੀ. ਦੇ ਦਫਤਰ ਵਿਚ ਜ਼ਰੂਰ ਪਤਾ ਹੋਵੇਗਾ।

ਮੰਤਰੀ ਚੀਮਾ ਸਰਦਾਰ ਬਾਹਰ ਤਕ ਛਡਣ ਆਇਆ। ਚੰਗਾ ਚੰਗਾ ਲਗਾ।

ਸ਼੍ਰੋ: ਗੁ: ਪ੍ਰ: ਕਮੇਟੀ ਦੇ ਦਫਤਰ, ੫ ਸੈਕਟਰ ਵਿਚ ਗਿਆਂ, ਸ: ਗੁਰਚਰਨ ਸਿੰਘ ਖੇਦੀ ਅਦਬ-ਸਤਕਾਰ ਨਾਲ ਮਿਲੇ। ਉਹਨਾਂ ਸਾਡਾ ਫੋਨ ਨੰ: ਲੈ ਲਿਆ ਤੇ ਯਕੀਨ ਦੁਆਇਆ ਕਿ ਸ. ਟੌਹੜਾ ਦੇ ਆਉਂਦਿਆਂ ਹੀ ਸਾਨੂੰ ਸੂਚਨਾ ਮਿਲੇਗੀ।

## ੧੯ ਸੈਕਟਰ ਵਿਚ

ਵਾਪਸ ਸੰਤ ਮੰਗਲ ਸਿੰਘ ਦੇ ਘਰ ਆਇਆਂ ਪਤਾ ਲਗਾ ਕਿ ਸ: ਹਰਵਿੰਦਰ ਸਿੰਘ ਹੰਸਪਾਲ ਹੁਰੀਂ ਵੀ ੯.੩੦ ਦੇ ਆਏ ਹੋਏ ਨੇ। ਸਾਡਾ ਪਤਾ ਕਰਨ ਗਿਆਂ ਫਿਰ ਹਰਕੇ ਮਾਟਾਡੋਰ ਆਈ ਤਾਂ ਇਸ ਵਿਚੋਂ ਹੰਸਪਾਲ, ਸ: ਸੇਵਾ ਸਿੰਘ ਨਾਮਧਾਰੀ ਫੋਜੋਸੀਰ ਅਤੇ ਸ. ਮਨਚੰਦਾ ਸੁਰਿੰਦਰ ਸਿੰਘ ਨਿਕਲੇ। ਦਿੱਲੀਓਂ ਪੰਜ ਵਜੇ ਦੇ ਚਲੇ ਹੋਏ ਸਨ।

ਪ੍ਰਸਾਦ ਪਾਣੀ ਛਕਦਿਆਂ ਤਕ ਪਤਾ ਲਗ ਗਿਆ ਕਿ ਖੇਦੀ ਸਾਹਿਬ ਸਾਨੂੰ ਸੂਚਤ ਕਰਨਾ ਤੇ ਟੌਹੜਾ ਸਾਹਿਬ ਨੂੰ ਦੱਸਣਾ ਭੁਲ ਗਏ ਸਨ। ਫੇਰ ਫੋਨ ਕਰਨ ਤੇ ੩ ਵਜੇ ਦਾ ਵਕਤ ਮੁਕਰਰ ਹੋਇਆ।

ਹੁਣ ਮਹਾਰਾਜ ਬੀਰ ਸਿੰਘ ਜੀ ਨਾਲ ਉਨ੍ਹਾਂ ਦੀ ਕਾਰ ਤੇ ਮਾ: ਨਿਹਾਲ ਸਿੰਘ ਪ੍ਰਧਾਨ ਨਾਮਧਾਰੀ ਦਰਬਾਰ, ਸ: ਹੰਸਪਾਲ ਜ: ਸਕੱਤਰ ਨਾਮਧਾਰੀ ਦਰਬਾਰ, ਸ. ਸੇਵਾ ਸਿੰਘ ਅਤੇ ਲੇਖਕ ਸ. ਟੌਹੜਾ ਨੂੰ ਮਿਲਣ ਗਏ, ੫ ਸੈਕਟਰ ਕੋਠੀ ਨੰ: ੩੦ ਵਿਚ।

## ਸ: ਟੌਹੜਾ ਨਾਲ ਮੁਲਾਕਾਤ

ਕੋਠੀ ਵਿਚ ਕਾਫੀ ਰੌਣਕਾਂ ਸਨ। ਨੀਲੀਆਂ ਪੱਗਾਂ ਵਾਲਿਆਂ ਤਾਂ ਹੋਣਾ ਹੀ ਸੀ, ਚਿਟੇ ਕਪੜਿਆਂ ਵਾਲੇ ਸੰਤ ਤੇ ਭਗਵੇਂ ਬਸਤਰਾਂ ਵਾਲੇ ਸਾਧੂ ਵੀ ਸ. ਗੁਰਚਰਨ ਸਿੰਘ ਟੌਹੜਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਨਾਲ ਮੁਲਾਕਾਤਾਂ ਕਰ ਕਰਦਾ ਰਹੇ ਸਨ। ਕਾਫੀ ਸ਼ੋਰ ਗੁਲ ਸੀ।

ਸਾਨੂੰ ਦਫਤਰ ਕਮਰੇ ਵਿਚ ਬੈਠਾ ਦਿਤਾ ਗਿਆ।

ਥੋੜੇ ਮਿੰਟ ਹੀ ਹੋਏ ਸਨ ਕਿ ਸ. ਅੰਗਰੇਜ਼ ਸਿੰਘ ਨਾਮ ਦਾ ਇਕ ਸਿੰਘ ਜੋ ਕਿਸੇ ਭਿਆਨਕ ਰੋਗ ਤੋਂ ਛੁਟਕਾਰਾ ਪਾ ਕੇ ਅਜੇ ਹੁਣੇ ਹੀ ਵਿਹਲਾ ਹੋਇਆ ਸੀ ਸੋਟੀ ਟੇਕਦਾ ਮਹਾਰਾਜ ਜੀ ਪਾਸ ਆਇਆ। ਝੁਕ ਕੇ ਸਤਿਕਾਰ ਕੀਤਾ। ਮਹਾਰਾਜ ਜੀ ਵੀ ਉਠ ਕੇ ਮਿਲੇ। ਸ. ਕੱਦੋਂ ਵਾਹਵਾ ਉਚੇਰਾ ਸੀ। ਇਹ ਕਦੇ ਪੰਜਾਬ ਦੀਆਂ ਸ਼ੂਗਰ ਮਿਲਾਂ ਦਾ ਚੇਅਰਮੈਨ ਰਿਹਾ ਸੀ। ਚੰਡੀਗੜ੍ਹ-ਲੁਧਿਆਣਾ ਰੋਡ ਤੇ ਪੰਜਵੇਂ ਕੁ ਮੀਲ ਤੇ ਇਸ ਦਾ ਪਿੰਡ ਹੈ। ੧੫ ਮਿੰਟ ਮਹਾਰਾਜ ਨਾਲ ਦਿਲ ਖੋਲ੍ਹ ਕੇ ਗੱਲਾਂ ਕਰਦਾ ਰਿਹਾ।



Sri Satguru Jagjit Singh Ji eLibrary NamdhariElibrary@gmail.com

ਇਸ ਨੇ ਦਸਿਆ : ਮੈਂ ਆਪਣੀ ਚੇਅਰਮੈਨੀ ਦੇ ਸਮੇਂ 'ਵਾਹਿਗੁਰੂ' ਤੇ ਓਟ ਰਖ ਕੇ ਬੇਈਮਾਨੀਓਂ ਬਚਿਆ ਰਿਹਾ ਹਾਂ। ਇਕ ਮਿਲ ਮਾਲਕ ਮੈਨੂੰ ੨੦,੦੦੦ ਰੁਪਏ ਦੇਣ ਆਇਆ ਪਰ ਮੈਂ ਉਸਦੇ ਟੈਕਸ ਵਿਚ ਜਮਾ ਕਰਵਾ ਕੇ ਰਿਪੋਰਟ ਲਿਖ ਦਿਤੀ ਕਿ ਮੈਨੂੰ ਵੱਢੀ ਦਿੰਦਾ ਹੈ। ਉਹ ਹਰ ਸਾਲ ਇਸ ਢੰਗ ਨਾਲ ਸਰਕਾਰ ਦਾ ਡੇਢ ਲੱਖ ਰੁਪੈਆ ਮਾਰਦਾ ਸੀ। ਸਾਰੇ ਚੇਅਰਮੈਨ ਇਹ ਰਕਮ ਲੈਂਦੇ ਰਹੇ। ਪਾਪੀ ਬੇਈਮਾਨਾਂ ਦੀਆਂ ਮਿਹਰਬਾਨੀਆਂ ਤੋਂ ਤੰਗ ਪੈ ਕੇ ਮੈਂ ਇਹ ਪਦਵੀ ਹੀ ਛਡ ਦਿਤੀ। ਤੇਰਾ ਨਹੀਂ ਜਾਣੀ ਹੀ ਉਲਝੀ ਪਈ ਹੈ।

੩.੪੫ ਹੋਏ ਤਾਂ ਸ. ਟੌਹੜਾ ਨਾਲ ਮੁਲਾਕਾਤ ਦਾ ਸੋਕਾ ਖੁਟ ਗਿਆ। ਉਹ ਸਾਧੂਆਂ ਨਾਲ ਕੋਟ ਰਿਸ਼ਤਾ ਗੇਟ ਤਕ ਉਹਨਾਂ ਨੂੰ ਵਿਦਾ ਕਰਕੇ ਆਏ ਸੀ। ਦੋਵੇਂ ਪਰਸਪਰ ਝੁਕ ਕੇ ਮਿਲੇ। ਸ: ਟੌਹੜਾ ਦੇ ਕਾਲੀ ਪਗੜੀ, ਚਿਟੀ ਦਿਵਣੀ ਤੇ ਗੱਲ ਖੱਦਰ ਦਾ ਕੁਰਤਾ ਪਜਾਮਾ, ਕਾਲੀ ਜਲਸਾ ਪੈਰੀਂ। ਪ੍ਰੇਮ ਨਾਲ ਉਹ ਆਪਣੇ ਬੈਠਣ—ਕਮਰੇ ਵਿਚ ਲੈ ਗਏ ਜਿਥੇ ਕੂਲਰ ਤੇ ਪੱਖੇ ਨੇ ਸ਼ਾਂਤ-ਸੁਖਾਵਾਂ ਵਾਤਾਵਰਣ ਪੈਦਾ ਕਰ ਰਖਿਆ ਸੀ।

ਏਥੇ ਕੁਝ ਵਜ਼ੀਰ ਵੀ ਬੈਠੇ ਹੋਏ ਸਨ ਜਿਵੇਂ ਸ. ਜਣਧੀਰ ਸਿੰਘ ਚੀਮਾ, ਸ. ਆਤਮਾ ਸਿੰਘ ਸੁਲਤਾਨਪੁਰੀ, ਦਸ ਕੁ ਆਦਮੀ ਏਥੇ ਵੀ ਕਮ ਕਮ ਸੋਫਿਆਂ ਨੂੰ ਨਿਵਾਜ ਰਹੇ ਸਨ।

ਸ. ਟੌਹੜਾ ਪਾਸ ਮਹਾਰਾਜ ਜੀ ਬੈਠ ਗਏ, ਪਰੇ ਮੇਂਵ ਕੋਲ ਸ. ਹੰਸਪਾਲ ਜੀ ਬੈਠ ਗਏ ਅਤੇ ਹੌਲੀ ਹੌਲੀ ਗੱਲਾਂ ਹੋਣ ਲਗੀਆਂ। ਏਥੇ ਵੀ ਇਕ ਚਿੱਠੀ ਮਹਾਰਾਜ ਜੀ ਨੇ ਸ. ਟੌਹੜਾ ਨੂੰ ਫੜਾਈ। ਸ. ਟੌਹੜਾ ਨੇ ਐਨਕ ਲਾਕੇ, ਧਿਆਨ ਨਾਲ ਪੜ੍ਹੀ। ਉਸਦਾ ਪ੍ਰਭਾਵ ਪ੍ਰਸੰਸਾਤਮਕ ਸੀ। ਮਾ: ਨਿਹਾਲ ਸਿੰਘ ਹੁਰੀਂ ਵੀ ਇਹਨਾਂ ਦੇ ਨਜ਼ਦੀਕ ਸਨ। ੨੦ ਕੁ ਮਿੰਟ ਪਿਛੋਂ ਮਿਲਣੀ ਖ਼ਤਮ ਹੋਈ। ਅਤੇ ਟੌਹੜਾ ਸਾਹਿਬ ਸਾਨੂੰ ਬਾਹਰ ਛਡਣ ਵਾਸਤੇ ਆਏ।

ਜਦੋਂ ਅਸੀਂ ਕਾਰ ਵਿਚ ਬੈਠੇ ਤਾਂ ਮੈਂ ਮਹਾਰਾਜ ਜੀ ਨੂੰ ਮੁਲਾਕਾਤ ਦਾ ਸਾਰ ਪੁਛਿਆ ਉਨ੍ਹਾਂ ਕਿਹਾ : ਹੰਸਪਾਲ ਜੀ ਦਸਣਗੇ। ਫਿਰ ਆਪ ਹੀ ਸ਼ੁਰੂ ਕਰ ਦਿਤਾ। ਟੌਹੜਾ ਸਰਦਾਰ ਦੇ ਕਥਨ ਦਾ ਤੱਤ ਇਹ ਹੈ :

(੧) ਨਾਮਧਾਰੀਆਂ ਦੇ ਖਿਲਾਫ ਕੋਈ ਵੀ ਬਿਆਨ ਮੈਂ ਕਦੇ ਨਹੀਂ ਦਿਤਾ। ਜੇ ਲੱਭ ਕੇ ਲਿਆ ਦਿਓ ਤਾਂ ਤਰਦੀਦ ਕਰ ਦਿਆਂਗਾ।

(੨) ਸਾਰੇ ਸਿਖ ਪੰਥ ਵਿਚ ਨਾਮਧਾਰੀਆਂ ਦਾ ਸਤਿਕਾਰ ਹੈ। ਕੌਣ ਹੈ ਜੁ ਏਨੀ ਸ਼ੁਧ ਤੇ ਸਾਫ ਸਿਖੀ ਰਵਾਇਤਾ ਰਖਦਾ ਹੈ। ਤੁਹਾਡੇ ਬਾਰੇ ਕਿਸੇ ਕਿਸਮ ਦਾ ਕੋਈ ਅੰਦੋਲਨ ਕਿਸੇ ਸੋਚਿਆ ਤਕ ਨਹੀਂ।

(੩) ਜਿਨ੍ਹਾਂ ਭੈਣੀ ਸਾਹਿਬ ਜਾ ਕੇ ਦਖਲ ਦੇਣ ਦੀ ਕੋਸ਼ਿਸ਼ ਕੀਤੀ, ਉਨ੍ਹਾਂ ਗਲਤੀ ਕੀਤੀ।

(੪) ਅਖਬਾਰਾਂ ਨੂੰ ਤਾਂ ਅਜੇ ਵੀ ਕਹਿੰਦੇ ਹਾਂ ਪਰ ਹੁਣ ਫਿਰ ਕਹਾਂਗਾ ਕਿ ਨਾਮਧਾਰੀਆਂ ਵਿਰੁਧ ਬੇਬੁਨਿਆਦ ਗੱਲਾਂ ਨਾ ਉਛਾਲਣ।

(੫) ਅਸੀਂ ਸੰਪਰਦਾਇਕ ਏਕਤਾ ਦੇ ਹਾਮੀ ਹਾਂ। ਸਗੋਂ ਰਾਧਾ ਸੁਆਮੀਆਂ ਦੇ ਖਿਲਾਫ ਵੀ ਕੋਈ ਗੱਲ ਕਰਨ ਦੇ ਹੱਕ ਵਿਚ ਨਹੀਂ।

ਅਸੀਂ ਸਾਰੇ ਹੀ ਬੜੇ ਖੁਸ਼ ਸਮੇਤ ਸ੍ਰੀ ਦਰਸ਼ਨ ਸਿੰਘ ਸਪੁਤਰ ਸੰਤ ਮੰਗਲ ਸਿੰਘ ਦੇ ੯ ਵਜਦੇ ਨੂੰ ਭੈਣੀ ਸਾਹਿਬ ਆ ਗਏ। ਪਰ ਬਿਨਾ ਸਤਿਗੁਰੂ ਜੀ ਤੋਂ ਜੀਅ ਕਿਵੇਂ ਲਗੇ।

ਪਤਾ ਇਹ ਲਗਾ ਕਿ ਪਿਛਲੇ ਦਿਨੀਂ ਮੋਟਰ ਹਾਦਸੇ ਦਾ ਸ਼ਿਕਾਰ ਹੋ ਕੇ ਚੜ੍ਹਾਈ ਕਰ ਗਏ ਡਾ: ਵਿਰਸਾ ਸਿੰਘ ਜੀਆ ਖੱਤਾ, ਜਿਹੜਾ ਟਿਊਬਵੈਲ ਤੇ ਰਿਹਾਇਸ਼ੀ ਸੀ, ਦਾ ਭੋਗ ਪਾਠ ਇਕ ਜੀਵਨ ਨਗਰ ਇਲਾਕੇ ਵਿਚ ਸਵੇਰੇ ਹੀ ਚਲੇ ਗਏ ਸਨ ਤੇ ਸ਼ਾਮ ਨੂੰ ਘਰ ਆਕੇ ਬਿਰਾਜਣ ਦਾ ਬਚਨ ਕਰ ਗਏ ਹਨ। ਆਪ ਜੀ ਦੀ ਸੇਵਾ ਵਿਚ ਗੁਰਮੁਖ ਸਿੰਘ ਡਰਾਈਵਰ, ਸੰਤ ਪੂਰਨਾ ਤੇ ਸੰਤ ਕਿਰਪਾਲ ਸਿੰਘ ਸ਼ਬਦ ਗਏ ਹਨ।

## ੧੪ ਜੁਲਾਈ ੧੯੭੮ ਸ਼ੁਕਰਵਾਰ
## ਸ੍ਰੀ ਭੈਣੀ ਸਾਹਿਬ

ਸਪੀਕਰ ਦੁਆਰਾ ਆਸਾ ਦੀ ਵਾਰ ਸੁਣਦਿਆਂ "ਸਾਈ ਅਲਖ ਅਪਾਰ ਭੋਰੀ ਮਨ ਵਸੈ" ਸ਼ਬਦ ਵਿਚ ਉਤੇਜਿਤੀ ਤ੍ਰਿੰਨ ਤਿਹਾਈਆਂ ਲਗੀਆਂ ਤਾਂ ਸਤਿਗੁਰੂ ਜੀ ਦੀ ਆਸਾ ਦੀ ਵਾਰ ਵਿਚ ਆਮਦ ਹੋਣੀ ਲਗੀ। ਮੇਰੇ ਜਾਣ ਤਕ 'ਅਨੰਦ' ਪੜ੍ਹਿਆ ਜਾ ਰਿਹਾ ਸੀ।



Sri Satguru Jagjit Singh Ji eLibrary NamdhariElibrary@gmail.com

## ਅਹਿਮ ਮੀਟਿੰਗ

ਵਾਰ ਤੋਂ ਅੱਧੇ ਘੰਟੇ ਬਾਦ, ਅਰਥਾਤ ੬ ਵਜੇ, ਗੁਲਾਬੀ ਰੰਗੇ, ਸੁਸਜਿੱਤ ਮੰਜੇ ਪਾਸ ਦੋ ਸਫਾਂ ਉਤੇ ਕੁਝ ਪ੍ਰਤਿਸ਼ਟਤ ਸੱਜਣ ਹਜ਼ੂਰੀ ਵਿਚ ਬੈਠੇ ਹੋਏ ਸਨ। ਮੈਂ ਵਲਾ ਕੇ ਲੰਘ ਗਿਆ।

ਬੇਬੇ ਦਲੀਪ ਕੌਰ ਜੀ ਹੋਰ ਬੀਬੀਆਂ ਨਾਲ ਕੋਠੀ ਬੁਹਾਰਦੇ ਕਿਸ ਪ੍ਰੇਮ ਨਾਲ ਗਮਲਿਆਂ ਦੇ ਮੁੰਢਾਂ ਵਿਚੋਂ ਸੁੱਕੇ ਪੱਤਰ ਚੁਣਨ ਲਗੇ।

੭ ਵਜੇ ਤਕ ਮੈਂ ਆਓ ਭਗਤ ਵਾਲਿਆਂ ਕੋਲ ਪੁੱਜ ਗਿਆ ਏਥੇ ਸੇਠ ਕਿਰਪਾਲ ਸਿੰਘ ਡਾ: ਜੀ: ਦੇ ਦੋਵੇਂ ਲੜਕੇ ਸ. ਪਵਿੱਤਰ ਸਿੰਘ ਤੇ ਸ. ਬਰਿੱਤਰ ਸਿੰਘ ਪ੍ਰਸ਼ਾਦ ਛਕ ਰਹੇ ਸਨ। ਦਰਿਆਫਤ ਕਰਨ ਤੇ ਉਨ੍ਹਾਂ ਦਸਿਆ ਕਿ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਹੁਣੇ ਇਕ ਮੀਟਿੰਗ ਖਤਮ ਹੋਈ ਹੈ ਤੇ ਸ. ਹਰਵਿੰਦਰ ਸਿੰਘ ਸ: ਸੁਰਿੰਦਰ ਸਿੰਘ ਮਨਚੰਦਾ ਅਤੇ ਸ. ਸੇਵਾ ਸਿੰਘ ਜੀ ਨਾਮਧਾਰੀ ਏਜੰਸੀਜ਼ ਅਜੇ ਸਤਿਗੁਰੂ ਜੀ ਦੇ ਪਾਸ ਹੀ ਬੈਠੇ ਹੋਏ ਹਨ।

## ਉਸਾਰੀ ਕਦੋਂ ?

ਵਡੇ ਲੰਗਰ ਵਲ ਗਿਆ ਤਾਂ ਸ. ਨਿਰਮਲ ਸਿੰਘ ਇੰਜਨੀਅਰ, ਸੂਬਾ ਦਰਿਆਮ ਸਿੰਘ (ਮਾਲ ਸੂਬਾ) ਅਤੇ ਸ. ਨਿਰੰਜਨ ਸਿੰਘ ਗਹੌਰ ਮਾਤਾ ਜੀ ਦੀ ਇੰਤਜ਼ਾਰ ਵਿਚ ਖਲੋਤੇ ਮਿਲੇ। ਮੈਂ ਸ. ਨਿਰਮਲ ਸਿੰਘ ਨੂੰ ਪੁਛਿਆ: ਸਿਮ੍ਰਤੀ ਮੰਦਰ ਦੀ ਉਸਾਰੀ ਰੁਕੀ ਕਿਉਂ ਪਈ ਹੈ ? ਕਹਿਣ ਲਗੇ: ਜਦੋਂ ਹੁਕਮ ਹੋਵੇ ਸ਼ੁਰੂ ਕਰ ਦੇਈਦੀ ਹੈ, ਹੁਕਮ ਹੋਵੇ ਤਾਂ ਬੰਦ! ਹੁਣ ਫਿਰ ਆਗਿਆ ਹੋ ਗਈ ਹੈ, ਜਿਉਂ ਹੀ ਕੰਮ ਕਰਨ ਵਾਲੇ ਆਦਮੀ ਲਭ ਪਏ ਉਸਾਰੀ ਸ਼ੁਰੂ ਹੋ ਜਾਵੇਗੀ।

## ੪ ਏਕੜ ਸਫੈਦਾ

ਸਤਿਗੁਰੂ ਜੀ ਨੇ ਉਸ ਦਿਨ ਲਹਿਰ ਤੋਂ ਮੇਰੇ ਨਾਲ ਬਚਨ ਕਰਦਿਆਂ ਇਰਾਦਾ ਪਰਗਟ ਕੀਤਾ ਸੀ ਕਿ ਉਹ ੪ ਏਕੜ ਵਿਚ ਏਥੇ ਸਫੈਦਾ ਲਆਣਾ ਚਾਹੁੰਦੇ ਹਨ। ਫਾਰੇਸਟ ਵਾਲੇ ਦਸਦੇ ਹਨ ਕਿ ਇਕ ਏਕੜ ਵਿਚ ੩੭੫ ਬੂਟੇ ਲਗਣੇ ਚਾਹੀਦੇ ਹਨ, ਮੈਂ ੪੭੫ ਲਾਵਾਂ, ਦੂਜੀ ਪਾਣੀ ਦਾ ਮੁਨਾਸਬ ਪ੍ਰਬੰਧ ਕਰਕੇ ਪੂਰੀ ਬਿਰਛ ਓਨੀ ਹੀ ਪੈਦਾਵਾਰ ਕਰਨਾ ਚਾਹੁੰਦਾ ਹਾਂ ਜਿੰਨੀ ਪ੍ਰਤੀਸ਼ਤ ਫਾਰੇਸਟ ਵਾਲੇ ਲੈਣ।

ਸਾਰਾ ਫੋਰ ਉਤੇ ਸ: ਮਨਚੰਦਾ ਅਤੇ ਧੰਨਪਾਲ ਨਾਲ ਮੈਂ ੩.੧੫ ਵਜੇ ਤਕ ਘਰ, ਦਿੱਲੀ, ਪਹੁੰਚ ਗਿਆ। ਰਾਹ ਵਿਚ ਗਲਬਾਤ ਵਿਸ਼ਾ ਸਮਾਜਕ ਉੱਨਤੀ-ਅਵੁੱਨਤੀ ਦੇ ਕਾਰਨ ਸਨ।

## ਸਤਿਗੁਰਾਂ ਦੇ ਬੀਤੇ ਕੁਝ ਦਿਨ

ਸ੍ਰੀ ਸਤਿਗੁਰੂ ਜੀ ਦੇ ਪਿਛਲੇ ਦੌਰੇ ਬਾਰੇ ਕੁਝ ਵੇਰਵਾ ਸੰਤ ਭਟਸੇਮ ਸਿੰਘ ਨਿਜੀ ਸਕੱਤਰ ਸ੍ਰੀ ਸਤਿਗੁਰੂ ਜੀ ਨੇ ਦਿਤਾ ਸੀ, ਉਸਦਾ ਸੰਖੇਪ ਇਸ ਤਰ੍ਹਾਂ ਹੈ:

—੧-੬-੭੮ ਨੂੰ ਸ਼ਾਮੀਂ ੯.੪੦ ਤੇ ਸ੍ਰੀ ਸਤਿਗੁਰੂ ਜੀ ਸ਼ਾਹਜਹਾਨ (ਯੂ.ਪੀ.) ਵਾਸਤੇ ਰੇਲ ਤੇ ਚੜ੍ਹੇ। ਆਪ ਜੀ ਦੀ ਤਾਬਿਆ ਵਿਚ ਨਾਲ ਗਏ—ਸੰਤ ਮਹਿੰਦਰ ਸਿੰਘ ਪੁਰਖਾ, ਸ. ਅਵਤਾਰ ਸਿੰਘ ਝੱਬਰ ਅਤੇ ਸ. ਇੰਦਰ ਸਿੰਘ ਚੀਫ।

—੨-੬-੭੮, ਸਵੇਰੇ ੫-੩੦ ਵਜੇ ਸ਼ਾਹ ਜਹਾਨਪੁਰੋਂ ਉਨਾਂ ਏਸੇ ਸ਼ਹਿਰ ਸ. ਗੁਲਾਬ ਸਿੰਘ ਨਾਮਧਾਰੀ ਘਰੋਂ ਜਲਪਾਨ ਕੀਤਾ ਅਤੇ ੮ ਵਜੇ ਦਿਨੇ ਨਾਮਧਾਰੀ ਫਾਰਮ ਗੋਲਾ ਗੋ ਕਰਨ ਨਾਥ ਪਹੁੰਚੇ, ਲੰਗਰ ਛਕ, ਨਾਮਸਿਮਰਨ (ਸਮੂਹਕ) ਕਰ, ਰਾਤ ਨੂੰ ਵਾਪਸ ਸ਼ਾਹਜਹਾਨਪੁਰ ਪਹੁੰਚੇ।

—੩-੬-੭੮, ਆਸਾ ਦੀ ਵਾਰ, ਲੰਗਰ ਅਤੇ ਦੁਪਹਿਰੇ ਨਾਮ ਸਿਮਰਨ ਸ. ਗੁਲਾਬ ਸਿੰਘ ਦੇ ਘਰ ਕਰਕੇ ਰਾਤੀਂ ਫਿਰ ਨਾਮਧਾਰੀ ਫਾਰਮਜ਼ ਵਿਚ ਜਾ ਰਹੇ।

—੪-੬-੭੮, ਆਸਾ ਦੀ ਵਾਰ ਫਾਰਮ ਵਿਚ ਹੀ ਸੁਣ, ਕਾਰ ਦੁਆਰਾ ਨੈਨੀਤਾਲ : ਸ. ਸੁਰਜੀਤ ਸਿੰਘ ਯੂ. ਕੇ. ਕਾਰ ਡਰਾਈਵਰ ਕਰਕੇ ਲੈ ਗਿਆ ਨਾਲ ਸਨ: ਮਾਤਾ ਜੀ, ਠਾਕੁਰ ਉਦੈ ਸਿੰਘ, ਸੰਤ ਪ੍ਰਦਵਾ ਤੇ ਨਿੱਜੀ ਸਕੱਤਰ। ਕ੍ਰਿਸ਼ਨਾ ਹੋਟਲ ਵਿਚ ਨਿਵਾਸ ਅਤੇ ਲੰਗਰ ਆਪਣਾ।

—੫-੬-੭੮, ਨੈਨੀਤਾਲੋਂ ੩.੩੫ ਤੇ ਚਲ ੯.੪੫ ਤੇ ਨਾਮਧਾਰੀ ਫਾਰਮਜ਼ ਗੋਲਾ ਵਿਖੇ। ਸਾਰਾ ਦਿਨ ਏਥੇ ਨਿਵਾਸ।

—੬-੬-੭੮, ਸਾਰਾ ਦਿਨ ਫਾਰਮ ਵਿਚ ਬਤੀਤ ਕੀਤਾ, ਸ਼ਾਮੀ ੪.੪੫ ਵਜੇ ਖੁੱਚੂਆ ਫਾਰਮ ਵਿਖੇ ਸੰਤ ਪਿਆਰਾ ਸਿੰਘ ਝਬਰ ਦੇ ਘਰ ਕੀਰਤਨ ਬਾਅਦ ਫਿਰ ਨਾਮਧਾਰੀ ਫਾਰਮ ਤੇ।



Sri Satguru Jagjit Singh Ji eLibrary NamdhariElibrary@gmail.com

—੭-੬-੭੮, ਕੁੰਦੂਆ ਫਾਰਮ ਤੇ ਜਾ ਕੇ ਆਸਾ ਦੀ ਵਾਰ ਦਾ ਕੀਰਤਨ, ਪਾਠ ਦਾ ਭੋਗ, ਲੰਗਰ ਅਤੇ ਸਮੂਹਕ ਨਾਮ ਸਿਮਰਨ ਉਪਰੰਤ ਰਾਤ ਨਾਮਧਾਰੀ ਫਾਰਮਜ਼ ਤੇ।

—੮-੬-੭੮, ਆਸਾ ਦੀ ਵਾਰ, ਲੰਗਰ, ਸਮੂਹਕ ਨਾਮ ਸਿਮਰਨ ਕਰਕੇ ਰਾਤ ਲਖਨਊ ਜਾ ਬਿਰਾਜੇ।

—੮-੬-੭੮ ਤੋਂ ਨਾਮਧਾਰੀ ਫਾਰਮਜ਼, ਗੋਲਾ ਗੋਕਰਨ ਨਾਥ, ਯੂ. ਪੀ. ਵਿਖੇ ਸ਼ਾਮ ਨੂੰ ਰੋਜ਼ਾਨਾ ਇਕ ਵਰਨੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ ਜਾਰੀ ਕੀਤੀ ਗਈ, ਸਤਿਗੁਰੂ ਜੀ ਦੇ ਆਦੇਸ਼ ਨਾਲ ਸੀ।



ਭਾਪਾ ਪ੍ਰੀਤਮ ਸਿੰਘ
'ਨਵਯੁਗ'

### ੧੫ ਜੁਲਾਈ ੧੯੭੮ ਸ਼ਨੀਵਾਰ
### ਨਵੀਂ ਦਿੱਲੀ

ਮੇਰੀ ਛੋਟੀ, ਵਿਆਹੁਤ ਲੜਕੀ ਇੰਦੂ ਦਾ ਜੇਠ ਸ. ਸਾਧੂ ਸਿੰਘ ਕੁਵੈਤੀ ਤੋਂ ਦੀਵਾਨਾਂ ਏਅਰਵੇਜ਼ ਤੇ ਆ ਰਿਹਾ ਸੀ। ਮੈਂ ਅਤੇ ਮੇਰੀ ਪਤਨੀ ਉਹਦੀ ਅਗਵਾਨੀ ਲਈ ਗਏ, ਪਰ ਜਹਾਜ਼ ਦੇ ਕਾਫ਼ੀ ਲੇਟ ਹੋਣ ਤੇ ਅਸੀਂ ਸ. ਮਨਚੰਦਾ ਨੂੰ ਆ ਮਿਲੇ। ਇਸ ਨੇ ਦਸਿਆ: ਸੇਠ ਤ੍ਰਿਲੋਕ ਸਿੰਘ ਪੁਰੀ ਬੈਂਕਾਕ ਆ ਗਏ ਹਨ। ਸਤਿਗੁਰੂ ਜੀ ਨੇ ਕਲ੍ਹ ਐਤਵਾਰ ਸਾਨੂੰ ਸ੍ਰੀ ਭੈਣੀ ਸਾਹਿਬ ਬੁਲਾਇਆ ਹੈ। ਅਸੀਂ ਕਲ੍ਹ ਜਾ ਰਹੇ ਹਾਂ, ਸੇਠ ਜੀ, ਹੰਸਪਾਲ ਜੀ, ਸ. ਸੇਵਾ ਸਿੰਘ ਜੀ ਅਤੇ ਮੈਂ।

ਮਨਚੰਦਾ ਨੇ ਦਸਿਆ ਕਿ ਸ. ਬਚਿੱਤਰ ਸਿੰਘ ਨੂੰ ਵੀ ਬੁਲਾਇਆ ਗਿਆ ਹੈ। ਸੰਨ ਜੀ ਉਸ ਨੂੰ ਫੋਨ ਕਰਨਗੇ। ਜਾਪਦਾ ਹੈ ਨਾਮਧਾਰੀ ਸ਼ਾਪਿੰਗ ਸੈਂਟਰ ਬਾਰੇ ਹੀ ਮੀਟਿੰਗ ਹੋਵੇਗੀ।

### ੧੮ ਜੂਨ ੧੯੭੮ ਮੰਗਲਵਾਰ
### ਨਵੀਂ ਦਿੱਲੀ

ਸ. ਹੰਸਪਾਲ ਤੋਂ ਏਨਾ ਪਤਾ ਲਗਾ ਕਿ ਭੈਣੀ ਸਾਹਿਬ ਗਿਆ ਸਾਰਾ ਜਥਾ ਕਲ੍ਹ ਦਿੱਲੀ ਪਰਤ ਆਇਆ। ਸ਼ਾਪਿੰਗ ਸੈਂਟਰ ਦਾ ਮਸਲਾ ਗੰਭੀਰਤਾ ਫੜ ਗਿਆ ਹੈ। ਸਤਿਗੁਰੂ ਜੀ ੨੨-੭-੭੮ ਨੂੰ ਦਿੱਲੀ ਵਿਖੇ ਦਰਸ਼ਨ ਦੇ ਰਹੇ ਹਨ।

੯.੩੦ ਵਜੇ ਤਕ ਸੰਤ ਤਰਲੋਕ ਸਿੰਘ ਆਰੇ ਵਾਲਾ ਹੰਸਪਾਲ ਘਰ ਹੀ ਮਿਲਿਆ, ਉਸ ਨੇ ਦਸਿਆ ਕਿ ਉਹਦਾ ਪੁੱਤਰ ਕੁਆਰ ਗਿਆ ਸੀ, ਦੋ ਮਹੀਨੇ ਬਾਅਦ ਹੀ ਕਲ ਪਰਸੋਂ ਪਰਤਿਆ ਹੈ।

## ਭਾਪਾ ਪ੍ਰੀਤਮ ਸਿੰਘ

ਅੱਜ ਪਾਠਕ ਛਪਾਈ ਦੀ ਕੁਝ ਰਕਮ ਭਾਪਾ ਪ੍ਰੀਤਮ ਸਿੰਘ ਨਵਯੁਗ ਵਾਲਿਆਂ ਨੂੰ ਦੇਣੀ ਸੀ। ਮਿਲੇ ਤਾਂ ਗੱਲਬਾਤ ਵਿਚ ਉਨ੍ਹਾਂ ਇਹ ਵੀ ਕਿਹਾ: ਨਾਮਧਾਰੀਆਂ ਨੇ ਗੁਰੂ ਅਤੇ ਸਿੱਖਾਂ ਵਾਲੀ ਪਰੰਪਰਾ ਕਾਇਮ ਰਖੀ ਹੈ। ਦੂਜੇ ਸਿਖ ਤਾਂ ਗੁਰਦੁਆਰਿਆਂ ਤੇ ਕਬਜ਼ਿਆਂ ਲਈ ਹੀ ਲੜਦੇ ਰਹਿੰਦੇ ਹਨ।

ਭਾਪਾ ਜੀ ਨੇ ਸਪੱਸ਼ਟ ਕਿਹਾ: ਨਾਮਧਾਰੀ ਦੀਵਾਨ ਦਾ ਜਿਸ ਵਿਚ ਇਸਤਰੀ ਪੁਰਸ਼ ਸਫ਼ੈਦ ਕਪੜੇ ਪਹਿਨੀਂ ਬੈਠੇ ਹੁੰਦੇ ਹਨ, ਦਰਸ਼ਕ ਤੇ ਵਿਸ਼ੇਸ਼ ਪ੍ਰਭਾਵ ਪੈਂਦਾ ਹੈ। ਮੈਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਢੰਗ ਨੂੰ ਵੀ ਐਪ੍ਰੀਸ਼ੀਏਟ (ਪ੍ਰਸ਼ੰਸਾ) ਕਰਦਾ ਹਾਂ। ਮੇਰੇ ਹੁੰਦਿਆਂ, ਇਕ ਦਿਨ, ਇਕ ਨਾਮਧਾਰੀ ਸੱਜਣ ਸਤਿਗੁਰਾਂ ਪਾਸ ਆਇਆ, ਜਿਸ ਨੇ ਦਾੜ੍ਹੀ ਬੱਧੀ ਹੋਈ ਸੀ, ਪਿਆਰ ਨਾਲ ਹੀ, ਉਸ ਪਾਸ ਜਾ ਕੇ ਬੋਲਿਓਂ ਉਂਗਲੀ ਦੀ ਅਗੇਸ ਤੇ ਉਹਦੀ ਦਾੜ੍ਹੀ ਖੋਲ੍ਹ ਦਿਤੀ। ਫੇਰ, ਉਸਨੇ ਪ੍ਰਣ ਕਰ ਲਿਆ ਕਿ ਅਗੋਂ ਤੋਂ ਦਾੜ੍ਹੀ ਨਹੀਂ ਬੰਨ੍ਹੇਗਾ।

ਭਾਪਾ ਜੀ ਨੇ ਹਿੰਦੀ ਵਿਚ "ਭੈਣੀ ਸਾਹਿਬ" ਅਤੇ ਫੋਲਡਰ ਛਾਪ ਕੇ ਉਸਦੀਆਂ ੨੦-੨੦ ਕਾਪੀਆਂ ਹੀ ਅਜੇ ਸੈਨੂੰ ਦਿਤੀਆਂ ਹਨ। ਨਾਮਧਾਰੀ ਗੁਟਕੇ ਦੀ ਭੂਮਿਕਾ ਵੀ ਇਹਨਾਂ ਪਾਸ ਕੰਪੋਜ਼ ਹੋ ਰਹੀ ਹੈ।

ਨਾਮਧਾਰੀ ਪਰਿਵਾਰ ਦਾ ਹੀ ਇਕ ਉੱਤਮ ਕਹਾਣੀ ਲੇਖਕ ਤੇ ਮੇਰੇ ਮਿੱਤਰ ਸ: ਬੂਟਾ ਸਿੰਘ ਦਾ ਨਵਾਂ ਛਪਿਆ ਨਾਵਲ ਭਾਪਾ ਜੀ ਨੇ ਮੇਰੇ ਆਦਰ ਵਿਚ ਦਿਤਾ। ਡਾ:



Sri Satguru Jagjit Singh Ji eLibrary NamdhariElibrary@gmail.com

ਹਰਿਭਜਨ ਸਿੰਘ ਅਤੇ ਕਾਮਰੇਡ ਸੋਹਣ ਸਿੰਘ ਜੋਸ਼ ਨੇ ਇਸਦੇ ਮੂਲ ਸ਼ਬਦ ਲਿਖੇ ਹਨ

## ੨੨ ਜੁਲਾਈ ੧੯੭੮, ਸ਼ਨੀਵਾਰ
## ਨਵੀਂ ਦਿੱਲੀ

ਪਿਛਲੇ ੩-੪ ਦਿਨਾਂ ਤੋਂ ਨਾਮਧਾਰੀਆਂ ਵਿਚ ਖ਼ਾਸ ਉਤਸ਼ਾਹ ਪਾਇਆ ਜਾ ਰਿਹਾ ਸੀ ਕਿਉਂਕਿ ਅੱਜ ਦੇ ਦਿਨ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਦਿੱਲੀ ਵਾਲਿਆਂ ਨੂੰ ਹੋਣੇ ਸਨ।

ਮੈਂ ਅਤੇ ਮੇਰੀ ਪਤਨੀ ਗੁਰਬਚਨ ਕੌਰ ੧੦ ਵਜੇ ਸਵੇਰੇ ਪੂਸਾ ਰੋਡ ਸਟਾਪਜ ਤੇ ਉਤਰੇ ਤਾਂ ਸਾਹਮਣੇ ੧-੬B ਕੋਠੀ ਵਿਚ ਖ਼ਾਸੀ ਰੌਣਕ ਨਜ਼ਰ ਆਈ। ਸਤਿਗੁਰੂ ਜੀ ਦੀ ਕਾਰ ਦਾ ਡਰਾਈਵਰ ਗੁਰਮੁਖ ਸਿੰਘ ਮਿਲਿਆ ਤਾਂ ਉਸ ਦੱਸਿਆ ਕਿ ਸੱਚੇ ਪਾਤਸ਼ਾਹ ੯ ਵਜੇ ਦੇ ਹੀ ਦਿੱਲੀ ਪਧਾਰੇ ਹੋਏ ਹਨ।

ਜਦੋਂ ਮੈਂ ਉਤਲੀ ਛੱਤੇ ਗਿਆ ਤਾਂ ਨਾਲ ਦੇ ਕਮਰਿਓਂ ਨਿਕਲ ਸਤਿਗੁਰੂ ਜੀ ਬਾਹਰ ਵਿਛੇ ਹੋਏ ਖ਼ਿਮਤਰੇ ਉੱਤੇ ਆ ਵਿਰਾਜੇ। ਕੋਲ ਮਾਤਾ ਜੀ ਵੀ ਫ਼ਰਸ਼ ਤੇ ਬੈਠੇ ਹੋਏ ਸਨ। ਸਤਿਗੁਰਾਂ ਮਾਤਾ ਜੀ ਨੂੰ ਸੰਬੋਧਨ ਕਰਕੇ ਫ਼ਰਮਾਇਆ: ਇਹ ਬੀਬੀ ਕਵੀ ਹੁਰਾਂ ਦੇ ਘਰੋਂ ਹੈ। ਮੈਂ ਕਿਹਾ ਤੁਹਾਨੂੰ ਸੇਵਣ ਵਿਚ ਦੇਰ ਹੋ ਜਾਵੇਗੀ। ਮੇਰੀ ਪਤਨੀ ਦੀ ਨਮਸਕਾਰ ਪਰਵਾਨ ਕਰ ਮੈਨੂੰ ਮਾਣ ਦਿਤਾ: ਮੈਂ ਫ਼ਿਕਰ ਵਿਚ ਸੋਚੀਂ ਆ ਰਿਹਾ ਸਾਂ ਕਿ ਕਵੀ ਹੁਰਾਂ ਨਾਲ ਕਿਹੜੀ ਕਿਹੜੀ ਗੱਲ ਕਰਨੀ ਹੈ।

### ਦੁਖਦਾਈ ਖ਼ਬਰ

ਅਤੇ ਜਿਹੜੀ ਗੱਲ ਸਤਿਗੁਰਾਂ ਨੇ ਦੱਸੀ ਉਸ ਮੈਨੂੰ ਜੜ੍ਹਾਂ ਤਕ ਹਿਲਾ ਦਿਤਾ। ਸਤਿਗੁਰਾਂ ਬਚਨ ਕੀਤਾ: ਬਲੀ ਸਿੰਘ ਡੇਹਰੀ ਸਾਹਿਬ ਆਇਆ ਸੀ, ਉਸਨੇ ਦਸਿਆ ਹੈ ਕਿ ਸੰਤ ਤਰਨ ਸਿੰਘ ਜੀ ਵਹਿਮੀ ੧੯ ਜੁਲਾਈ ਨੂੰ ੧੦ ਵਜੇ ਗੁਜ਼ਰ ਗਏ ਹਨ। ਮੈਂ ਆਖਿਆ: ਉਹਨਾਂ ਦਾ ਗੁਜ਼ਰਨਾ ਸਮਾਜ ਲਈ ਬੜਾ ਵੱਡਾ ਧੱਕਾ ਹੈ। ਪਰ ਚੰਗਾ ਇਹ ਹੋਇਆ ਕਿ ਮੈਂ ਉਨ੍ਹਾਂ ਨੂੰ ਪਿਛਲੇ ਮਹੀਨੇ ਹੀ ਜਾ ਕੇ ਮਿਲ ਆਇਆ ਹਾਂ। ਉਹ ਬਹੁਤ ਖ਼ੁਸ਼ ਹੋਏ। ਮੈਂ ਉਹਨਾਂ ਨੂੰ ਮਾਤਾ ਭੁਪਿੰਦਰ ਕੌਰ ਜੀ ਦਾ ਜੀਵਨ ਸੁਣਾਕੇ ਆਖਿਆ ਸੀ—ਤੁਹਾਡੀ ਮਿਹਨਤ ਤੁਹਾਡੇ ਮਗਰੋਂ ਦੂਜਿਆਂ ਦੇ ਕੰਮ ਆਵੇਗੀ। ਉਹ ਵੈਰਾਗ ਨਾਲ ਰੋ ਹੀ ਪਏ।

ਸਤਿਗੁਰੂ ਜੀ ਨੇ ਦੱਸਿਆ: ਗਾਲ੍ਹਬਨ ੪ ਅਗਸਤ ਨੂੰ



ਸੰਤ ਤਰਨ ਸਿੰਘ ਵਹਿਮੀ

ਉਨ੍ਹਾਂ ਦਾ ਭੋਗ ਪਾਇਆ ਜਾਣਾ ਹੈ। ਇਸ ਦਿਨ ਉਹ ਆਪਣੀ ਮਾਤਾ ਜੀ ਦੀ ਯਾਦ ਵਿਚ ਸਾਧਾਰਨ ਪਾਠ ਦਾ ਭੋਗ ਪੁਆਇਆ ਕਰਦੇ ਸਨ।

### ਕਰਨ ਵਾਲੀ ਗੱਲ

ਦੂਜੀ ਗੱਲ ਆਪ ਜੀ ਨੇ ਦੱਸੀ ਕਿ ਕਿਸੇ ਤਰ੍ਹਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਟੇਪ ਰੀਕਾਰਡਡ ਭਾਸ਼ਣਾਂ ਦੀ ਇਕ ਲਿਪਤੀ ਕਾਪੀ ਤਿਆਰ ਹੋਵੇ ਅਤੇ ਜਿਨ੍ਹਾਂ ਜਿਨ੍ਹਾਂ ਦੇ ਸੰਦਰਭ ਵਿਚ ਆਪ ਜੀ ਨੇ ਜ਼ਿਕਰ ਕੀਤਾ ਹੈ, ਉਨ੍ਹਾਂ ਦੀਆਂ ਫ਼ੋਟੋ ਲੈ ਲਈਆਂ ਜਾਣ ਤੇ ਉਹਨਾਂ ਦੇ ਬਿਆਨ ਵੀ ਕਲਮਬੰਦ ਕੀਤੇ ਜਾਣ। ਪਰ ਇਸ ਗੱਲ ਤੇ ਮਹਾਰਾਜ ਹੀ ਖ਼ਰਚ ਕਰਾਵਣ ਤਾਂ ਠੀਕ ਰਹੇਗਾ।

ਤੀਜੀ ਗੱਲ ਜਥੇਦਾਰ ਹਰਨਾਮ ਸਿੰਘ ਦਲੇਰ ਬਾਰੇ ਇਕ ਘਟਨਾ ਉਸਨੂੰ ਮਿਲਕੇ ਨੋਟ ਕਰਨੀ ਹੈ।

ਸਤਿਗੁਰੂ ਜੀ ਦੇ ਬਚਨ ਕਰਦਿਆਂ ਹੀ ਸ: ਅਮਰ ਸਿੰਘ ਚਾਂਦ ਨਗਰ ਦਾ ਲੜਕਾ ਭੁਪਿੰਦਰ ਸਿੰਘ ਆਪਣੀ



Sri Satguru Jagjit Singh Ji eLibrary NamdhariElibrary@gmail.com

ਸੁਪਤਨੀ ਨਾਲ ਦਰਸ਼ਨ ਕਰਨ ਆ ਗਿਆ। ਪ ਕੁ ਮਿੰਟ ਦਰਸ਼ਨ ਕਰਕੇ ਚਲਾ ਗਿਆ।

ਸਤਿਗੁਰੂ ਜੀ ਨੇ ਦਸਿਆ ਕਿ ਇਹਨੀਂ ਦਿਨੀਂ ਇਕ ਸੂਬਾ ਸਾਹਿਬ ਕਾਰਨ ਮੈਨੂੰ ਦੋ ਅਣਚਾਹੇ ਵਿਅਕਤੀਆਂ ਕੋਲ ਬੋਲਣਾ ਪਿਆ। ਆਪਣੇ ਸੂਬੇ ਦਾ ਹੀ ਮੇਰੇ ਦੁਆਰਾ ਨਿਰਾਦਰ ਹੋ ਜਾਂਦਾ ਜੇ ਮੈਂ ਉਹਨਾਂ ਦੇ ਆਇਆਂ ਬੇਧਿਆਨੀ ਦਰਸਾਕੇ ਤੁਰ ਜਾਂਦਾ।

## ਚੰਗੇ ਚੰਗੇ ਲਗਣਾ

ਸਤਿਗੁਰੂ ਜੀ ਅੱਜ ਮੈਨੂੰ ਸਿਹਤ ਵਲੋਂ ਚੰਗੇ-ਚੰਗੇ ਲਗੇ। ਮੈਂ ਤੁਰਤ ਕਹਿ ਦਿਤਾ: ਅੱਜ ਤਾਂ ਆਪ ਦਾ ਚਿਹਰਾ ਦਮਕਦਾ ਪ੍ਰਤੀਤ ਹੁੰਦਾ ਹੈ। ਸਿਹਤ ਬਹੁਤ ਠੀਕ ਲਗਦੀ ਹੈ। ਆਪ ਜੀ ਨੇ ਇਕ ਕੋਲ ਬੈਠੇ ਵਿਅਕਤੀ ਵਲ ਇਸ਼ਾਰਾ ਕਰਕੇ ਆਖਿਆ: ਅਗੇ ਮੈਨੂੰ ਬੀਬੀ ਜੀ (ਬੀਬੀ ਦਲੀਪ ਕੌਰ) ਤੇ ਗੁਲਜ਼ਾਰ ਸਿੰਘ ਨੇ ਵੀ ਮੇਰੀ ਚੰਗੀ ਸਿਹਤ ਬਾਰੇ ਆਖਿਆ ਸੀ ਪਰ ਮੈਨੂੰ ਅਜੇ ਇਹਨਾਂ ਨਹੀਂ ਕਿਹਾ!

ਇਹ ਸੁਣਦਿਆਂ ਹੀ ਮੈਂ ਇਕ ਆਪ ਬੀਤੀ ਸੁਣਾਈ:

੪੦ ਸਾਲ ਪਹਿਲਾਂ ਦਾ ਵਾਕਿਆ ਹੈ। ਲਾਹੌਰੋਂ, ਮੁਲਤਾਨ ਲਾਈਨ ਤੇ ਰੇਲ ਵਿਚ ਰਾਇਵਿੰਡ ਵਲ ਨੂੰ ਆ ਰਿਹਾ ਸਾਂ। ਡੱਬੇ ਵਿਚ ਮੈਥੋਂ ਦੂਜੇ ਕੋਨੇ ਇਕ ਬਜ਼ੁਰਗ ਮੁਸਲਮਾਨ, ਜੋ ਅਮੀਰ ਤਬਕਾ ਜਾਪਦਾ ਸੀ, ਦਾਖਲ ਹੋਇਆ। ਉਸਦੀਆਂ ਮੋਟੀਆਂ ਮੋਟੀਆਂ ਸੁਹਣੀਆਂ ਅੱਖਾਂ ਗੋਰੇ ਚਿਹਰੇ ਉਤੇ, ਉਡਣੇ ਪੰਛੀਆਂ ਵਾਂਗ ਬੈਠੀਆਂ ਜਾਪਨ। ਇਹਨਾਂ ਨੈਣਾਂ ਮੇਰੇ ਕਵੀ ਮਨ ਨੂੰ ਮੋਹ ਲਿਆ। ਮੈਂ ਉਹਦੀਆਂ ਅੱਖਾਂ ਦੀ ਸੁੰਦਰਤਾ ਦੀ ਪ੍ਰਸੰਸਾ ਕਰਨਾ ਚਾਹੁੰਦਾ ਸੀ—ਪਰ ਉਹ ਤਾਂ ਬਹੁਤ ਦੂਰ ਸੀ।

ਮੈਨੂੰ ਲੱਗਾ ਜਿਵੇਂ ਉਹ ਮੇਰੀ ਅੰਤਰ ਖਿੱਚ ਦਾ ਖਿੱਚਿਆ ਹੀ ਮੇਰੇ ਕੋਲ ਆ ਗਿਆ। ਕਹਿਣ ਲਗਾ: ਅਹਿ ਕੋਟ ਪਕੜਨਾ, ਮੈਂ ਜ਼ਰਾ ਪਲੇਟ ਫਾਰਮ ਤੋਂ ਹੋ ਆਵਾਂ (ਇਹ ਲਾਹੌਰ ਛਾਵਨੀ ਸੀ)।

"ਮੈਂ ਵੀ ਇਹੋ ਚਾਹਦਾ ਸਾਂ।"

ਹੈਰਾਨ ਹੋ ਗਿਆ, ਬਜ਼ੁਰਗ: "ਕਿਉਂ"?

"ਹੋਰਾਂ ਜੇ ਆਓ, ਮੈਂ ਫੇਰ ਕਿਤੇ ਨਹੀਂ ਜਾਣਾ।"

"ਦੱਸੋ ਗੱਲ ਕੀ ਹੈ?"

"ਕਾਹਲੀ ਵਿਚ ਨਹੀਂ ਦੱਸਾਂਗਾ, ਹਣੇ ਹੋ ਆਓ।"



ਸੁਰਜ ਸੁਆਦ ਦੇ ਪਰਸੰਸਕ ਤੇ ਇਸ ਲੇਖ ਲੜੀ ਦੇ ਲੇਖਕ ਪ੍ਰੀਤਮ ਸਿੰਘ ਕਵੀ

ਜਦੋਂ ਵਾਪਸੀ ਤੇ ਮੇਰੇ ਪਾਸ ਉਹ ਸੱਜਣ ਆਇਆ। ਪੁੱਛਿਓ ਸੁ:

"ਹਾਂ ਕਹੋ, ਕੀ ਕਹਿਣਾ ਸੀ।"

"ਬੜੀ ਮਾਮੂਲੀ ਜਿਹੀ ਗੱਲ ਕਹਿਣੀ ਸੀ। ਜਦੋਂ ਦੇ ਏਸ ਡੱਬੇ ਵਿਚ ਚੜ੍ਹੇ ਹੋ, ਤੁਹਾਡੀਆਂ ਅੱਖਾਂ ਦੇ ਆਪ ਰਖਣ ਨੇ ਸੋਚਣ ਲਾ ਦਿਤਾ ਹੈ, ਇਹ ਬੁਢਾਪੇ ਵਿਚ ਏਨੀਆਂ ਸੋਹਣੀਆਂ ਹੋਈਆਂ ਨੇ, ਜਵਾਨੀ ਵਿਚ ਕੀ ਗ਼ਜ਼ਬ ਨਹੀਂ ਢਾਹੁੰਦੀਆਂ ਹੋਣਗੀਆਂ।"

ਉਸਨੇ ਮੈਨੂੰ ਗਲ ਲਾਕੇ ਆਖਿਆ: ਜੁਆਨ, ਕਦਰਦਾਨ ਵੀ ਕਦੋਂ ਲਭਦਾ ਹੈ? ਮੇਰੀਆਂ ਅੱਖਾਂ ਬੜੀਆਂ ਸੁਹਣੀਆਂ ਸਨ, ਪਰ ਮੇਰੇ ਘਰਦੀ ਨੇ ਵੀ ਕਦੇ ਨਹੀਂ ਸੀ ਕੁਛ ਆਖਿਆ ਮੇਰੀਆਂ ਅੱਖਾਂ ਬਾਰੇ! ਕਿੰਨਾ ਸੱਚਾ ਸੀ ਜਿਨੇ ਕਿਹਾ ਸੀ, "ਕਿੱਤੋ ਜੋਬਨ ਪ੍ਰੀਤ ਬਿਨ ਸੁਕ ਗਏ ਕੁਮਲਾਇ।...ਦਰੁਸਤ ਕੀਤੀ ਪ੍ਰਸੰਸਾ ਜਾਦੂ ਅਸਰੀ ਹੈ। ਹਾਸਰ ਮੱਚ ਗਈ।

•

ਜਨ: ਹੰਸਪਾਲ ਨੇ, ਸਤਿਗੁਰਾਂ ਪਾਸੋਂ ਵਿਦਾ ਹੋਣ ਉਪਰੰਤ, ਜਿਸੇ ਜਨਤਾ ਪਾਰਟੀ ਦੇ ਲੀਡਰ ਨਾਲ ਕੀਤੀ ਗੱਲਬਾਤ ਦਾ ਨਚੋੜ ਦੱਸਿਆ: ਨਵੀਂ ਗੱਲ ਦਾ ਇਹ ਪਤਾ ਲਗਾ ਹੈ ਕਿ ਚਰਨ ਸਿੰਘ ਤੇ ਡੇਸਾਈ ਮਿਲਕੇ ਜਨਸੰਘ ਨੂੰ ਗੁੱਠੇ ਲਾਣਗੇ। ਜਨਸੰਘ ਮੁਰਾਰਜੀ ਡੇਸਾਈ ਨੂੰ ਥਿਲੋਂ ਲਾਉਣ ਨੂੰ ਫਿਰਦਾ ਹੈ। ਡੇਸਾਈ ਚਾਹ ਰਿਹਾ ਹੈ ਕਿ ਦੋਵੀ ਲਾਲ ਨੂੰ



Sri Satguru Jagjit Singh Ji eLibrary NamdhariElibrary@gmail.com

ਹਰਿਆਵਲਿਓਂ ਛੁੱਟੀ ਕਰਕੇ, ਫਿਰ ਬਾਕੀ ਗੱਲਾਂ ਕਰੀਆਂ ਜਾਣ।

## ਆਰਾਮ ਕੌਣ ਕਰਨ ਦਿੰਦੇ ?

ਜਦੋਂ ਮੈਂ ਦੁਬਾਰਾ ੨ ਵਜੇ ਕੋਠੀ ਪਹੁੰਚਾ ਤਾਂ ਮਾਤਾ ਜੀ ਜੋ ਪਹਿਲਾਂ ਜ਼ਿਕਰੀ ਗੋਚਰ ਹੋਏ ਪੁਛਿਆ : ਪ੍ਰਸ਼ਾਦ ਛਕ ਕੇ ਆਰਾਮ ਕਰ ਲਿਆ ਸਤਿਗੁਰਾਂ ?

“ਕਦੋਂ, ਉਹ ਤਾਂ ਬਿਰਾਜੇ ਹੀ ਹਨ, ਪ੍ਰਸ਼ਾਦਾ ਅਜੇ ਛਕਣਾ ਹੈ। ਦੁਆਰੇ ਵਰਗੇ ਉਹਨਾਂ ਨੂੰ ਵਿਹਲਾ ਹੀ ਨਹੀਂ ਹੋਣ ਦਿੰਦੇ ਕਿ ਵੇਲੇ ਸਿਰ ਪ੍ਰਸ਼ਾਦ ਛਕਣ ਜਾਂ ਬਿਰਾਜ ਸਕਣ।”

ਅਤੇ ਫਿਰ ਜਦੋਂ ਮੈਂ ਅਜਮਲ ਖਾਂ ਬਾਜ਼ਾਰ ਵਲੋਂ ਹੋਕੇ ਆਇਆ ਸੱਚੇ ਪਾਤਸ਼ਾਹ ਕਿਸੇ ਸਿੰਘ ਦੇ ਘਰ ਚਰਨ ਪਾਉਣ ਜਾ ਚੁਕੇ ਸਨ। ਘੜੀ ਦੀ ਛੋਟੀ ਸੂਈ ਇਸ ਵੇਲੇ ਪੰਜ ਦੇ ਪੁਆਇੰਟ ਤੇ ਸੀ। ਅਤੇ ਜਦੋਂ ਮੈਂ ਰਮੇਸ਼ ਨਗਰ ਧਰਮਸਾਲਾ ਵਿਚ ਪਹੁੰਚਾ ਤਾਂ ਸਤਿਗੁਰੂ ਜੀ ਨਾਮਧਾਰੀ ਸੰਗਤ ਦੇ ਦਰਮਿਆਨ ਨਾਮ ਸਿਮਰਨ ਲਈ ਸਮਾਧੀ ਸਥਿਤ ਸਨ। ਨਾਮ ਸਿਮਰਨ ਉਪਰੰਤ ਸ਼ਬਦ ਹਰਭਜਨ ਸਿੰਘ-ਗੁਰਦੇਵ ਸਿੰਘ ਹੁਰਾਂ ਪੜ੍ਹੇ।

## ਰਮੇਸ਼ ਨਗਰ ਧਰਮਸਾਲਾ ਵਿਚ

ਪੂਰਬਾ ਦੁਆਰਾ ਹੋਈ ਅਰਦਾਸ ਬਾਦ ਸਤਿਗੁਰੂ ਜੀ ਨੇ ਮਾਈਕ ਕੋਲ ਮੰਗਵਾ ਲਿਆ ਅਤੇ ਫ਼ਰਮਾਇਆ :

ਸਾਧ ਸੰਗਤ ਜੀ, ਦਾਨਾ ਦੀ ਉਗਰਾਹੀ ਜਿਨ੍ਹਾਂ ਨੇ ਕਰਨੀ ਹੁੰਦੀ ਹੈ ਉਹ ਦਿੰਦੇ ਰਹੇ ਹਨ। ਏਥੇ ਹੋਰ ਵੀ ਕੁਨੀਂ ਕਈ ਤਰ੍ਹਾਂ ਦੇ ਸਰਕਾਰੀ ਅਤੇ ਗੈਰ ਸਰਕਾਰੀ ਖਰਚੇ ਕਰਦੇ ਹਾਂ। ਗੁਰੂ ਘਰ ਨੂੰ ਦਿੱਤਿਆਂ, ਸਾਧ ਸੰਗਤ ਵਾਲੇ ਪਾਸੇ ਮਾਇਆ ਨੂੰ ਲਾਇਆਂ, ਕਈ ਫ਼ਜ਼ੂਲ ਦੀਆਂ ਅਲਾਮਤਾਂ ਤੋਂ ਬਚ ਜਾਈਦਾ ਹੈ।

ਏਨੇ ਨੂੰ ਆਪਣੇ ਸਾਹਮਣੇ ਇਕ ਸਿੰਘ ਆਇਆ, ਨਾਲ ਉਹਦਾ ਪੁੱਤਰ ਸੀ। ਸਾਹਮਣੇ ਆ ਹੱਥ ਜੋੜ ਖੜੋ ਗਿਆ। ਉਹ ਕਿਸੇ ਗੱਲ ਦੀ ਅੜੀ ਕਰਦਾ ਸੀ। ਸਤਿਗੁਰੂ ਜੀ ਬਚਨ ਕੀਤਾ : ਮੈਂ ਪਰਸੋਂ ਫਿਰ ਆਉਣਾ ਹੈ ਤਦ ਤਕ ਹੋਰ ਸੋਚ ਲੈ। ਤੈਨੂੰ ਲਾਇਆ ਕੰਨ ਹੋਰ ਕਈਆਂ ਦੇ ਉਪਦੇਸ਼ਾਂ ਵਿਚ ਕੰਮ ਆਏਗਾ। ਵਿਚਾਰ ਲੈ।

ਦੀਵਾਨ ਦੀ ਸਮਾਪਤੀ ਉਪਰੰਤ ਸੰਗਤ ਨੇ ਜੈਕਾਰਿਆਂ ਦੀ ਗੂੰਜ ਵਿਚ ਸਤਿਗੁਰੂ ਜੀ ਨੂੰ ਵਿਦਾ ਕੀਤਾ। ਸੰਗੀਤ ਨਾਲ ਦਿਲਚਸਪੀ ਰੱਖਣ ਵਾਲਿਆਂ, ਸਾਨੂੰ ਆਗਿਆ ਹੋਈ ਸੀ ਕਿ ੭.੦੦ ਵਜੇ ਤਕ ਕੋਠੀ ਪਹੁੰਚ ਜਾਈਏ। ਕੋਠੀ ਪੁੱਜੇ ਤਾਂ ਉਪਰਲੀ ਛੱਤ ਦੇ ਲੰਮੇ ਹਾਲ ਵਿਚ ਗਦੈਲੇ ਵਿਛਾਏ ਉਤੇ ਇਕ ਪਾਸੇ ਸਤਿਗੁਰੂ ਜੀ ਵਾਸਤੇ ਚੁਪਹਿਰੀ ਆਸਣ ਵਿਛਿਆ ਹੋਇਆ ਸੀ। ਸਾਹਮਣੇ ਸ੍ਰੀ ਰਾਜਨ ਮਿਸਰਾ ਨਾਮਧਾਰੀ ਸੱਚੇ ਕਲਾਕਾਰਾਂ ਨਾਲ ਬੈਠੇ ਸਨ।

## ਸੰਗੀਤ ਸਭਾ

ਸਤਿਗੁਰੂ ਜੀ ੭.੪੫ ਵਜੇ ਕਾਹਲੀ ਨਾਲ ਆਸਣ ਤੇ ਆ ਬੈਠੇ ਅਤੇ ਮਿੰਟਾਂ ਵਿਚ ਹਾਲ ਅੰਦਰ ਭਰਪੂਰ ਰੌਣਕ ਹੋ ਗਈ। ਸਤਿਗੁਰੂ ਜੀ ਦੇ ਜ਼ਰਾ ਪਿਛੇ ਕਰਕੇ ਨੇੜੇ ਫ਼ਰਸ਼ ਤੇ ਹੀ ਮਾਤਾ ਜੀ, ਬੀਬਾ ਜੀ, ਨਰਿੰਦਰ ਕੌਰ ਆਦਿ ਹੋਰ ਬੀਬੀਆਂ ਆਣ ਬੈਠੀਆਂ।

ਸੁਖਦੇਵ ਸਿੰਘ ਤੇ ਮੋਹਣ ਸਿੰਘ ਭੈਣੀ ਸਾਹਿਬ ਵਾਲਿਆਂ, ਜੋ ਅਜ ਕਲ ਰਾਜਨ ਜੀ ਦੇ ਸ਼ਗਿਰਦ ਹਨ, ਨੇ ਦੁਰਗਾ ਵਿਚ ਸੁਣਾਇਆ : ਸਾਧੋ ਮਨ ਕਾ ਮਾਨ ਤਿਆਗਉ। ਉਪਰੰਤ ਮੇਘ ਵਿਚ, “ਆਇਓ ਗਰਜਤ ਬਾਦਰਵਾ” ਤੇ ਤਾਨ ਸਰਗਮ ਵੀ ਕੀਤੀ। ੮.੧੫ ਤੇ ਸ੍ਰੀ ਸਤਿਗੁਰੂ ਜੀ ਨੇ ਅਪਣੀ ਤਰਬਕਾਰੀ ਨਾਲ ਸਰੋਤਿਆਂ ਨੂੰ ਮੁਗਧ ਕੀਤਾ। ਆਪ ਦਿਲਰੁਬਾ ਦੀਆਂ ਤਰਬਾਂ ਛੇੜਦਿਆਂ ਕਲਿਆਣ ਨੂੰ ਇਸ ਖ਼ੂਬੀ ਨਾਲ ਵਜਾ ਰਹੇ ਸਨ ਕਿ ਗੁਰਦੇਵ ਸਿੰਘ ਸਰੋਦ ਸਮਾਪਤੀ ਉਪਰੰਤ ਕੂ ਉਠਿਆ : ਸੱਚੇ ਪਾਤਸ਼ਾਹ ਆਪ ਜੀ ਦਾ ਏਡਾ ਸੁੰਦਰ ਵਜਾਉਣਾ ਹੈ ਕਿ ਅਸੀਂ ਤਾਂ ਬੇਨਤੀ ਕਰਾਂਗੇ ਇਸਦਾ ਐਲ.ਪੀ. (ਰੀਕਾਰਡ) ਤਿਆਰ ਹੋਣਾ ਚਾਹੀਦਾ ਹੈ। ਇਸ ਸਮੇਂ ਹਰਭਜਨ ਸਿੰਘ ਵੱਡਾ ਤਬਲੇ ਤੇ 'ਨਾਪੀਪਿੰਨਾ' ਵਜਾ ਰਿਹਾ ਸੀ। ਦਰਵਾਜ਼ਿਆਂ ਤੇ ਪਹਿਰੇ ਸਨ ਕਿ ਮੱਥਾ ਟੇਕਣ ਕੋਈ ਨਾ ਆਵੇ।

ਇਸ ਸਮੇਂ ਦੇ ਸਰੋਤੇ—ਦਰਸ਼ਨਾਰਥੀਆਂ ਵਿਚੋਂ ਮੈਨੂੰ ਇਹ ਨਾਂ ਚੇਤੇ ਹਨ : ਸੰਤ ਅਵਤਾਰ ਸਿੰਘ ਨਾਲ ਪ੍ਰਿੰ: ਵਰਿਆਮ, ਸੰਤ ਬਲਵੰਤ ਸਿੰਘ ਲੱਖੀ, ਸੰਤ ਅਮਰ ਸਿੰਘ (ਅਵਤਾਰ ਸਿੰਘ ਹੁਰਾਂ ਦਾ ਸਪੁੱਤਰ), ਸ੍ਰੀ ਪ੍ਰੀਤਮ ਸਿੰਘ ਪੰਛੀ, ਸ੍ਰੀ ਗੁਰਦੇਵ ਸਿੰਘ ਸਰੋਦ, ਸ੍ਰੀ ਹਰਭਜਨ ਸਿੰਘ ਸਿਤਾਰ, ਡਾਕਟਰ ਅਮਰ ਭਾਰਤੀ, ਸੰਤ ਪਿਆਰਾ ਸਿੰਘ (ਸੁਰਮੰਡਲ-ਸਾਰੰਗੀ ਦਾ ਪਿਤਾ), ਸ: ਨਰਿੰਦਰ ਸਿੰਘ ਹੰਸਪਾਲ, ਸ੍ਰ: ਬੂਟਾ ਸਿੰਘ ਬੰਦਨ, ਸ੍ਰ: ਸੇਵਾ ਸਿੰਘ ਨਾਮਧਾਰੀ ਫ਼ਰੰਸੀਸ, ਸ੍ਰ: ਜਸਵੰਤ ਸਿੰ-



Sri Satguru Jagjit Singh Ji eLibrary NamdhariElibrary@gmail.com

ਬੰਗਲੋਰ (ਦਰਜ਼ੀ ਦਾ ਕੰਮ ਕਰਨ ਵਾਲਾ), ਸੂਬਾ ਅਮਰੀਕ ਸਿੰਘ ਜੀ ਮਹਿਤਪੁਰੀਏ ਦੇ ਭਾਈ ਸ੍ਰੀ ਜੋਗਿੰਦਰ ਸਿੰਘ ਅਤੇ ਗੁਰਬਖਸ਼ ਸਿੰਘ, ਸੰਤ ਮਹਿੰਦਰ ਸਿੰਘ ਖਾਲੀ ਨਗਰ, ਸੰਤ ਆਤਮਾ ਸਿੰਘ ਪੱਨਵ, ਸੰਤ ਬਲਵੰਤ ਸਿੰਘ ਵਾਲੀ ਨਗਰ, ਠਾਕੁਰ ਉਦੇ ਸਿੰਘ ਜੀ ਇਹਨਾਂ ਦਾ ਸੇਵਕ ਦਰਸ਼ਨ ਸਿੰਘ, ਗੁਰੂ ਕਾ ਸੇਵਕ ਸੰਤ ਗੁਰਸੇਮ ਸਿੰਘ, ਸ੍ਰੀ ਮੁਖਤਿਆਰ ਸਿੰਘ ਸੰਤ ਨਗਰ, ਸ੍ਰੀ ਰਤਨ ਸਿੰਘ ਸੰਤ ਨਗਰ (ਸਰਸਾ), ਸੰਤ ਕਰਤਾਰ ਸਿੰਘ ਸੌਧੀ, ਮਹੰਤ ਗੁਰਬਖ਼ਸ਼ ਸਿੰਘ, ਸ: ਨਰਿੰਦਰ ਸਿੰਘ ਖੁਰਾਣਾ, ਸ: ਸੁਲੱਖਣ ਸਿੰਘ ਮੈਂਬਰ ਗੁ: ਪ੍ਰ: ਕਮੇਟੀ ਦਿੱਲੀ, ਸ: ਬਖਸ਼ੀਸ਼ ਸਿੰਘ, ਸ: ਜਵਾਹਰ ਸਿੰਘ ਕਾਮੋਂਕਾ, ਸ: ਪ੍ਰੇਮ ਸਿੰਘ ਰਾਜੌਰੀ ਗਾਰਡਨ, ਸ: ਬਚਿੱਤਰ ਸਿੰਘ ਡਾ: ਗੋ:, ਸੰਤ ਗੁਰਦੀਪ ਸਿੰਘ ਢੋਡਾ, ਸ: ਸੰਤੋਖ ਸਿੰਘ ਕਾਮੋਂਕਾ, ਸ: ਕੁਲਦੀਪ ਸਿੰਘ ਜੰਮੂ, ਸੰਤ ਅਵਤਾਰ ਸਿੰਘ ਰਮੇਸ਼ ਨਗਰ, ਮਨਮੋਹਣ ਸਿੰਘ ਨਾਮਧਾਰੀ ਲੁਧਿਆਣਾ ਤੇ ਹੋਰ।

੮.੫੦ ਤੇ ਮੇਘ ਦੀਆਂ ਸੁਰਾਂ ਵਿਚ ਸ੍ਰੀ ਰਾਜਨ ਨੇ ਗਾਉਣਾ ਸ਼ੁਰੂ ਕੀਤਾ। ਸੁਰੀਲੇ ਗਾਇਨ, ਲੈਅ ਤਾਲ ਦੀ ਪਕੜ ਅਤੇ ਮਨੋਹਰਤਾ ਨਾਲ ੬ ਵੱਖ ਵੱਖ ਬੰਦਸ਼ਾਂ ਸੁਣਾਕੇ ਸ੍ਰੀ ਰਾਜਨ ਨੇ ਸਤਿਗੁਰੂ ਜੀ ਨੂੰ ਪ੍ਰਸੰਨ ਕੀਤਾ। ਅੰਤ ਉਤੇ ਸੱਚੇ ਪਾਤਸ਼ਾਹ ਜੀ ਨੇ ਦੀ ਦੋ ਚੀਜ਼ਾਂ ਸੁਣਾਂਦਿਆਂ। ੯.੩੦ ਵਜ ਗਏ।

ਸ੍ਰੀ ਹਜ਼ੂਰ ਸਿੰਘ ਚੰਡੀਗੜ੍ਹ ਨਗਰੀ ਤੋਂ ਉਚੇਚਿਆਂ, ਸਚੇਰੀ ਲਿਖਤ ਨਾਮਧਾਰੀ ਗੁਟਕੇ ਦੀ ਭੂਮਿਕਾ ਦੀ ਪਰੂਫ਼-ਰੀਡਿੰਗ ਲਈ ਆਏ ਹੋਏ ਹਨ। ਮਾਸਟਰ ਜੀ ਦੱਸਦੇ ਹਨ ਕਿ ੨੦ ਰਿਮ ਕਾਗਜ਼ ਤਾਂ ਕੇਵਲ ਭੂਮਿਕਾ ਉਤੇ ਹੀ ਖ਼ਰਚ ਆ ਗਏ ਹਨ। ਡਰ ਹੈ ਗੁਟਕੇ ਉਤੇ ਲਾਗਤ ਖ਼ਰਚ ਹੀ ੧੫/- ਨਾ ਆ ਜਾਵੇ।

## ਕੋਟੇ ਨੂੰ ਰੇਲ ਤੇ

੯.੪੫ ਤਕ ਪੂਰਬਾ ਨੇ ਸ੍ਰੀ ਸਤਿਗੁਰੂ ਜੀ ਦੇ ਅਗੇ ਦੇ ਸਫ਼ਰ ਵਾਸਤੇ ਅਰਦਾਸ ਕੀਤੀ। ਸਤਿਗੁਰੂ ਜੀ ਸੰਗਤ ਸਮੇਤ ਨਵੀਂ ਦਿੱਲੀ ਸਟੇਸ਼ਨ ਤੇ ਪਧਾਰੇ। ਡੇਹਰਾਦੂਨ ਐਕਸਪ੍ਰੈਸ ਤੇ ੧੦.੨੫ ਤੇ ਕੋਟੇ ਲਈ ਪ੍ਰਸਥਾਨ ਕਰਨਾ ਹੈ। ਵਾਤਾਨੁਕੂਲ ਡੱਬੇ ਦੀਆਂ ੪ ਟਿਕਟਾਂ ਸ: ਸੇਵਾ ਸਿੰਘ ਨਾਮਧਾਰੀ ਏਜੰਸੀਜ਼ ਵਲੋਂ ਖਰੀਦ ਕੇ ਦਿਤੀਆਂ ਗਈਆਂ। ਦਿੱਲੀ-ਕੋਟਾ-ਦਿੱਲੀ ਡੱਬੇ ਵਿਚ ਸ੍ਰੀ ਸਤਿਗੁਰੂ ਜੀ, ਸੰਤ ਪੂਰਬਾ, ਸ: ਹੰਸਪਾਲ ਤੇ




ਸਤਿਗੁਰੂ ਜਗਜੀਤ ਸਿੰਘ ਜੀ

ਸ: ਸੇਵਾ ਸਿੰਘ ਜੀ ਸਵਾਰ ਹੋਏ ਅਤੇ ਗੱਡੀ ਤੁਰਨ ਦੀ ਵਿਸਲ ਵਜ ਗਈ।

ਅੱਜ ਲਓਵੇ ਪਹਿਰ: ਸ: ਹੰਸਪਾਲ ਨੂੰ ਕੋਟੇ ਨਾਲ ਖੜਨ ਲਈ ਸ: ਸੇਵਾ ਸਿੰਘ ਨੂੰ ਇੰਜ ਕਿਹਾ: 'ਇਸਨੂੰ 'ਅਰਜ਼' ਕਰੋ ਕਿ ਉਹ ਵੀ ਕੋਟੇ, ਨਾਲ ਚਲਿਆ ਚਲੇ।' ਸਤਿਗੁਰੂ ਜੀ ਦੇ ਪ੍ਰੇਰਨ, ਆਗਿਆ ਕਰਨ ਅਤੇ ਕਥਨ ਦੇ ਵਖ ਵਖ ਢੰਗ ਹੁੰਦੇ ਹਨ। ਏਨੇ ਥੋੜੇ ਸ਼ਬਦਾਂ ਨਾਲ ਭਲਾ ਕੋਈ ਬਹਾਨਾ ਕਿਵੇਂ ਕਰ ਸਕਦਾ ਹੈ। ਮੈਂ 'ਅਰਜ਼' ਸੁਣਦਿਆ ਹੀ ਉਸ ਆਖਿਆ "ਸਤਿ ਬਚਨ, ਜਿਵੇਂ ਸਤਿਗੁਰਾਂ ਦੀ ਆਗਿਆ ਹੈ" ਅਤੇ ਦੀਵਾਨ ਤੋਂ ਉਠ ਘਰੋਂ ਸਾਮਾਨ ਲੈ ਕੇ ਨਾਲ ਜਾਣ ਲਈ ਤਿਆਰ ਹੋ ਗਿਆ।

ਜਦੋਂ ਅੱਜ ਅਸੀਂ ਸਤਿਗੁਰੂ ਜੀ ਸਮੇਤ ਨਵੀਂ ਦਿੱਲੀ ਰੇਲਵੇ ਸਟੇਸ਼ਨ ਵਿਚ ਦਾਖਲ ਹੋਏ ਸਾਂ, ਹਰਭਜਨ ਸਿੰਘ ਸਿਤਾਰ ਨੇ ਵੇਟਿੰਗ ਮਸ਼ੀਨ ਵਿਚ ਦਸੀ ਪਾ ਅਪਣਾ ਵਜ਼ਨ ਜੋਖਿਆ। ਉਹਦੀ ਟਿਕਟ ਆਉਣ ਤੋਂ ਤੁਰੰਤ ਪਿਛੋਂ ਸੱਚੇ ਪਾਤਸ਼ਾਹ ਜੀ ਨੇ ਮਸ਼ੀਨ ਤੇ ਸ੍ਰੀ ਚਰਨ ਰਖੇ, ਇਹ ਕਹਿੰਦਿਆਂ "ਚਲੋ ਮੈਂ ਵੀ ਅਜ ਵਜ਼ਨ ਕਰਵਾ ਲਵਾਂ। ਲਾਲ ਚੱਕਰ ਦੇ ਰੁਕਦਿਆਂ ਸ: ਸੇਵਾ ਸਿੰਘ ਨੇ ਮਸ਼ੀਨ ਹੋਲ ਵਿਚ ਦਸੀ ਦਾ ਸਿੱਕਾ ਪਾ ਦਿਤਾ। ਟਿਕਟ ਨਿਕਲੀ ਤਾਂ ਸਤਿਗੁਰੂ ਜੀ ਨੇ ਝਟ ਏਹਨੀ ਕਾਬੂ ਕਰ ਲਈ। ਮੈਂ ਹੱਸ ਕੇ ਕਿਹਾ: ਅਪਣੀ ਮਸ਼ੀਨੀ




Sri Satguru Jagjit Singh Ji eLibrary NamdhariElibrary@gmail.com

ਟਿਕਟ ਚੈਕਰ ਨਾ ਦਿਖਾਏ ਪਰ ਵਜ਼ਨ ਦਾ ਪਤਾ ਤਾਂ ਦੱਸ ਛਡੋ ਨਾ ! ਸਤਿਗੁਰੂ ਜੀ ਨੇ ਟਿਕਟ ਵੇਖ ਕਿਹਾ : ੮੫ ਕੇ. ਜੀ. । ਕੋਲ ਗੁਰਭਜਨ ਸਿੰਘ ਸਾਬਕਾ ਸਕੱਤਰ ਸੀ, ਬੋਲਿਆ : ਮੇਰਾ ਤਾਂ ਖਿਆਲ ਸੀ ਆਪ ਜੀ ੪੦-੪੪ ਕਿਲੋ ਹੋਵੋਗੇ ।

ਗੱਡੀ ਵਿਚ ਸਵਾਰ ਹੋ, ਜਗਾਹ ਵਗੈਰਾ ਵੇਖ ਫੇਰ ਉੱਤਰੇ ਤਾਂ ਸ੍ਰੀ ਸਤਿਗੁਰੂ ਜੀ ਨੂੰ ਸਭ ਨੇ ਕੱਲਿਆਂ ਕੱਲਿਆਂ ਚਰਨਾਂ ਤੇ ਹੱਥ ਲਾ ਕੇ ਨਮਸਕਾਰ ਕੀਤੀ । ਅਤੇ ੧੦.੨੫ ਤੇ ਰਾਤੀਂ ਗੱਡੀ ਤੇ ਚਰਨ ਰਖਦਿਆਂ ਹੀ 'ਛੁਕ ਛੁਕ' ਹੋਣ ਲਗ ਪਈ ।

## ਠਾਕਰ ਉਦੈ ਸਿੰਘ ਜੀ ਨਾਲ

ਨਾਲ ਆਈ ਸੰਗਤ ਵਿਚ ਠਾਕੁਰ ਉਦੇ ਸਿੰਘ ਵੀ ਸਨ । ਕੁਛ ਗੱਲਾਂ ਮੈਂ ਉਨ੍ਹਾਂ ਨਾਲ ਕੀਤੀਆਂ ।

"ਤੁਸਾਂ (ਨਾਮਧਾਰੀ) ਫਾਰਮ (ਯੂ.ਪੀ.) ਤੇ ਕਦੋਂ ਜਾਣਾ ਹੈ ?"

"ਅਜੇ ਰਾਤੀਂ ਸੇਵਾ ਸਿੰਘ ਹੁਰਾਂ ਵਾਲੀ ਮੋਟਾਰਕਾਰ ਤੇ ਮੈਂ, ਹਰਭਜਨ ਸਿੰਘ (ਸੇਵਕ), ਤਰਸੇਮ ਸਿੰਘ (ਹਜੂਰੀ ਸਕੱਤਰ) ਤੇ ਕਿਰਪਾਲ ਸਿੰਘ ਝੱਬਰ ਯੂ. ਪੀ. ਨੂੰ ਚਲ ਪਵਾਂਗੇ ।"

"ਉਥੇ ਕੰਮ ਕਿਵੇਂ ਚਲ ਰਿਹਾ ਹੈ ?"

"ਠੀਕ ਚੰਗ ਨਾਲ !" ਗਏ ਹੋਏ ਸਜੀਰਾਂ ਦਾ ਜੀਅ ਲਗਾ ਰਹਿੰਦਾ ਹੈ । ਮੈਂ ਕਿਸੇ ਨੂੰ ਘੂਰਦਾ ਘੂਰਕਦਾ ਨਹੀਂ । ਮੈਂ ਸਾਰਿਆਂ ਦੀ ਰੁਚੀ ਅਨੁਸਾਰ ਕੰਮ ਵੰਡ ਕਰ ਦਿੰਦਾ ਹਾਂ । ਸਾਰੇ ਸਿੰਘ ਸ਼ੌਕ ਨਾਲ ਅਪਣਾ ਅਪਣਾ ਕੰਮ ਕਰਦੇ ਹਨ । ਅੱਜ ਕੱਲ ਬਹੁਤਿਆਂ ਨੂੰ ਛੁੱਟੀ ਦਿਤੀ ਹੋਈ ਹੈ ਕਿਉਂਕਿ ਫਾਰਮ ਤੇ ਕੋਈ ਖਾਸ ਕੰਮ ਨਹੀਂ ।"

"ਮੈਂ ਠਾਕਰ ਜੀ ਨੂੰ ਦੱਸਿਆ ਕਿ ਸਾਇੰਟਿਫਿਕ ਤਰੀਕੇ ਨਾਲ ਕੰਮ ਕਰਵਾਇਆਂ ਚੰਗੇ ਨਤੀਜੇ ਨਿਕਲਦੇ ਹਨ ਅਤੇ ਬੇਸੁਆਦੀਆਂ ਵੀ ਬਹੁਤ ਘੱਟ ਹੁੰਦੀਆਂ ਹਨ ।

ਏਥੇ ਹੀ ਮੈਨੂੰ ਪਤਾ ਲਗਾ ਕਿ ਕੱਲ ਸ੍ਰੀ ਮਾਤਾ ਚੰਦ ਕੌਰ ਜੀ, ਬੀਬਾ ਜੀ, ਬੀਬੀ ਨਰਿੰਦਰ, ਚਰਨ (ਸੇਠ ਸ਼ੇਰ ਸਿੰਘ ਪਤਨੀ) ਅਤੇ ਦੀਪੀ (ਚਰਨ ਸਿੰਘ ਜੰਜੂ ਦੀ ਪਤਨੀ) ਡਾਲਟਨ ਗੰਜ ਜਾ ਰਹੀਆਂ ਹਨ । ਸੇਠ ਸਪਤਰ ਸ਼ੇਰ ਸਿੰਘ ਨਾਲ ਜਾਵੇਗਾ । ਇਹ ਆਪਣੇ ਸਾਂਢੂ ਨੂੰ ਮਿਲ ਲਵੇਗਾ ਤੇ ਮਾਤਾ ਜੀ ਕਿਰਪਾਲ ਸਿੰਘ ਹੁਰਾਂ ਨੂੰ ਮਿਲਕੇ ਸ਼ਾਪਿੰਗ ਸੈਂਟਰ



ਠਾਕਰ ਉਦੇ ਸਿੰਘ ਜੀ

ਦੀਆਂ ਲੈਣ-ਦੇਣ ਦਾਰੀਆਂ ਬਾਰੇ ਸਮਝਾ ਲੈਣਗੇ । ਸੰਭਾਵਨਾ ਏਸੇ ਗੱਲ ਦੀ ਹੈ ।

## ਗੁਰਨਾਮ ਨੂੰ ਪਿਆਰ

ਸਟੇਸ਼ਨ ਤੇ ਸਤਿਗੁਰਾਂ ਨੂੰ ਵਿਦਾ ਕਰਨ ਆਇਆਂ ਵਿਚ ਸ: ਗੁਰਬਚਨ ਸਿੰਘ ਠੇਕੇਦਾਰ ਰਾਜੌਰੀ ਗਾਰਡਨ ਦਾ ਛੋਟਾ ਲੜਕਾ ਗੁਰਨਾਮ ਸਿੰਘ ਵੀ ਆਇਆ । ਉਸਨੇ ਨਮਸਕਾਰ ਕੀਤੀ ਤਾਂ ਪਰਵਾਨ ਕਰਦਿਆਂ ਉਸਨੂੰ ਪਿਆਰ ਨਾਲ ਧੌਣੋਂ ਪਕੜ ਕੇ ਕਿਹਾ : ਤੂੰ ਇੰਜ ਸੁਹਣਾ ਲਗਦਾ ਹੈਂ । ਸਾਧ ਸੰਗਤ ਵਿਚ ਆਉਣ ਜਾਣ ਨਾਲ ਬੰਦਾ ਗਵਾਚਣ ਤੋਂ ਬਚਦਾ ਹੈ ।

### ੨੪ ਜੁਲਾਈ ੧੯੭੮ ਸੋਮਵਾਰ
### ਨਵੀਂ ਦਿੱਲੀ

## 'ਵਰਿਆਮ' ਤੇ ਕ੍ਰਿਪਾ

੮.੪੫ ਸਵੇਰੇ ੧-੬/ਬੀ. ਪੂਸਾ ਰੋਡ ਪੁੱਜਾ, ਪਤਨੀ ਨਾਲ ਸੀ । ਸ੍ਰੀ ਸਤਿਗੁਰੂ ਜੀ ਕੋਠੀ ਦੇ ਪਰਵੇਸ਼ ਵਰਾਂਡੇ ਵਿਚ, ਮੱਠੀ ਚਾਲੇ ਚੱਲਦੇ ਪੱਖੇ ਹੇਠ, ਬੈਂਤ ਦੀ ਕੁਰਸੀ ਉਤੇ ਅਪਣੀ ਲੱਤ ਤੇ ਲੱਤ ਟਿਕਾਈ, ਚਿੱਠੀ ਪੱਤਰ ਪੜ੍ਹ ਰਹੇ ਸਨ । ਗੁਰਭਜਨ ਸਿੰਘ ਚੋਰ ਬਰਦਾਰ ਸੀ ।

ਹੱਥਲੀਆਂ ਚਿੱਠੀਆਂ ਦੀ ਸਮਾਪਤੀ ਹੋਈ ਤਾਂ ਮੇਰੇ ਨਾਮ ਆਈਆਂ ਜਗਦੀਸ਼ ਸਿੰਘ 'ਵਰਿਆਮ' ਦੀਆਂ ਦੋ ਚਿੱਠੀਆਂ ਪੇਸ਼ ਕਰ ਦਿਤੀਆਂ । ਸਤਿਗੁਰੂ ਜੀ ਉਨ੍ਹਾਂ ਨੂੰ ਧਿਆਨ ਪੂਰਵਕ ਪੜ੍ਹ ਹਟੇ ਤਾਂ ਬਚਨ ਕੀਤਾ : ਮੇਰਾ ਅਜੇ ਹੋਰ ਪੜ੍ਹਨ ਨੂੰ ਜੀ ਕਰਦਾ ਸੀ, ਪਰ ਇਹ ਤਾਂ ਮੁੱਕ ਹੀ ਗਈਆਂ !



Sri Satguru Jagjit Singh Ji eLibrary NamdhariElibrary@gmail.com



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸ਼ੁਭ ਪਰਵਚਨ ਉਚਾਰਨ ਕਰਦੇ ਹੋਏ ।
ਸਰੋਤਿਆਂ 'ਚ ਸਾਹਮਣੇ ਹਨ ਸੰਪਾਦਕ ਵਰਿਆਮ ਜਗਦੀਸ਼ ਸਿੰਘ

ਪਿਛਲਿਆਂ ਦਿਨਾਂ ਵਿਚ ਜਗਦੀਸ਼ ਸਿੰਘ ਨੇ ਮੇਰੇ ਲਈ ਜਲੰਧਰ ਵਿਚ ਆਪਣੀਆਂ ਸਰਗਰਮੀਆਂ ਤੇਜ਼ ਕੀਤੀਆਂ ਸਨ ।

ਇਸ ਅਵਸਰ ਤੇ ਹੇਠਾਂ ਫ਼ਰਸ਼ ਉਤੇ ਸੰਤ ਤ੍ਰਿਲੋਕ ਸਿੰਘ ਸ. ਸਵਿੰਦਰ ਸਿੰਘ ਮਲਵੰਦਾ, ਸ. ਨਰਿੰਦਰ ਸਿੰਘ ਗਾਂਧੀ ਨਗਰ, ਸ. ਸੁੰਦਰ ਸਿੰਘ ਡਾਲਟਨ ਗੰਜ, ਸੰਤ ਰਣਧੀਰ ਸਿੰਘ (ਮਹਾਰਾਜ ਜੀ ਦਾ ਸੇਵਕ), ਬਾਬੂ ਕਰਤਾਰ ਸਿੰਘ (ਇੰਦੌਰ) ਇੰਦ੍ਰਪੁਰੀ, ਕਾਕਾ ਜੋਗਿੰਦਰ ਸਿੰਘ ਬੈਠੇ ਸਨ । ੫-੭ ਬੀਬੀਆਂ ਵੀ ਦਰਸ਼ਨ ਕਰ ਰਹੀਆਂ ਸਨ ।

## ਬਾਬੂ ਕਰਤਾਰ ਸਿੰਘ

ਬਾਬੂ ਕਰਤਾਰ ਸਿੰਘ ਨੇ ਲੰਮਾ ਦਾਹੜਾ ਚਰਨਾਂ ਤੇ ਧਰ ਕੇ ਨਮਸਕਾਰ ਕੀਤੀ ਤੇ ਕਿਹਾ "ਮੁਖ ਸੋਹੇ ਸਭ ਦਾਤੀਆਂ ਕਿ ਗੁਰ ਚਰਨੀਂ ਲਗਾਇ ।" ਅਤੇ ਫਿਰ ਇਕ ਲਿਫ਼ਾਫ਼ੇ ਕੱਲੋਂ ਥੈਲੀ ਭੇਟ ਕੀਤੀ । ਦਵਾਈ, ਸਤਿਗੁਰੂ ਜੀ ਲਈ ਕਈ ਤਾਲਿਕ ਹੀ ਹੋਵੇਗੀ । ਐਨਾ ਮੋਹ ਕਿਆ ਹੈ । ਸਤਿਗੁਰਾਂ ਦੀ ਜਾਣਕੇ, ਲਿਫ਼ਾਫ਼ਾ ਖੋਲ੍ਹ ਸੋਚਾਂ ਤ ਲਿਖਿਆ ਨਾਮ ਪੜ੍ਹਕੇ, ਬਿਨਾਂ ਥੈਲੀ ਕਰਣ ਤੋਂ ਵਲੇਟ ਲਈ । ਮੈਂ ਟਕੋਰਾ ਲਾਇਆ : ਆਪ ਵੀ ਡਾਕੂਆਂ ਤੋਂ ਡਰਦੇ ਹੋ ? ਕਹਿੰਦੇ ਹੋਣਗੇ ਕਿਤੇ ਵਿਚੋਂ ਮੰਗ ਹੀ ਨਾ ਲਵੇ ! ਆਪ ਜੀ ਮੁਸਕਰਾ ਪਏ । ਕਹਿਣ ਲਗੇ : ਡਾਕੂਆਂ ਤੋਂ ਨਹੀਂ ਡਰਦਾ । ਡਰਦਾ ਤਾਂ ਆਪਣੇ ਆਪ ਤੋਂ ਹੀ ਹਾਂ ।

ਗੱਲ ਇਕਦਮ ਫ਼ਲਸਫ਼ੇ ਵਿਚ ਚਲੀ ਗਈ ।

ਬਾਬੂ ਕਰਤਾਰ ਸਿੰਘ ਉਮਰਾਂ ਪੁਰਾਣੇ ਨਾਮਧਾਰੀ ਹਨ । ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਇਨ੍ਹਾਂ ਦੀ ਬਹੁਤ ਨੇੜਤਾ ਸੀ । ੬੮ ਸਾਲ ਦੇ ਇਸ ਬਜ਼ੁਰਗ ਦੀ ਸੁਪਤਨੀ ਦਾ ਨਾਮ ਸਵਰਨ ਕੌਰ ਹੈ । ਇਹਨਾਂ ਦਾ ਜਨਮ ਨਗਰ, ਪਿੰਡ ਛੱਬਣ ਜ਼ਿਲਾ ਅੰਮ੍ਰਿਤਸਰ ਹੈ । ਇੱਥੇ ਵਿਚ, ਗੁਰੂ ਹਰੀ ਸਿੰਘ ਜੀ ਦੇ ਸਮੇਂ, ਇਕ ਨਾਮਧਾਰੀ ਸੰਤ ਗੰਡਾ ਸਿੰਘ ਨੇ



Sri Satguru Jagjit Singh Ji eLibrary NamdhariElibrary@gmail.com

ਬਹੁਤ ਕਰਾਮਾਤਾਂ ਵਖਾਈਆਂ । ਉਨ੍ਹਾਂ ਸਮਿਆਂ ਵਿਚ ਨਾਮਧਾਰੀ ਜਗਤ ਵਿਚ ਇੱਥਣ ਦੀ ਖੜੀ ਚਰਚਾ ਸੀ ।

ਬਾਬੂ ਕਰਤਾਰ ਸਿੰਘ-ਸਵਰਨ ਕੌਰ ੫ ਲੜਕਿਆਂ ਅਤੇ ਇਕ ਪੁੱਤਰੀ ਦੇ ਮਾਤਾ ਪਿਤਾ ਹਨ । ਬਾਬੂ ਜੀ ੨ ਅਗਸਤ ੧੯੨੯ ਵਿਚ ਗੋਲ ਡਾਕਖਾਨਾ, ਨਵੀਂ ਦਿੱਲੀ ਵਿਚ ਨੌਕਰੀ ਲੱਗੇ । ਸਿੱਧੂ ਜੱਟ, ਪਿਤਾ ਸ: ਨੱਥਾ ਸਿੰਘ ਅਤੇ ਮਾਂ ਸੰਤੀ ਦੇ ਇਹ ਲਾਡਲੇ ੧੯੭੦ ਵਿਚ ਜਦੋਂ ਰੀਟਾਇਰਡ ਹੋਏ ਤਾਂ ਡਿਪਟੀ ਪੋਸਟ ਮਾਸਟਰ ਦੀ ਪਦਵੀ ਤੇ ਸਨ । ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਬੇਨਜ਼ੀਰ ਨੁਸਖੇ ਇਨ੍ਹਾਂ ਦੇ ਪਾਸ ਹਨ ਤੇ ਉਹਨਾਂ ਦੇ ਬਣਾਏ ਹੀ ਇਹ ਅੱਜ ਉਤਾ । ਨੁਸਖਿਆਂ ਦੇ ਰੂਪਕਾਰ ਹਨ । ਸਤਿਗੁਰੂ ਜੀ ਇਹਨਾਂ ਤੋਂ ਆਪਣੇ ਲਈ ਤੇ ਹੋਰ ਲੋੜਵੰਦ ਨਾਮਧਾਰੀਆਂ ਲਈ ਦਵਾਈਆਂ ਬਣਵਾਂਦੇ ਰਹਿੰਦੇ ਸਨ । ਸੱਚੀ ਵੈਦ ਦੇ ਬਾਦਸ਼ਾਹੀ ਨੁਸਖੇ !

ਇਨ੍ਹਾਂ ਨੇ ੧੯੨੮ ਈ: ਵਿਚ ਕਿਲੇ ਵਾਲੇ ਸੰਤ ਖਜਾਨ ਸਿੰਘ ਧੀਰ ਤੋਂ ਭਜਨ ਪੁਛਿਆ । ਤਦ ਤੋਂ ਹੀ ਇਨ੍ਹਾਂ ਦੀ ਗੁਰੂ ਚਰਨਾਂ ਨਾਲ ਪ੍ਰੀਤ ਚਲੀ ਆਈ ਹੈ । ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਨ੍ਹਾਂ ਦੁਆਰਾ ੧੯੪੭ ਤੋਂ ਵੀ ਪਹਿਲਾਂ ਦਾ ਆਰਕਾਈਵਜ਼ ਦਿੱਲੀ ਨਾਲ ਸੰਪਰਕ ਰਖਿਆ ਹੋਇਆ ਹੈ । ਭਾਵੇਂ ਬਾਬੂ ਜੀ ਲੇਖਕ ਨਹੀਂ ਪਰ ਇਨ੍ਹਾਂ ਨੇ ਨਾਮਧਾਰੀਆਂ ਨਾਲ ਸੰਬੰਧਤ ਉਪਲਬਧ ਫਾਈਲਾਂ ਦੇ ਨਾਂ ਨੰਬਰ ਆਦਿ ਅਛੀ ਤਰ੍ਹਾਂ ਨੋਟ ਕਰਕੇ ਰਖੇ ਹੋਏ ਹਨ ।

ਬਾਬੂ ਜੀ ਦੇ ਸਪੁਤਰਾਂ ਦੇ ਨਾਮ ਹਨ : ਸ: ਸੁਰਜੀਤ ਸਿੰਘ (੫੨), ਸ: ਜਸਵੰਤ ਸਿੰਘ (੩੮), ਸ: ਰਣਜੀਤ ਸਿੰਘ (੩੩), ਸ: ਮਨਜੀਤ ਸਿੰਘ (੨੮), ਸ: ਪਰਮਿੰਦਰ ਸਿੰਘ (੨੬) ਅਤੇ ਇਕ ਲੜਕੀ ਜਸਵੰਤ ਕੌਰ (੪੦) ਹੈ । ਇਹਨਾਂ ਦਾ ਲੜਕਾ ਜਸਵੰਤ ਸਿੰਘ ਵਧੀਆ ਨਾਮਧਾਰੀ ਹੈ । ਟੈਕਨੀਸ਼ਨ ਹੈ । ਆਲ ਰਾਊਂਡ ਜਾਣਕਾਰੀ ਰਖਦਾ ਹੈ । ਬਾਬੂ ਜੀ ਨੇ ਦੱਸਿਆ ਕਿ ਇਰਾਕ ਸਰਕਾਰ ੧੦੦੦੦/- ਤੇ ਇਸਨੂੰ ਮੰਗਵਾ ਰਹੀ ਹੈ । ਅਜ ਕਲ ਉਹ ਅਮਰੀਕਨ ਸਕੂਲ ਵਿਚ ਜੇਨਰਲ ਮਕੈਨਿਕ ਹੈ ।

ਹੁਣ ਬਾਬੂ ਜੀ ਤਾਂ ਕਦੇ ਕਦੇ ਮਹਾਰਾਜ ਬੀਰ ਸਿੰਘ ਜੀ, ਆਰਕਾਈਵਜ਼ ਵਿਚੋਂ ਲੋੜੀਂਦਾ ਕੰਮ ਕਰਵਾ ਲੈਂਦੇ ਹਨ ।

ਸਤਿਗੁਰੂ ਜੀ ੧੦.੪੫ ਤੇ ਕੁਰਸੀ ਨੂੰ ਤਿਆਗ, ਉਠਨ ਹੀ ਸਨ ਕਿ ਸ: ਬਲਵੰਤ ਸਿੰਘ ਡੈਂਟਰ ਨੇ ਅਰਜ਼ ਕਰਕੇ ਇਕਾਂਤ ਵਿਚ ਗੱਲ ਕਰਨੀ ਚਾਹੀ । ਸਤਿਗੁਰੂ ਜੀ ਨਾਲ ਹੋ ਲਏ ਅਤੇ ਚਲਦੇ ਫਿਰਦੇ ਉਸਦੀ ਵਿਥਿਆ ਸੁਣਦੇ ਰਹੇ ।

### ਵਿਸ਼ੇਸ਼ ਇਕਾਂਤ

ਪੌਣੇ ਸਤੇ ਬਾਅਦ ਇਸ਼ਨਾਨ ਪਾਣੀ ਕਰਕੇ ਪ੍ਰਸ਼ਾਦ ਛਕਣ ਬੈਠੇ ਤਾਂ ਇਕੋ ਵਾਰ ਸੇਵਕਾਂ ਨੂੰ, ਪ੍ਰਸ਼ਾਦ ਨਾਲ ਸੰਬੰਧਤ ਸਮਗਰੀ ਰਖਵਾਕੇ, ਛੁਟੀ ਕਰ ਦਿਤੀ ਗਈ । ਕੇਵਲ ਸੰਤ ਤ੍ਰਿਲੋਕ ਸਿੰਘ ਹੀ ਪਾਸ ਰਹੇ । ਮਾਲੂਮ ਹੁੰਦਾ ਹੈ ਕੋਲ ਕੁਝ ਵਸ਼ਿਸ਼ਟ ਆਦਮੀਆਂ ਨਾਲ ਹਈ ਗਲਬਾਤ ਦੀ ਰਿਪੋਰਟ ਕਰਨਗੇ । ਫੇਰ ਸ: ਹੰਸਪਾਲ ਵੀ, ਕੁਝ ਦੇਰ ਬਾਦ, ਅੰਦਰ ਚਲੇ ਗਏ । ਪੌਣੇ ਘੰਟੇ ਬਾਅਦ ਸੰਤ ਦਲੀਪ ਸਿੰਘ ਨਿਰੀਖਿਅਕ ਵੀ ਇਹਨਾਂ ਪਾਸ ਪਹੁੰਚ ਗਿਆ ।

੧੧,੪੫ ਵਜੇ ਜੋ ਸਤਿਗੁਰੂ ਜੀ ਆਰਾਮ ਲਈ ਵਿਹਲੇ ਹੋ ਸਕੇ ! ਬਾਹਰ ਮੱਠੀ ਮੱਠੀ ਕਣੀ ਦਾ ਮੀਂਹ ਵਰਸਦਾ ਰਿਹਾ !

ਸ: ਹੰਸਪਾਲ ਰਾਹੀਂ ਮੈਨੂੰ ਸੂਚਿਤ ਕੀਤਾ ਗਿਆ ਕਿ ੩ ਵਜਦੇ ਨੂੰ ਜ਼ਰੂਰ ਕੋਠੀ ਹੋਵਾਂ । ਏਥੇ ਮੈਨੂੰ ਕੁਲਦੇਵ ਸਿੰਘ ਸਰਹਿੰਦ ਆ ਮਿਲਿਆ । ਅਸਾਂ ਸੋਚਿਆ ਸੜੇ ਹੋਏ ਸ਼ਾਪਿੰਗ ਸੈਂਟਰ ਵਿਚ ਗੁਰਭਜਨ ਸਿੰਘ "ਨਾਮਧਾਰੀ ਟਰੈਵਲਜ਼" ਨੂੰ ਹੀ ਮਿਲ ਆਈਏ ।

### ਸ਼ਾਪਿੰਗ ਸੈਂਟਰ ਦਾ ਅੰਤ

ਸ਼ਾਪਿੰਗ ਸੈਂਟਰ ਗਿਆਂ ਗੁਰਭਜਨ ਸਿੰਘ ਤਾਂ ਨਾ ਮਿਲਿਆ ਪਰ ਦੂਸਰੀ ਛੱਤੇ ਸ਼ਾਪਿੰਗ ਸੈਂਟਰ ਦੇ ਸੜੇ ਹੋਏ ਸਾਮਾਨ ਨੂੰ, ਲੋਕਾਂ ਨੂੰ ਛਾਂਟਦਿਆਂ ਵੇਖਿਆ । ਕੁਲਦੇਵ ਨੇ ਆਗ੍ਰਹਿ ਕੀਤਾ : ਚੱਲ ਚਲ ਕੇ ਵੇਖੀਏ । ਗੇਟ ਇਕ ਆਦਮੀ ਦੇ ਲੰਘਣ ਜੋਗਾ ਖੁਲ੍ਹਾ ਸੀ, ਉਸਦੇ ਕੋਲ ਅੰਦਰ ਵਾਰ ਸ: ਪਵਿੱਤਰ ਸਿੰਘ ਇਕ ਕਾਗਜ਼ ਤੇ ਉਨ੍ਹਾਂ ਲੋਕਾਂ ਦੇ ਨਾਮ ਅਤੇ ਰਕਮਾਂ ਦਰਜ ਕਰ ਰਹੇ ਸਨ, ਜਿਹੜੇ ਟੁੱਟੇ-ਭੱਜੇ, ਸੜੇ ਬੁਝੇ ਸਾਮਾਨ ਚੋਂ ਛਾਂਟ ਛਾਂਟ ਕੇ ਕੈਲੀਆਂ ਪਲੇਟਾਂ ਆਦਿ ਬਰਤਨ ਖਰੀਦੀ ਜਾ ਰਹੇ ਸਨ ।

ਇਹ ਭਾਗਾਂ ਸੜੀ ਬਿਲਡਿੰਗ, ਸੜ ਗਈ ਸਚਮੁਚ ਹੀ । ਵਾਸਤਵ ਵਿਚ ਬਿਲਡਿੰਗ ਤਾਂ ਅਜੇ ਵੀ ਖਲੋਤੀ ਹੈ । ਸ਼ਾਪਿੰਗ ਸੈਂਟਰ ਹੀ ਸਿਆਪਾ ਬਣ ਗਿਆ । ਅਜੇ ਤਕ ਸ਼ਾਪਿੰਗ ਸੈਂਟਰ ਦਾ ਕੇਸ ਕਿਨਾਰੇ ਨਹੀਂ ਲਗਾ ।

ਕੱਲ੍ਹ ਰਾਤੀਂ ਪਤਾ ਲਗਾ ਸੀ ਕਿ ਮਾਤਾ ਜੀ ਦੇ ਜਥੇ



Sri Satguru Jagjit Singh Ji eLibrary NamdhariElibrary@gmail.com

ਨਾਲ ਸੋਹ ਸਿੰਘ ਸੇਠ ਡਾ: ਕੀ: ਜਾ ਰਿਹਾ ਹੈ, ਪਰ ਉਹ ਤਾਂ ਸਾਨੂੰ ਅੱਜ ਕੋਠੀ ਦੀ ਨਜ਼ਰ ਪੈ ਗਿਆ। ਉਸਨੇ ਦਸਿਆ: ਸ: ਬਚਿੱਤਰ ਸਿੰਘ ਨਾਲ ਗਿਆ ਹੈ। ਮੇਰਾ ਪ੍ਰੋਗਰਾਮ ਨਹੀਂ ਸੀ।

**ਕੋਠੀ ਵਿਚ...**

ਕੋਠੀ ਪੂਸਾ ਰੋਡ, ਦਿਨ ਬਦਿਨ ਨਿਖਰ ਰਹੀ ਹੈ। ਕੋਠੀ ਨੂੰ ਨਵੇਂ ਸਿਰਿਓਂ ਰੰਗ ਰੋਗਨ ਹੋ ਰਿਹਾ ਹੈ। ਤਜਵੀਜ਼ ਬੀਬੀ ਮਹਿੰਦਰ ਕੌਰ ਦੀ ਰੰਗਾਂ ਦੀ ਸਫਾਈ ਕਾਰੀਗਰਾਂ ਦੇ ਹੱਥ ਦੀ। ਕੋਠੀ ਵਿਚ ਖੂਹੀ ਤਿਆਰ ਹੋ ਰਹੀ ਹੈ। ਸੋਧ ਦਾ ਜਲ ਏਥੋਂ ਹੀ ਉਪਲਬਧ ਹੈ।

ਕੋਠੀ ਦੇ ਉਪਰਲੇ ਹਾਲ ਵਿਚ ਨਜ਼ਰ ਮਾਰੀ ਹੈ। ਜੋਗਿੰਦਰ, ਮੋਹਣ, ਸੁਖਦੇਵ ਅਤੇ ਚੰਦਰ ਹਾਂਸ ਜੀ ਸਮੇਤ ਗੁਟਕੇ ਦੇ ਪਤ੍ਰਿਆਂ ਦੇ ਗਲੀਚੇ ਵਿਛੇ ਫਰਸ਼ ਤੇ ਸ਼ਹੀਦ ਹੋਏ ਸਿੰਘਾਂ ਵਾਂਗ ਲੇਟੇ ਪਏ ਹਨ। ਹੁਣੇ ਹੀ ਸ: ਸਵਰਨ ਸਿੰਘ ਚੋਟੀਆਂ ਮੰਡ ਨਗਰ ਤੋਂ ਆਏ ਹਨ ਤੇ ਸ: ਅਵਤਾਰ ਸਿੰਘ ਸ਼ਕਰ ਯੂ.ਪੀ. ਵਲੋਂ ਆ ਰਿਹਾ। ਅੱਜ ਕਿਸੇ ਕੇਸ ਬਾਰੇ ਦਿੱਲੀ ਕੰਮ ਹੈ ਤੇ ਇਹ ਅੱਜ ਰਾਤੀਂ ਜੀਵਨ ਨਗਰ ਵਲ ਪਰਤ ਜਾਣਗੇ।

ਮਹਾਰਾਜ ਬੀਰ ਸਿੰਘ ਜੀ ਦਾ ਡਰਾਈਵਰ ਪ੍ਰੀਤਮ ਸਿੰਘ ਵੀ ਤੇਲਮਤੇਲ ਫਿਰ ਰਿਹਾ ਹੈ ਉਹ ਮਹਾਰਾਜ ਜੀ ਨੂੰ ਲੈਣ ਆਇਆ ਸੀ, ਪਰ ਉਨ੍ਹਾਂ ਤਾਰ ਭੇਜ ਦਿਤੀ ਹੈ ਕਿ ਉਹ ਅਜੇ ਬੈਂਗਲੌਰ ਤੋਂ ਨਹੀਂ ਆ ਰਹੇ।

ਸੁਰਿੰਦਰ ਸਿੰਘ ਮਨਚੰਦਾ ਨੇ ਦਸਿਆ ਕਿ ਸ੍ਰੀ ਸਤਿਗੁਰੂ ਜੀ ਕੋਲ ਨਾਲ ਗਏ ਸੇਵਕਾਂ ਨਾਲ ਸਵੇਰੇ ੬ ਵਜੇ ਦਿੱਲੀ ਪਰਤੇ। ਸ: ਸੇਵਾ ਸਿੰਘ ਹੁਰੀਂ ਆਪਣੇ ਘਰ ਕ੍ਰਿਸ਼ਨਾ ਨਗਰ, ਜਮਨਾ ਪਾਰ ਲੈ ਲਏ ਸਨ, ਉਨ੍ਹਾਂ ਦੇ ਘਰ ਸਵੇਰ ਦਾ ਜਲਪਾਨ ਕਰਕੇ ਪੌਣੇ ਅੱਠ ਵਜੇ ਕੋਠੀ ਪੂਸਾ ਰੋਡ ਦਰਸ਼ਨ ਦਿਤੇ।

੧.੪੫ ਵਜੇ ਡਾ: ਅਮਰ ਭਾਰਤੀ ਹੁਰੀਂ ਆਏ ਤਾਂ ਅਸੀਂ ਕਰੋਲ ਬਾਗ ਬਾਜ਼ਾਰ ਨੂੰ ਚਲੇ ਗਏ ਫੇਰ ਜਦ ੨.੧੨ ਵਜੇ ਮੁੜੇ ਤਾਂ ਸਚੇ ਪਾਤਸ਼ਾਹ ਉਪਰਲੀ ਛੱਤੇ ਹਾਲ ਵਿਚ ਫਰਸ਼ ਤੇ ਵਿਛੇ ਆਸਣ ਤੇ ਬੈਠ, ਸੰਗੀਤ ਸਿਖਿਆਰਥੀਆਂ ਤੋਂ ਦਿਲਰੁਬਾ ਅਤੇ ਗਾਉਣ ਵਾਲਿਆਂ ਤੋਂ ਬੰਦਸ਼ਾਂ ਸੁਣ ਰਹੇ ਸਨ। ਇਸ ਮੌਕੇ ਸੰਗਤ ਦਾ ਲਾਭ ਲੈਣ ਵਾਲੇ ਹੋਰ ਸਨ: ਸ: ਅਵਤਾਰ ਸਿੰਘ ਭੱਸਰ, ਸੰਤ ਹਜ਼ੂਰ ਸਿੰਘ ਚੰਦੂਹਾਸ, ਸ: ਦਰਸ਼ਨ ਸਿੰਘ ਭਾਲਣਨ ਕੋਜ, ਸੰਤ ਮਹਿੰਦਰ ਸਿੰਘ ਪੂਰਬਾ,



ਸੰਤ ਤਰਨੇਮ ਸਿੰਘ ਜੀ ਨਿਜੀ ਸਕੱਤਰ

ਸੰਤ ਬਲਦੇਵ ਸਿੰਘ ਤੋਂ ਬਿਨਾਂ ਕੁਝ ਬੀਬੀਆਂ ਵੀ।

ਅੱਜ ਸਤਿਗੁਰੂ ਜੀ ਦੀ ਸੇਵਾ ਵਿਚ ਬਤੌਰ ਲਾਂਗਰੀ ਸ੍ਰੀ ਬਲਦੇਵ ਸਿੰਘ ਜੋੜਕੀਆਂ ਘੜਵੀਆਂ ਮੁੰਡਾ ਵਾਲਾ ਇਕ ਜਵਾਨ ਸ਼ਾਮਲ ਹੋਇਆ ਨਜ਼ਰ ਪਿਆ। ਹੁਣ ਸ੍ਰੀ ਸਤਿਗੁਰੂ ਜੀ ਦੇ ਸੇਵਕ ਜਥੇ ਵਿਚ ਹੇਠ ਲਿਖੇ ਸਰੀਰ ਸ਼ਾਮਲ ਹਨ: ਸੰਤ ਮਹਿੰਦਰ ਸਿੰਘ ਪੂਰਬਾ, ਸਦਾ ਹਾਜ਼ਰ ਸੇਵਕ ਅਤੇ ਖਜ਼ਾਨਚੀ, ਸ੍ਰੀ ਬਲਦੇਵ ਸਿੰਘ ਲਾਂਗਰੀ, ਸੰਤ ਕਿਰਪਾਲ ਸਿੰਘ ਭੱਸਰ, ਬਸਤਰ ਧੋਣ ਵਾਲਾ ਸੇਵਕ, ਸੰਤ ਗੁਰਮੁਖ ਸਿੰਘ ਡਰਾਈਵਰ, ਸੰਤ ਤਰਨੇਮ ਸਿੰਘ ਨਿੱਜੀ ਸਕੱਤਰ ਜਿਨ੍ਹਾਂ ਤਮਾਮ ਪ੍ਰਬੰਧ ਕਰਨ ਦੇ ਨਾਲ ਨਾਲ ਦੇਸ਼ ਵਿਦੇਸ਼ ਵਿਚ ਪੱਤਰ ਲਿਖਣ, ਪ੍ਰੋਗਰਾਮ ਬਣਾਨ ਤੇ ਲੋੜ ਅਨੁਸਾਰ ਹੋਰ ਐਡਜਸਟਮੈਂਟ ਕਰਨ ਦੀ ਜ਼ਿਮੇਂਵਾਰੀ ਹੈ।

**ਸੰਗੀਤ ਬੱਚਿਆਂ ਨਾਲ**

ਸਤਿਗੁਰੂ ਜੀ ਨੇ ਬੱਚਿਆਂ ਵਾਲਾ ਛੋਟਾ ਦਿਲਰੁਬਾ ਆਪ ਸੁਰ ਕਰ ਲਿਆ ਅਤੇ ਇਸ ਤੇ ਪਹਿਲਾਂ ਭਾਈ ਤੋਂ ਸਿਖੀ ਇਕ ਚੀਜ਼ ਮਾਲ ਸਿਰੀ ਵਿਚ ਵਜਾਈ। ਫਿਰ ਦੱਸਿਆ ਕਿ ਇਸ ਰਾਗ ਨੂੰ ਕੇਵਲ ਤਿੰਨ ਸੁਰ ਲਗਦੇ ਹਨ: ਸ ਗ



Sri Satguru Jagjit Singh Ji eLibrary NamdhariElibrary@gmail.com

ਧ। ਜਦੋਂ ਆਪ ਗਾਇਣ ਲਗੇ ਤਾਂ ਸ਼ਬਦ ਇਹ ਸਨ :

ਆਵਨ ਕਹਿ ਗਏ
ਅਜਹੂੰ ਨ ਆਏ
ਸਾਵਨ ਕੇ ਦਿਨ ਬੀਤੇ।
ਲਿਖ ਲਿਖ ਪਤੀਆਂ
ਪੀਆ ਵਲ ਭੇਜੂੰ
ਹਮ ਹਾਰੇ ਤੁਮ ਜੀਤੇ।

ਇਹੋ ਬੰਦਸ਼ ਸਤਿਗੁਰਾਂ ਨੇ ਸ੍ਰੀ ਰਾਜਨ ਮਿਸ਼ਰਾ ਨੂੰ ਸਿਖਾਈ ਹੈ। ਪਰਸੋਂ ਰਾਜਨ ਜੀ ਕਹਿ ਰਹੇ ਸਨ ਕਿ ਉਹਨਾਂ ਤੋਂ ਇਹ ਲੰਮ-ਖੱਪ ਨਹੀਂ ਹੁੰਦੀ ਤਦ ਸਤਿਗੁਰੂ ਜੀ ਨੇ ਠੇਕਾ ਲੁਆਕੇ ਪੂਰੀ ਕਰਕੇ ਵਖਾਈ ਸੀ।

ਇਕ ਬੰਦਸ਼ ਬਿਹਾਗ ਦੀਆਂ ਸੁਰਾਂ ਛੇੜ ਕੇ ਸੁਣਾਈ। ਕੋਲ ਬੈਠੇ ਡਾ: ਅਮਰ ਭਾਰਤੀ ਨੂੰ ਕਿਹਾ : ਪਛਾਣਦੇ ਹੋ ਨ, ਅਤੇ ਭਾਈ ਲਾਲੂ ਜੀ ਤੋਂ ਸਿਖੇ ਇਹ ਬੋਲ ਸੁਣਾਏ :

ਕਾਹਨੂੰ ਛੱਡਾ ਕੀਤੀਆਂ ਢਲੋਂਹਾਂ ਦੇ ਨਾਲ।
ਸਾਈਂ ਲੋਕਾਂ ਦੇ ਨਾਲ, ਰੱਧੀ ਲੋਕਾਂ ਦੇ ਨਾਲ।
ਇਹਨਾਂ ਢਲੋਂਚਾਂ ਦੀ ਕੀ ਆਸ਼ਨਾਈ
ਲੰਘ ਜਾਂਦੇ ਅੱਧੀ ਰਾਤ।

ਅਤੇ ਬਿਹਾਗ ਵਿਚ ਹੀ ਇਕ ਚੀਜ਼, ਉਧੋ ਖਾਂ ਸਾਹਿਬ ਰਾਮਪੁਰੀ ਤੋਂ ਸਿਖੀ ਸੁਣਾਈ। ਪਰ ਇਹ ਸਾਰੀ ਯਾਦ ਨਹੀਂ ਸੀ। ਇਹਦੇ ਹੇਠ ਲਿਖੇ ਸ਼ਬਦ ਹੀ ਆਖੇ ਗਏ :

ਟੇਕ : ਮੋਰੀ ਆਲੀ ਕੈਸੇ ਕਟੇਂਗੇ ਦਿਨ ਰੈਨ।
ਅੰਤਰਾ......
ਤੜਪ ਤੜਪ ਮੋਹਿ ਵਿਆਕੁਲ ਕਰਤ ਨੈਨ।

## ਸਤਿਜੁਗ ਵਿਚ ਹੁਕਮਨਾਮਾ

ਭਾਰਤੀ ਹੁਰਾਂ ਸਤਿਗੁਰਾਂ ਨੂੰ ਪੁਛਿਆ : "ਸਤਿਜੁਗ" ਵਿਚ ਮਾਤਾ ਸੁੰਦਰੀ ਜੀ ਦੇ (ਨਵੇਂ) ਹੁਕਮਨਾਮੇ ਦਾ ਜ਼ਿਕਰ ਕੀਤਾ ਗਿਆ ਹੈ, ਆਪ ਜੀ ਨੇ ਪੜ੍ਹਿਆ ਹੈ? ਸਤਿਗੁਰਾਂ ਉਤਰ ਦਿੱਤਾ : ਅਜੇ ਤਕ ਤਾਂ ਨਹੀਂ ਵੇਖਿਆ! ਉਸੇ ਘੜੀ ਨੌਜਵਾਨ ਦਰਸ਼ਨ ਸਿੰਘ ਡਾਲਟਨ ਗੰਜ ਨੂੰ ਆਦੇਸ਼ ਕੀਤਾ ਕਿ ਉਹ ਪਰਚਾ ਲਭ ਕੇ ਲਿਆਵੇ।

ਸਤਿਜੁਗ ਆਇਆ ਤਾਂ ਸੰਪਾਦਕ ਮਨਖਤਰਾ ਦਾ ਲਿਖਿਆ ਐਡੀਟੋਰੀਅਲ ਗਹੁ ਨਾਲ ਪੜ੍ਹਿਆ। ਭਾਰਤੀ ਨੂੰ ਦਸਿਆ ਕਿ ਇਹ ਸਿਰਫ ਡਾ: ਗੰਡਾ ਸਿੰਘ ਦੀ ਗੱਲ ਦੱਸਣ ਲਈ ਹੀ ਲਿਖਿਆ ਗਿਆ ਹੈ।

ਸਤਿਗੁਰੂ ਜੀ ਸੰਪੂਰਨ ਬਸਤਰਾਂ ਵਿਚ ਬੈਠੇ ਦਿਲਰੁਬਾ ਵਜਾਂਦੇ ਆਪਣੇ ਪਿਤਾ ਜੀ ਦੀ ਯਾਦ ਦਿਲਾ ਰਹੇ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਏਸ ਉਮਰੇ ਅਸਲੋਂ ਇਵੇਂ ਜਿਹੇ ਹੀ ਲਗਿਆ ਕਰਦੇ ਸਨ।

ਸਤਿਗੁਰੂ ਜੀ ਨੇ ਗੁਰਦੇਵ ਸਿੰਘ ਸਰੋਦ ਨੂੰ ਉਸਤਾਦ ਅਜਮਦ ਅਲੀ ਸਾਹਿਬ ਨੂੰ ਫੋਨ ਕਰਨ ਲਈ ਆਗਿਆ ਕੀਤੀ ਤਾਂ ਗੁਰਦੇਵ ਨੇ ਦਸਿਆ ਕਿ ਉਹ ਇਸ ਘੜੀ ਕਲਕਤੇ ਹਨ।

੩.੧੫ ਵਜੇ ਤਾਂ ਸ: ਹੰਸਪਾਲ ਅਤੇ ਕਲਸੀ ਵੀ ਆ ਗਏ।

## ਬ੍ਰਹਮ ਮੈ ਜਨ...

ਕਰਦੇ ਕਰਾਂਦਿਆਂ ੪ ਵਜ ਗਏ ਅਤੇ ਫਿਰ ਸੱਚੇ ਪਾਤਸ਼ਾਹ ਖ਼ੁਲ੍ਹੇ ਕਮਰੇ ਵਿਚ ਬੈਠਣ ਲਈ ਭਾਰਤੀ ਨੂੰ ਵੀ ਉਠਾ ਕੇ ਲੈ ਗਏ। ਹੰਸਪਾਲ ਨੇ 'ਪਿਸ਼ਾਬ ਕਰਨ' ਦਾ ਬਹਾਨਾ ਕੀਤਾ ਤਾਂ ਉਸ ਨੂੰ ਵੀ ਕਿਹਾ : ਜੇ ਉਠ ਹੀ ਬੈਠਾ ਹੈਂ ਤਾਂ ਤੂੰ ਵੀ ਆਜਾ। ਥੋੜ੍ਹੇ ਚਿਰ ਪਿਛੋਂ ਹੰਸਪਾਲ ਮੈਨੂੰ ਵੀ ਉਠਾ ਕੇ ਲੈ ਗਿਆ।

ਅੰਦਰ ਗਿਆ ਤਾਂ ਡਾ: ਭਾਰਤੀ ਆਪਣਾ ਕਦੀ ਲੇਖ ਸੁਣਾ ਰਿਹਾ ਸੀ। ਤਦ ਨੂੰ ਗੁਰਭਜਨ ਸਿੰਘ ਨਾਮਧਾਰੀ ਟਰੇਵਲਜ਼ ਵੀ ਅੰਦਰ ਆ ਗਿਆ। ਸਤਿਗੁਰੂ ਜੀ ਨੇ ਲੇਖ ਸੁਣਕੇ ਕੁਛ ਸੁਝਾਓ ਦਿਤੇ ਜੋ ਭਾਰਤੀ ਨੇ ਮਨਜ਼ੂਰ ਕੀਤੇ। ਲੇਖ ਦਾ ਟ੍ਰੇਂਡ ਇਸ ਕਿਸਮ ਦਾ ਸੀ ਕਿ "ਬ੍ਰਹਮ ਮੈ ਜਨ ਜਨਮਹਿ ਪਾਰਬ੍ਰਹਮ" ਗੜਮਡ ਹੋ ਗਿਆ ਸੀ। ਸਤਿਗੁਰੂ ਜੀ ਨੇ ਬਚਨ ਕੀਤਾ : ਏਨਾ ਸਾਦਾ ਲਿਖੋ ਕਿ ਜਨ ਸਾਧਾਰਨ ਨੂੰ ਤੁਹਾਡੀ ਕਹੀ ਗੱਲ ਦਾ ਪਤਾ ਲਗ ਜਾਵੇ। ਭਾਰਤੀ ਨੇ ਸਪਸ਼ਟ ਕੀਤਾ : ਮੈਂ ਉਹਨਾਂ ਬੁਧੀਮਾਨਾਂ ਲਈ ਲਿਖਦਾ ਹਾਂ ਜੋ ਅਜਿਹੇ ਵਿਸ਼ਿਆਂ ਨਾਲ ਛੇੜ ਕਰਦੇ ਹਨ ਅਤੇ ਗੁਰੂ ਕੀ ਬਾਣੀ ਨੂੰ ਹੀ ਸਭ ਕੁਝ ਮੰਨਦੇ ਹਨ।

ਵਿਚੇ ਹੀ ਮਹਾਰਾਜ ਬੀਰ ਸਿੰਘ ਜੀ ਨਾਲ ਬੰਗਲੌਰ ਤੋਂ ਫੋਨ ਕੰਟੈਕਟ ਹੋ ਗਿਆ। ਉਹਨਾਂ ਸਤਿਗੁਰੂ ਜੀ ਤੋਂ ਹਫਤਾ ਭਰ ਹੋਰ ਬੰਗਲੌਰ ਰਹਿਣ ਦੀ ਆਗਿਆ ਲਈ।

ਸ: ਅਵਤਾਰ ਸਿੰਘ ਖੱਖਰ ਤੋਂ ਪਤਾ ਲਗਾ ਹੈ ਕਿ ਬੰਗਲੌਰ ਫਾਰਮ ਵਿਕਣ ਜਾ ਰਿਹਾ ਹੈ। ਮਹਾਰਾਜ ਜੀ ਦੇ ਵੀ ਏਸੇ ਕਾਰਨ ਹੋਰ ਛੁਟੀ ਲਈ ਜਾਪਦੀ ਹੈ।

ਲੇਖ-ਪਾਠ ਜਾਰੀ ਹੀ ਸੀ ਕਿ ਖਾਂ ਸਾਹਿਬ ਅਜਮਦ ਅਲੀ ਦਾ ਫੋਨ ਆ ਗਿਆ। ਸਤਿਗੁਰੂ ਜੀ ਨੇ ਪੁਤੀ ਉਤਰ



Sri Satguru Jagjit Singh Ji eLibrary NamdhariElibrary@gmail.com

ਵਿਚ ਜੋ ਕੁਝ ਕਿਹਾ ਉਸਦਾ ਮਤਲਬ ਹੈ : ਜੋ ਤੁਸਾਂ ਆਪਣੇ ਪੱਤਰ ਵਿਚ ਮੇਰੇ ਬਾਰੇ ਲਿਖਿਆ ਹੈ, ਇਹ ਬਹੁਤ ਵੱਡੀ ਗੱਲ ਹੈ। ਤੁਸੀਂ ਵੀ ਤਾਂ ਵੱਡੇ ਹੋ ਗੁਣ ਕਰਕੇ। ਉਹਨਾਂ ਦਾ ਨਿਰਮਾਣ ਉੱਤਰ ਸੀ : ਆਪ ਜੀ ਦੇ ਆਸ਼ੀਰਵਾਦ ਨਾਲ ਹੀ ਇਹ ਵਡੱਪਣ ਹੈ।

ਲੇਖ ਦੇ ਖਾਤਮੇ ਤੇ ਸਤਿਗੁਰੂ ਜਲਦੀ ਨਾਲ ਉਠੇ। ਕੁਛ ਜਲਪਾਨ ਕਰਕੇ ਫਿਰ ਨਾਮਧਾਰੀ ਧਰਮਸਾਲਾ ਵਿਚ ਸਮੂਹਕ ਨਿਤਨੇਮ ਲਈ ਜਾਣਾ ਸੀ।

## ਰਮੇਸ਼ ਨਗਰ ਨਾਮਧਾਰੀ ਧਰਮਸਾਲਾ

ਜਦੋਂ ਕੁ ਮੈਂ ਰਮੇਸ਼ ਨਗਰ ਧਰਮਸਾਲਾ ਵਿਚ ਪੁਜਾ ਤਾਂ ਵਜਣ ਵਿਚ ੧੫ ਮਿੰਟ ਰਹਿੰਦੇ ਸਨ। ਸ੍ਰੀ ਸਤਿਗੁਰੂ ਜੀ ਆਸਣ ਤੇ ਹੋਕੜਾ ਲਾਈ ਸੁਸ਼ੋਭਿਤ ਸਨ। ਸਾਧ ਸੰਗਤ ਨਾਲ ਹਾਲ ਭਰਪੂਰ ਸੀ। ਆਪ ਜੀ ਦੇ ਗਿਰਦ ਹੇਠ ਲਿਖੇ ਵਿਅਕਤੀਆਂ ਨੂੰ ਬੈਠਣ ਦਾ ਮਾਣ ਪ੍ਰਾਪਤ ਸੀ : ਸ੍ਰੀ ਬਾਵਾ ਸਿੰਘ ਜਗਾਧਰੀ, ਸੰਤ ਸਰਮ ਸਿੰਘ ਦਿੱਲੀ, ਸ੍ਰੀ ਦਲੀਪ ਸਿੰਘ ਲੁਧਿਆਣਾ, ਪੰਡਿਤ ਜਗਮੋਹਨ ਸਿੰਘ, ਸੰਤ ਅਵਤਾਰ ਸਿੰਘ ਰਮੇਸ਼ ਨਗਰ, ਸ: ਕੁਲਦੀਪ ਸਿੰਘ ਜੰਮੂ ਮਹੰਤ ਅਤਰ ਸਿੰਘ ਜੀ ਅੰਮ੍ਰਿਤਸਰੀ, ਬਾਬੂ ਕਰਤਾਰ ਸਿੰਘ ਇੰਦ੍ਰਪੁਰੀ, ਸੰਤ ਸੁਖਦਰਸਨ ਸਿੰਘ, ਗਿਆਨੀ ਜਸਵੰਤ ਸਿੰਘ, ਸੰਤ ਮਹਿੰਦਰ ਸਿੰਘ ਪੂਰਬਾ, ਚੌਰੀ ਕਰਦੇ ਸੂਬਾ ਜੰਗ ਸਿੰਘ ਜੀ ਦਿੱਲੀ।

ਪੂਰਬਾ ਦੁਆਰਾ ੬ ਵਜੇ ਨਾਮ ਸਿਮਰਨ ਦੀ ਸਮਾਪਤੀ ਦੀ ਅਰਦਾਸ ਹੋਈ ਤਾਂ ਅੱਜ ਹੋਲੇ ਦਾ ਦੀਵਾਨ ਸਜ ਗਿਆ। ਸਤਿਗੁਰੂ ਜੀ ਨੇ ਆਪ ਟੇਕ ਲਈ। ੬.੩੦ ਵਜੇ ਤਕ ਅਜਿਹਾ ਕੀਰਤਨ ਹੋਇਆ ਜਿਸਦੀ ਅਗਵਾਈ ਸਤਿਗੁਰਾਂ ਨੇ ਹੀ ਕੀਤੀ। ਦੀਵਾਨ ਦੀ ਅਰਦਾਸ ਹੋਈ ਤਾਂ ਸੰਤ ਮਹਨ ਸਿੰਘ ਨੇ ਬੇਨਤੀ ਕੀਤੀ ਕਿ ਉਸ ਦੇ ਘਰ ਚਰਨ ਪਾਏ ਜਾਣ : ਬਚਨ ਹੋਇਆ : ਇਸ ਮੌਕੇ ਸਮਾਂ ਨਹੀਂ। ਫੇਰ ਕਦੇ ਸਹੀ। ਫਿਰ ਭੰਗੀ ਪਰਵਾਰ ਦੇ ਇਕ ਨੌਜਵਾਨ ਨੇ ਬੇਨਤੀ ਕੀਤੀ : ਮੈਨੂੰ ਖਿਮਾਂ ਕਰੋ ਜੀ। ਸਤਿਗੁਰੂ ਜੀ ਬਚਨ ਕੀਤਾ : ਖਿਮਾ ਕਰਨ ਬਾਰੇ ਗਲਤ ਸਜਾ ਰਖੀ ਹੈ। ਅਜੇ ਤੇਰਾ ਜੀ ਨਹੀਂ ਕਰਦਾ। ਜਦੋਂ ਕਰੇਗਾ, ਖਿਮਾ ਵੀ ਮਿਲ ਜਾਏਗੀ। ਹੋਰ ਸੋਚ ਲੈ।

## ਉਗਰਾਹੀ ਲਈ ਸਥਾਪਨਾ

ਆਰੇ ਵਾਲੇ ਸੰਤ ਤਰਲੋਕ ਸਿੰਘ ਨੂੰ ਬੁਲਾ ਕੇ ਹਜ਼ੂਰ ਨੇ ਹੁਕਮ ਕੀਤਾ ਕਿ ਉਹ ਪਿਛਲੇ, ਲਿਖੇ ਅਨੁਸਾਰ ਗਰੁਪ ਬਣਾਉਣ ਅਤੇ ਭੈਣੀ ਸਾਹਿਬ ਵਿਚ ਚਲਦੇ ਪਾਠਾਂ ਦੀ ਉਗਰਾਹੀ ਦਾ ਉਦਮ ਕਰਨ। ਸਿਖ ਨੇ ਸਤਿ ਬਚਨ ਕਿਹਾ।

ਬਾਬਾ ਪੂਰਨ ਸਿੰਘ ਆਖੋਂ ਵਾਲਿਆ ਮੱਥਾ ਟੇਕਣ ਆਇਆ ਤਾਂ ਉਸਦਾ ਧਿਆਨ ਨਾਲ ਹਾਲ ਚਾਲ ਪੁਛਿਆ ਅਜਿਹੇ ਵੇਲੇ ਸਿਖਾਂ ਦੀ ਮਨੋਦਸ਼ਾ ਹੋਰ ਦੀ ਹੋਰ ਹੋ ਜਾਂਦੀ ਹੈ। ਸਤਿਗੁਰੂ ਕਿਸੇ ਨੂੰ ਦੁਖ ਸੁਖ ਪੁਛ ਲੈਣ, ਉਸ ਜਿਹਾ ਹੋਰ ਕੌਣ।

ਸੰਤ ਕਰਤਾਰ ਸਿੰਘ ਰਾਣੀ ਵਾਲਿਆਂ ਨੇ ਇਕ ਲੜਕੀ ਨੂੰ ਗੁਰੂ ਜੀ ਦੀ ਹਜ਼ੂਰੀ ਵਿਚ ਲਿਆਕੇ ਕੋਈ ਬੇਨਤੀ ਕੀਤੀ। ਸਚੇ ਪਾਤਸ਼ਾਹ ਜੀ ਨੇ ਇਕ ਮਾਲਾ ਭਜਨ ਅਤੇ ਇਕ ਬਗੌਤੀ ਦੀ ਕਰਕੇ ਸਤਿਗੁਰਾਂ ਦੇ ਚਰਨਾਂ ਵਿਚ ਅਰਦਾਸ ਕਰਨ ਦੀ ਆਗਿਆ ਦਿਤੀ, ੪੦ ਦਿਨ।

ਇਕ ਹੋਰ ਸੱਜਣ ਨੇ ਸਾਹਮਣੇ ਪਲੋ ਹੱਥ ਜੋੜ ਬੇਨਤੀ ਕੀਤੀ : ਮੈਨੂੰ ਮੁਆਫ ਕਰ ਦਿਓ। ਅਵਗਿਆ ਕੀਤੀ ਬਖਸ਼ ਦਿਓ। ਇਸ ਨੇ ਘਰੇ ਵਿਆਹ ਕਰਨ ਦੀ ਹਠਧਰਮੀ ਕੀਤੀ ਸੀ। ਇਸ ਵਲੋਂ ਨਾਰਾਜ਼ਗੀ ਪਰਗਟ ਕਰਦਿਆਂ ਇਕ ਵਾਰ ਇਸ ਦੀ ਧਰੀ ਹੋਈ ਭੇਟਾ ਵੀ ਚੁਕਵਾ ਦਿਤੀ ਸੀ—

ਬੇਨਤੀ ਸੁਣਕੇ ਸਤਿਗੁਰਾਂ ਬਚਨ ਕੀਤਾ : ਵੇਖ ਲੈ, ਜੇ ਮੈਂ ਕਦਾਂ ਸਜਾ ਪਰਵਾਨ ਕਰਨੀ ਪਵੇਗੀ।

ਸਿਖ ਦੇ ਸਤਿਬਚਨ ਕਹਿਣ ਤੇ ਉਸ ਨੂੰ ਨਕਦ ਡੰਨ ਅਤੇ ਘਰ ਵਾਲਿਆਂ ਨਾਲ ਮਿਲਣਾ-ਗਿਲਣਾ ਬੰਦ ਕੀਤਾ।

## ਸਤਿਗੁਰ ਬਚਨ

ਫਿਰ ਸਤਿਗੁਰੂ ਜੀ ਨੇ ਮਾਈਕ ਲੈ ਕੇ ਬਚਨ ਕੀਤੇ। ਤੱਤ ਇਹ ਹੈ :

"ਜਿਵੇਂ ਅੱਜ ਸੰਗਤ ਨੇ ਕਿਰਪਾ ਕੀਤੀ ਹੈ, ਇੰਜ ਹੀ ਇਹ ਹਾਲ, ਨਿਤਨੇਮ ਵੇਲੇ ਭਰਪੂਰ ਰਹਿਣਾ ਚਾਹੀਦਾ ਹੈ। ਤੁਸੀਂ ਮਕਾਨ ਬਣਦਾ ਕੇ ਹਰ ਕਮਰੇ ਨੂੰ ਸਾਮਾਨ ਨਾਲ ਭਰਪੂਰ ਵੀ ਵੇਖਣਾ ਚਾਹੁੰਦੇ ਹੋ। ਏਥੇ ਆ ਕੇ ਏਥੋਂ ਵਾਲਾ ਕੰਮ ਹੀ ਹੋਵੇ ਤਾਂ ਹੀ ਠੀਕ ਹੈ, ਜਿਵੇਂ ਸਕੂਲਾਂ ਵਿਚ ਜਾ ਕੇ ਵਿਦਿਆ ਪ੍ਰਾਪਤ ਕਰਨੀ ਹੀ ਮੁਨਾਸਬ ਹੁੰਦੀ ਹੈ, ਹੋਰ ਗੱਲਾਂ ਗਲਤ ਹੁੰਦੀਆਂ ਹਨ। ਇੰਜ ਹੀ ਧਰਮਸਾਲਾ ਵਿਚ ਆਕੇ ਭਜਨ ਬਾਣੀ ਕਰਨਾ ਹੀ ਸੋਭਾ ਦਿੰਦਾ ਹੈ...



Sri Satguru Jagjit Singh Ji eLibrary NamdhariElibrary@gmail.com

"ਜੀ ਕਰਦਾ ਹੈ ਕਿ ਸਾਧ ਸੰਗਤ ਨਿਤ ਨੇਮ ਦੇ ਸਮੇਂ ਰੋਜ਼ ਹੀ ਵੱਧ ਤੋਂ ਵਧ ਗਿਣਤੀ ਵਿਚ ਏਥੇ ਹਾਜ਼ਰ ਹੋਵੇ। ਮੈਂ ਹੋਵਾਂ ਜਾਂ ਨਾ। ਸਗੋਂ ਮੈਨੂੰ ਤੁਹਾਡੇ ਏਥੇ ਵਧ ਤੋਂ ਵਧ ਜੁੜੇ ਹੋਣ ਕਰਕੇ ਆਪਣੇ ਆਪ ਹੀ ਆਉਣਾ ਭਲਾ ਲਗੇ। ਤੁਸੀਂ ਮੈਨੂੰ ਬੁਲਾਣ ਦੀ ਖੇਚਲ ਤੋਂ ਬਚ ਜਾਓਗੇ।...

"ਇਕੱਠ ਵਿਚ ਹੀ ਸਾਰੀਆਂ ਬਰਕਤਾਂ ਹਨ। ਜੇ ਚੋਰ ਇਕੱਠੇ ਹੋਣਗੇ ਤਾਂ ਉਨ੍ਹਾਂ ਦੀ ਤਾਕਤ ਵਧ ਜਾਵੇਗੀ ਅਤੇ ਜੇ ਸਾਧ ਇਕੱਠ ਦੀ ਬਰਕਤ ਨੂੰ ਸਮਝ ਲੈਣ ਤਾਂ ਚੋਰਾਂ, ਬਦਮਾਸ਼ਾਂ ਡਾਕੂਆਂ ਆਦਿ ਦੀ ਤਾਕਤ ਘਟ ਜਾਵੇਗੀ ਏਹਾਂ ਖਾਟਿ ਚਲਹੁ ਹਰਿਲਾਹਾ ਆਗੈ ਬਸਨ ਸੁਹੇਲਾ" ਕਹਿ ਕੇ ਆਪ ਜੀ ਨੇ ਪਰਵਚਨ ਸਮਾਪਤ ਕੀਤਾ।

੭ ਵਜੇ ਸ਼ਾਮੀਂ ਮਿਸਰਾ ਬੰਧੂਆਂ ਸ੍ਰੀ ਰਾਜਨ ਸਾਜਨ ਦਾ ਸੰਗੀਤ ਸੁਣਨਾ ਸੀ, ਸੋ ਕੋਠੀ ਆਉਣ ਸਮੇਂ ਆਪ ਜੀ ਦੇ ਨਾਲ ਪੂਰਬਾ, ਕਵੀ, ਗੁਰਦੇਵ ਸਿੰਘ, ਹਰਭਜਨ ਸਿੰਘ ਵੀ ਉਸ ਕਾਰ ਵਿਚ ਸਵਾਰ ਹੋ ਗਏ।

**ਫੋਕਸਵੇਗਨ ਵਿਚ**

ਆਉਂਦਿਆਂ ਨੂੰ ਸੰਤ ਲਛਮਣ ਸਿੰਘ ਫਗਵਾੜਾ ੫੭੦੦/- ਦੀ ਇਕ ਫੋਕਸ ਵੈਗਨ ਗੱਡੀ ਲੈ ਕੇ ਸੜਕ ਤੇ ਖੜਾ ਸੀ। ਇਸ ਵਿਚ ਇੰਜਨ ਨਹੀਂ ਸੀ। ਉਸਦੀ ਏਨਤੀ ਤੇ ਗੱਡੀ ਨੂੰ ਚੰਗੀ ਤਰ੍ਹਾਂ ਅੰਦਰੋਂ ਬਾਹਰੋਂ ਵੇਖਕੇ ਇੰਜਣ ਲਗਣ ਬਾਰੇ ਦੋ ਤਿੰਨ ਮਿੰਟ ਸਲਾਹ ਮਸ਼ਵਰਾ ਦਿਤਾ।

ਇਕ ਬੀਬੀ ਨੇ ਆਪਣੀ ਲੜਕੀ ਨਾਲ ਆ ਕੇ ਮੱਥਾ ਟੇਕਿਆ ਤਾਂ ਸਤਿਗੁਰੂ ਜੀ ਨੇ ਉਸ ਕਹਿਆ: ਭਾਈ ਤੇਰੀ ਬੋਲ ਤਾਂ ਹੁਣ ਤੱਕ ਆਖੇ ਵੀ ਨਹੀਂ ਲਗਦੀ। ਕੀ ਹੋ ਗਿਆ? ਬੀਬੀ ਨੇ ਹੱਥ ਜੋੜ ਕੇ ਆਖਿਆ: ਸੱਚੇ ਪਾਤਸ਼ਾਹ ਆਪ ਦੀ ਕਿਰਪਾ ਹੋਈ ਤਾਂ ਜ਼ਰੂਰ ਕਹਿਆ ਮੰਨੇਗੀ।

ਰਾਜਨ-ਸਾਜਨ ਦੇ ਆਉਣ ਤੋਂ ਪਹਿਲੋਂ ਉਪਰ ਨੂੰ ਪੌੜੀਆਂ ਚੜ੍ਹਦੇ ਅਚਾਨਕ ਰੁਕ ਗਏ: ਮਹਿੰਦਰ ਕੌਰ (ਜੇਠਣੀ) ਦੀ ਖਬਰ ਲੈ ਆਈਏ।

**ਬੀਬੀ ਮਹਿੰਦਰ ਕੌਰ**

ਉਹ ਬਿਸਤਰੇ ਤੇ ਨਿਢਾਲ ਪਈ ਸੀ। ਹਿੰਮਤ ਧਰੀਕ ਕੇ ਉਠ ਕੇ ਖਲੋ ਗਈ। ਹੱਥ ਜੋੜ ਕੇ ਅਧੀਨਗੀ ਨਾਲ ਅਰਜ਼ ਕੀਤੀ: ਆਪ ਜੀ ਗਰੀਬ ਨਿਵਾਜ ਹੋ ਜੀ। ਮੇਰੀ ਗਰੀਬਣੀ ਦੀ ਅਰਜ਼ ਵੀ ਪਰਵਾਨ ਕੀਤੀ ਜਾਵੇ ਜੀ। ਸਾਹ ਧੜਕਦਾ ਹੈ, ਰਕੇ ਰਕੇ ਰੁਕਦਾ ਹੈ, ਪੇਟ ਦੀ ਰੌਂਸ ਪਰੇਸ਼ਾਨ ਕਰ ਰਹੀ ਹੈ। ਡਾਕਟਰ ਟੀਕਾ ਵੀ ਲਾ ਗਿਆ ਹੈ ਜੀ, ਪਰ ਜਦ ਤਕ ਆਪ ਜੀ ਦੀ ਕਿਰਪਾ ਨਹੀਂ ਹੋਵੇਗੀ, ਮੈਂ ਠੀਕ ਨਹੀਂ ਹੋ ਸਕਾਂਗੀ। ਔਖਧ ਆਏ ਰਾਸ ਵਿਚ ਆਪ ਖਲੋਇਆ ਬਖਸ਼ਸ਼ ਕਰੋ ਜੀ।

ਸਤਿਗੁਰੂ ਜੀ ਮੰਗਲ ਦੀ ਕਾਮਨਾ ਕੀਤੀ। ਆਸ਼ੀਰਵਾਦ ਬਖਸ਼ਿਆ।

**ਮਿਸਰਾ ਬੰਧੂਆਂ ਦਾ ਗਾਇਨ**

ਸੰਗੀਤ ਸਭਾ ਦਾ ਪ੍ਰਬੰਧ ਹੇਠਲੇ ਹਾਲ ਵਿਚ ਕੀਤਾ ਗਿਆ ਸਤਿਗੁਰੂ ਜੀ ਦਾ ਨਿਜ ਆਸਣ ਤੇ ਬੈਠਦਿਆਂ ਹੀ ਕਮਰਾ ਨਰ ਨਾਰਾਂ ਨਾਲ ਭਰ ਗਿਆ। ਸੰਗੀਤਕਾਰ ਬੱਚੇ, ਸੰਗੀਤ ਸਮਝ ਰਖਦੇ ਸਰੋਤੇ ਅਤੇ ਕੇਵਲ ਦਰਸ਼ਨ ਪ੍ਰੇਮੀ ਵੀ ਆ ਬੈਠੇ।

ਮਿਸਰਾ ਬੰਧੂਆਂ ਸ਼ੁਧ ਕਲਿਆਣ ਵਿਚ ਇਕ ਦੋ ਚੀਜ਼ਾਂ ਸੁਣਾਈਆਂ।

ਸਤਿਗੁਰੂ ਜੀ ਬਚਨ ਕੀਤਾ: ਅਜੇ ਏਨ ਅਤੇ ਸੋਠ ਦਾ ਸਪਸ਼ਟ ਫਰਕ ਪਾਉਣ ਲਈ ਤੁਸਾਂ ਧਿਆਨ ਨਹੀਂ ਦਿਤਾ। ਰਾਜਨ ਜੀ ਨੇ ਹੱਥ ਜੋੜ ਕੇ ਕਿਹਾ: ਇਹ ਤਾਂ ਹਜ਼ੂਰ ਆਪ ਜੀ ਦੇ ਨਾਲ ਬੈਠ ਕੇ ਹੀ ਕਿਤੇ ਸਮੇਂ ਪਤਾ ਲਗੇਗਾ। ਜਦੋਂ ਆਪ ਆਗਿਆ ਕਰੋਗੇ, ਆ ਜਾਵਾਂਗੇ।

ਅਤੇ ਫਿਰ ਦੇਸ ਵਿਚ ਇਕ ਬੰਦਸ਼ ਸੁਣਾਈ: "ਬੱਦਲ ਬਰਸਾਈ" ਤਬਲੇ ਤੇ ਸੰਗਤ ਪਹਿਲਾਂ ਸਚਿੰਦਰ ਸਿੰਘ ਪੱਪੂ ਅਤੇ ਫਿਰ ਹਰਭਜਨ ਸਿੰਘ ਢਡਾ ਨੇ ਕੀਤੀ।

ਸ਼ਾਮ ਦੇ ਦੀਵਾਨ ਤੋਂ ਉਠ ਕੋਠੀ ਵਲ ਆਉਂਦਿਆਂ ਸਤਿਗੁਰੂ ਜੀ ਨੇ ਸੰਤੋ ਨਾਲ ਬਚਨ ਕੀਤਾ: ਅੱਜ ਮੇਰਾ ਗਲਾ ਫਿਰ ਖਰਾਬ ਹੈ, ਕੋਈ ਜਾਲਾ ਜਿਹਾ ਅੰਦਰ ਜਾਪਦਾ ਹੈ। ਇਸ ਲਈ ਯੂ. ਪੀ. ਫਾਰਮ ਤੋਂ ਆ ਕੇ, ਕੁਝ ਦਿਨ ਫਿਰ ਭੈਣੀ ਸਾਹਿਬ ਰਹਾਂਗਾ। ਅੰਮ੍ਰਿਤਸਰੀਏ ਵੈਦ ਤੋਂ ਜੋ ਦੇਸੀ ਦਵਾਈ ਮਿਲੀ ਹੈ, ਉਹ ਠੀਕ ਪ੍ਰਭਾਵ ਦਿੰਦੀ ਹੈ, ਪਰ ਉਸ ਲਈ ਟਿਕ ਕੇ ਬੈਠਣਾ ਜ਼ਰੂਰੀ ਹੈ। ਸਵੇਰੇ ਦੋ ਵਜੇ ਉਠਣਾ ਤਾਂ ਕਿਸੇ ਕੀਮਤ ਤੇ ਨਹੀਂ ਛਡਿਆ ਜਾ ਸਕਦਾ ਅਤੇ ਨਾ ਆਸਾ ਦੀ ਵਾਰ ਵਿਚ ਜਾਣਾ ਹੀ। ਪਰ ਭੈਣੀ ਸਾਹਿਬ ਰਹਿੰਦਿਆਂ ਆਸਾ ਦੀ ਵਾਰ ਤੋਂ ਬਾਅਦ ਆ ਕੇ ਵੀ ਢੋਕਾ ਲਾ ਲਈਦਾ ਹੈ ਤੇ ਲੰਗਰ ਪਾਣੀ ਛਕ ਕੇ ਵੀ ਲੇਟ ਲਈਦਾ ਹੈ, ਨੀਂਦ ਆਵੇ ਜਾਂ ਨਾ। ਇਸ ਨਾਲ ਆਰਾਮ ਮਿਲਦਾ ਹੈ! ਹੋਰ ਕਿਸੇ ਵਿਹਾਰ ਵਿਚ ਦਿਲਚਸਪੀ ਨਹੀਂ ਲਈਦੀ। (ਚਲਦਾ)

**ਵਰਿਆਮ**



Sri Satguru Jagjit Singh Ji eLibrary NamdhariElibrary@gmail.com

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਭਰਪੂਰ ਤੰਦਰੁਸਤੀ ਅਤੇ ਸੁਆਦ ਲਈ ਵਰਤੋ:
ਸਵੈਚਾਲਤ ਜਰਮਨ ਮਸ਼ੀਨਾਂ ਦੁਆਰਾ ਤਿਆਰ ਕੀਤੇ ਗਏ
ਹੈਦਰਾਬਾਦ ਦੇ ਮਸ਼ਹੂਰ ਭੁਰਭੁਰੇ ਅਤੇ ਸੁਆਦਲੇ

# ਅਸ਼ੋਕਾ ਬਿਸਕੁਟ




ਜ਼ਿਆਦਾ ਜਾਣਕਾਰੀ ਲਈ ਸੰਪਰਕ:

PHONES 565693, 212667

**THE ASOKA BISCUIT WORKS**
**HYDERABAD (A.P.)**

ਨਿਰਮਾਤਾ: ਦੀ ਅਸ਼ੋਕਾ ਬਿਸਕੁਟ ਵਰਕਸ ਹੈਦਰਾਬਾਦ (ਏ-ਪੀ)



Sri Satguru Jagjit Singh Ji eLibrary NamdhariElibrary@gmail.com

Registered No. NW/JL—233 MONTHLY WARIAM March 1985
Registered with the registrar of News Papers for India No 26433/75

# Poonam Biscuits Private Ltd.

**Manufacturers**

**of**

**Quality Biscuits**

Office & Factory :

**E-23 M. I. D. C. Area**

**Chikalthana, Aurangabad-431210**

( Maharashtra )

Phone : 8626

Our Associates :

## Harbhajan Sarbjeet & Associates

ENGINEERS & CONTRACTORS

**H.O. : 72 Hazratganj Lucknow-226001**

Phone : 52746

ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼; ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ ਦਫਤਰ ਵਰਿਆਮ ਲਾਡੋਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ ।

Monthly WARIAM, Ladowali Road, Jalandhar-144001.

Sri Satguru Jagjit Singh Ji eLibrary NamdhariElibrary@gmail.com